@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
Punjabi National Daily
Qaumi Patrika NO.1
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Sunday, 13 September 2026
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਐਤਵਾਰ 13 ਸਤੰਬਰ 2026, 29 ਭਾਦੋ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 310, qpatrika@gmail.com ਫੋਨ : 9971359517 www.qaumipatrika.org

## ‘ਕਿਸੇ ਦੇ ਖ਼ਿਲਾ.ਫ ਨਹੀਂ, ਸਭ ਨੂੰ ਨਾਲ ਲੈ ਕੇ ਤੁਰਨ ਦਾ ਮੰਚ ਹੈ ਬ੍ਰਿਕਸ ; ਪ੍ਰਧਾਨ ਮੰਤਰੀ ਮੋਦੀ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨਵੀਂ ਦਿੱਲੀ 12 ਸਤੰਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ 2 ਦਿਨਾ ਬ੍ਰਿਕਸ ਸਿਖਰ ਸੰਮੇਲਨ ਦੀ ਸ਼ੁਰੂਆਤ ਕਰਦੇ ਹੋਏ ਕਿਹਾ ਕਿ ਗਲੋਬਲ ਸਾਊਥ ਨੂੰ ’ਨਿਯਮ ਬਣਾਉਣ ਵਾਲਾ’ ਬਣਨਾ ਚਾਹੀਦਾ ਅਤੇ ਗਲੋਬਲ ਸ਼ਾਸਨ ਦੇ ਮੌਜੂਦਾ ’ਵਿਸ਼ੇਸ਼ ਅਧਿਕਾਰਾਂ ਦੇ ਪਿਰਾਮਿਡ’ ਢਾਂਚੇ ਦੀ ਜਗ?ਹਾ ’ਸਾਂਝੇਦਾਰੀ ਦਾ ਮੰਚ’ ਲੈਣਾ ਚਾਹੀਦਾ। ਇਹ ਸੰਮੇਲਨ ਅਜਿਹੇ ਸਮੇਂ ਹੋ ਰਿਹਾ ਹੈ, ਜਦੋਂ ਕਿ ਵਪਾਰਕ ਤਣਾਅ ਅਤੇ ਭੂ-ਰਾਜਨੀਤਕ ਅਸਥਿਰਤਾ ਕਾਰਨ ਆਰਥਿਕ ਚੁਣੌਤੀਆਂ ਵਧ ਰਹੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 18ਵੇਂ ਬ੍ਰਿਕਸ ਸਮਿਟ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਬ੍ਰਿਕਸ ਕਿਸੇ ਦੇ ਖ਼?ਲਾਫ਼ ਨਹੀਂ ਹੈ ਸਗੋਂ ਸਾਰਿਆਂ ਨੂੰ ਨਾਲ ਲੈ ਕੇ ਤੁਰਨ ਦਾ ਮੰਚ ਹੈ। ਪ੍ਰਧਾਨ ਮੰਤਰੀ ਨੇ ਬ੍ਰਿਕਸ ਢਾਂਚੇ ਦੇ ਅਧੀਨ ਗਲੋਬਲ ਸ਼ਾਸਨ ’ਚ ਸੁਧਾਰ ਲਈ 10 ਸੂਤਰੀ ਰੋਡਮੈਪ ਵੀ ਪੇਸ਼ ਕੀਤਾ। ਨਾਲ ਹੀ, ਉਨ੍ਹਾਂ ਨੇ ਮੌਜੂਦਾ ਗਲੋਬਲ ਅਤੇ ਖੇਤਰੀ ਸੰਕਟਾਂ




ਕਾਰਨ ਵਧਦੇ ਜ਼ੋਖਮਾਂ ਦਾ ਸਾਹਮਣਾ ਕਰ ਰਹੇ ਮਲਾਹਾਂ ਦੀ ਸੁਰੱਖਿਆ ਲਈ ’ਮਲਾਹਾਂ ਲਈ ਐਮਰਜੈਂਸੀ ਨੈੱਟਵਰਕ’ ਬਣਾਉਣ ਦੀ ਵਕਾਲਤ ਕੀਤੀ। ਪੀਐੱਮ ਮੋਦੀ ਨੇ ਇਹ ਗੱਲਾਂ ਰੂਸੀ ਰਾਸ਼ਟਰਪਤੀ ਵਲਾਦਿਮੀਰ ਪੁਤਿਨ, ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ, ਈਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕਿਆਨ, ਦੱਖਣ ਅਫਰੀਕੀ ਰਾਸ਼ਟਰਪਤੀ ਸਿਰਿਲ ਰਾਮਫੋਸਾ, ਮਲੇਸ਼ੀਆਈ ਪ੍ਰਧਾਨ ਮੰਤਰੀ ਅਨਵਰ ਇਬਰਾਹਿਮ, ਇੰਡੋਨੇਸ਼ੀਆ ਰਾਸ਼ਟਰਪਤੀ ਪ੍ਰਾਬੋਵੋ ਸੁਬਿਆਂਤੋ, ਅਬੂ ਧਾਬੀ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਜਾਇਦ ਅਲ ਨਾਹਯਾਨ ਅਤੇ ਮਿਸਰ ਦੇ ਰਾਸ਼ਟਰਪਤੀ ਅਬਦੇਲ ਫਤਿਹ ਅਲ-ਸੀਸੀ ਸਮੇਤ ਕਈ ਵਿਸ਼ਵ ਨੇਤਾਵਾਂ ਦੀ ਮੌਜੂਦਗੀ ’ਚ ਕਹੀਆਂ। ਆਪਣੇ ਸੰਬੋਧਨ ’ਚ ਪੀਐੱਮ ਮੋਦੀ ਨੇ ਇਕ ਮੁੱਖ ਗਲੋਬਲ ਸੰਗਠਨ ਵਜੋਂ ਉਭਰਨ ਲਈ ਬ੍ਰਿਕਸ ਦੀ ਸ਼ਲਾਘਾ ਕੀਤੀ ਅਤੇ ਸਮੂਹ ਲਈ ਅਗਲੇ 20 ਸਾਲਾਂ ਲਈ ਇਕ ’ਨਵਾਂ ਅਤੇ ਮਹੱਤਵਪੂਰਨ ਏਜੰਡੇ’ ਦੀ ਅਪੀਲ ਕੀਤੀ, ਤਾਂ ਕਿ ਉਹ ਗੰਭੀਰ ਗਲੋਬਲ ਚੁਣੌਤੀਆਂ ਨਾਲ ਪ੍ਰਭਾਵੀ ਢੰਗ ਨਾਲ ਨਿਪਟ ਸਕੇ। ਬ੍ਰਿਕਸ ਦੇਸ਼ਾਂ ਵਿਚਾਲੇ ਸੰਯੁਕਤ ਬਿਆਨ ਜਾਰੀ ਕਰਨ ’ਤੇ ਵੀ ਸਹਿਮਤੀ ਬਣ ਗਈ ਹੈ। ਇਹ ਸਹਿਮਤੀ ਅਜਿਹੇ ਸਮੇਂ ਬਣੀ ਹੈ, ਜਦੋਂ ਪੱਛਮੀ ਏਸ਼ੀਆ ’ਚ ਤਣਾਅ ਜਾਰੀ ਹੈ ਅਤੇ ਈਰਾਨ, ਸਾਊਦੀ ਅਰਬ ਤੇ ਯੂਏਈ ਵਰਗੇ ਮੈਂਬਰ ਦੇਸ਼ਾਂ ਦੇ ਕਈ ਮੁੱਦਿਆਂ ’ਤੇ ਵੱਖ-ਵੱਖ ਰੁਖ ਹੈ। ਭਾਰਤ ਨੇ ਲਗਾਤਾਰ ਗੱਲਬਾਤ ਰਾਹੀਂ ਇਨ੍ਹਾਂ ਮਤਭੇਦਾਂ ਨੂੰ ਦੂਰ ਕਰਨ ਅਤੇ ਮੈਂਬਰ ਮੈਂਬਰਾਂ ਵਿਚਾਲੇ ਆਮ ਸਹਿਮਤੀ ਬਣਾਉਣ ’ਚ ਅਹਿਮ ਭੂਮਿਕਾ ਨਿਭਾਈ। ਪੀਐੱਮ ਮੋਦੀ ਨੇ ਕਿਹਾ,”ਅਸੀਂ ਇਕ-ਦੂਜੇ ਦੇ ਨਜ਼ਰੀਏ ਦਾ ਸਨਮਾਨ ਕਰਦੇ ਹਾਂ ਅਤੇ ਆਮ ਸਹਿਮਤੀ ਨਾਲ ਅੱਗੇ ਵਧਦੇ ਹਾਂ। ਅਸੀਂ ਕਿਸੇ ਦਾ ਵਿਰੋਧ ਕਰ ਕੇ ਨਹੀਂ ਸਗੋਂ ਸਾਰਿਆਂ ਨੂੰ ਨਾਲ ਲੈ ਕੇ ਅੱਗੇ ਵਧਣ ਦੀ ਕੋਸ਼ਿਸ਼ ਕਰਦੇ ਹਨ।” ਉਨ੍ਹਾਂ ਕਿਹਾ,”ਹੁਣ ਸਮਾਂ ਆ ਗਿਆ ਹੈ ਕਿ ਅਸੀਂ ਬ੍ਰਿਕਸ ਦੇ ਅੰਦਰ ਆਪਣੀ ਏਕਤਾ ਅਤੇ ਆਮ ਸਹਿਮਤੀ ਨੂੰ ਗਲੋਬਲ ਮੰਚ ’ਤੇ ਠੋਸ ਨਤੀਜਿਆਂ ’ਚ ਬਦਲੀਏ।” ਉਨ੍ਹਾਂ ਕਿਹਾ,”ਹਾਲਾਂਕਿ ਬ੍ਰਿਕਸ ਦੀ ਪ੍ਰਧਾਨਗੀ ਹਰ ਸਾਲ ਬਦਲਦੀ ਰਹਿੰਦੀ ਹੈ ਪਰ ਇਸ ਨਾਲ ਸਾਡੇ ਸੰਸਥਾਗਤ ਕੰਮਕਾਜ ਦੀ ਗਤੀ ’ਚ ਕੋਈ ਰੁਕਾਵਟ ਨਹੀਂ ਆਉਣੀ ਚਾਹੀਦੀ।” ਪੀਐੱਮ ਮੋਦੀ ਨੇ ਬ੍ਰਿਕਸ ’ਚ ਨਿਰੰਤਰਤਾ ਅਤੇ ਕੰਮਕਾਜ ਨੂੰ ਲਾਗੂ ਕਰਨ ਲਈ ਇਕ ਵਿਵਸਥਾ ਬਣਾਉਣ ਦਾ ਵੀ ਸੁਝਾਅ ਦਿੱਤਾ।

## ਅਰਵਿੰਦ ਕੇਜਰੀਵਾਲ ਮੁੜ ਬਣੇ ‘ਆਪ’ ਦੇ ਰਾਸ਼ਟਰੀ ਕਨਵੀਨਰ, 23 ਮੈਂਬਰੀ ਨਵੀਂ ਨੈਸ਼ਨਲ ਐਗਜ਼ਿਕਿਊਟਿਵ ਗਠਿਤ; 330 ਮੈਂਬਰਾਂ ਨੇ ਲਿਆ ਹਿੱਸਾ

ਕੌਮੀ ਪਤ੍ਰਿਕਾ

ਨਵੀਂ ਦਿੱਲੀ 12 ਸਤੰਬਰ। ਆਮ ਆਦਮੀ ਪਾਰਟੀ (ਆਪ) ਦੀ ਨਵੀਂ ਰਾਸ਼ਟਰੀ ਕੌਂਸਲ ਦੀ ਬੈਠਕ ਹੋਈ, ਜਿਸ ਵਿੱਚ ਦੇਸ਼ ਭਰ ਤੋਂ 330 ਮੈਂਬਰਾਂ ਨੇ ਹਿੱਸਾ ਲਿਆ। ਬੈਠਕ ਦੌਰਾਨ ਪਾਰਟੀ ਦੇ ਸੰਗਠਨਾਤਮਕ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਭਵਿੱਖ ਦੀਆਂ ਰਣਨੀਤੀਆਂ ’ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਬੈਠਕ ਦੌਰਾਨ ਅਰਵਿੰਦ ਕੇਜਰੀਵਾਲ ਨੂੰ ਸਰਬਸੰਮਤੀ ਨਾਲ ਇੱਕ ਵਾਰ ਫਿਰ ਆਮ ਆਦਮੀ ਪਾਰਟੀ ਦਾ ਰਾਸ਼ਟਰੀ ਕਨਵੀਨਰ ਚੁਣ ਲਿਆ ਗਿਆ। ਇਸ ਦੇ ਨਾਲ ਹੀ ਪਾਰਟੀ ਨੇ ਪ੍ਰਸ਼ਾਸਨਿਕ ਜ਼ਿੰਮੇਵਾਰੀਆਂ ਨੂੰ ਬਰਕਰਾਰ ਰੱਖਦਿਆਂ ਪੰਕਜ ਗੁਪਤਾ ਨੂੰ ਰਾਸ਼ਟਰੀ ਸਕੱਤਰ ਅਤੇ ਐੱਨ.ਡੀ. ਗੁਪਤਾ ਨੂੰ ਖ਼ਜ਼ਾਨਚੀ (ਟ?ਰੇਜ਼ਰਾਰ) ਦੇ ਅਹੁਦੇ ’ਤੇ ਮੁੜ ਨਿਯੁਕਤ ਕੀਤਾ। ਪਾਰਟੀ ਦੇ ਕੰਮਕਾਜ ਅਤੇ ਫ਼ੈਸਲਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ 23 ਮੈਂਬਰਾਂ ਵਾਲੀ ਨਵੀਂ ਨੈਸ਼ਨਲ ਐਗਜ਼ਿਕਿਊਟਿਵ (ਰਾਸ਼ਟਰੀ ਕਾਰਜਕਾਰਣੀ) ਦਾ ਵੀ ਗਠਨ ਕੀਤਾ ਗਿਆ ਹੈ। ਇਸ ਤੋਂ ਬਾਅਦ




ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਅਰਵਿੰਦ ਕੇਜਰੀਵਾਲ ਨੂੰ ਵਧਾਈ ਦੇਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਜਾਣਕਾਰੀ ਅਨੁਸਾਰ ਅੱਧੀ ਰਾਤ ਨੂੰ ਘਟਨਾ ਦੀ ਸੂਚਨਾ ਮਿਲਣ ’ਤੇ ਗੋਪੀਕਾਂਦਰ ਥਾਣੇ ਦੀ ਪੁਲਿਸ ਨੇ ਮੌਕੇ ’ਤੇ ਪਹੁੰਚ ਕੇ ਪੀੜਤਾ ਨੂੰ ਸੀ.ਐੱਚ.ਸੀ. (383) ਗੋਪੀਕਾਂਦਰ ’ਚ ਭਰਤੀ ਕਰਵਾਉਣ ਦੀ ਪਹਿਲ ਕੀਤੀ। ਬਾਅਦ ’ਚ ਪੀੜਤਾ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਡਾਕਟਰ ਨੇ ਉਸਨੂੰ ਦੁਮਕਾ ਰੈਫ਼ਰ ਕਰ ਦਿੱਤਾ ਹੈ। ਪੁਲਿਸ ਮਾਮਲੇ ਦੀ ਜਾਂਚ ’ਚ ਜੁਟੀ ਹੋਈ ਹੈ।

## ਉੱਤਰਾਖੰਡ ’ਚ ਆਵੇਗਾ ਨਵਾਂ ਨਿਕਾਹਨਾਮਾ ! ਹੁਣ ਸਿਰ.ਫ ਰਜਿਸਟਰਡ ਕਾਜ਼ੀ ਹੀ ਪੜ੍ਹਾ ਸਕਣਗੇ ਨਿਕਾਹ

ਨੈਸ਼ਨਲ ਡੈਸਕ 12 ਸਤੰਬਰ। ਯੂਨੀਵਰਸਲ ਸਿਵਲ ਕੋਡ (ਯੂ.ਸੀ.ਸੀ.) ਲਾਗੂ ਹੋਣ ਤੋਂ ਬਾਅਦ ਹੁਣ ਉਸ ਦੇ ਉਪਬੰਧਾਂ ਦੇ ਅਨੁਕੂਲ ਉੱਤਰਾਖੰਡ ਵਕਫ਼ ਬੋਰਡ ਨੇ ਪ੍ਰਦੇਸ਼ ’ਚ ਇਕ ਨਵੇਂ ਨਿਕਾਹਨਾਮੇ ਦਾ ਖਰੜਾ ਤਿਆਰ ਕੀਤਾ ਹੈ ਜਿਸ ਹੇਠ ਸਿਰਫ ਰਜਿਸਟਰਡ ਕਾਜ਼ੀ ਜਾਂ ਮੌਲਾਨਾ ਹੀ ਨਿਕਾਹ ਪੜ੍ਹਵਾ ਸਕਣਗੇ ਅਤੇ ਇਸ ਨਾਲ ਸਿਰਫ਼ ਵਿਆਹ ਲਈ ਧਰਮ ਪਰਿਵਰਤਨ ਦੇ ਮਾਮਲਿਆਂ ’ਤੇ ਵੀ ਰੋਕ ਲੱਗ ਸਕੇਗੀ। ਰਾਜ ਵਕਫ਼ ਬੋਰਡ ਦੇ ਪ੍ਰਧਾਨ ਸ਼ਾਦਾਬ ਸ਼ਮਸ ਨੇ ਦੱਸਿਆ ਕਿ ਨਵੇਂ ਨਿਕਾਹਨਾਮੇ ਦਾ ਖਰੜਾ ਲੱਗਭਗ ਤਿਆਰ ਹੋ ਚੁੱਕਾ ਹੈ ਜਿਸ ’ਤੇ ਚਰਚਾ ਲਈ 11 ਸਤੰਬਰ ਨੂੰ ਇਕ ਬੈਠਕ ਬੁਲਾਈ ਗਈ ਹੈ। ਇਸ ਬੈਠਕ ’ਚ ਵਕਫ਼ ਬੋਰਡ ਦੇ ਮੈਂਬਰਾਂ ਤੋਂ ਇਲਾਵਾ ਪ੍ਰਦੇਸ਼ ਦੇ ਘੱਟਗਿਣਤੀ ਭਲਾਈ ਮੰਤਰੀ ਖਜ਼ਾਨ ਦਾਸ, ਘੱਟਗਿਣਤੀ ਭਲਾਈ ਵਿਭਾਗ ਦੇ ਵਿਸ਼ੇਸ਼ ਸਕੱਤਰ ਪਰਾਗ ਮਧੂਕਰ ਧਕਾਤੇ ਅਤੇ ਯੂ. ਸੀ. ਸੀ. ਖਰੜਾ ਕਮੇਟੀ ਦੇ ਤਿੰਨ ਮੈਂਬਰ ਸ਼ਾਮਲ ਹੋਣਗੇ। ਉਨ੍ਹਾਂ ਦੱਸਿਆ ਕਿ ਇਸ ਖਰੜੇ ’ਤੇ ਉਲੇਮਾਵਾਂ (ਮੁਸਲਿਮ ਧਰਮ ਗੁਰੂਆਂ) ਦੀ ਸਹਿਮਤੀ ਵੀ ਲਈ ਜਾਵੇਗੀ। ਉਨ੍ਹਾਂ ਦੱਸਿਆ ਕਿ ਸਾਰੇ ਪੱਧਰਾਂ ’ਤੇ ਵਿਚਾਰ-ਵਟਾਂਦਰਾ ਕਰਨ ਅਤੇ ਕਾਨੂੰਨੀ ਤੌਰ ’ਤੇ ਜਾਂਚ-ਪਰਖ ਕਰਨ ਤੋਂ ਬਾਅਦ ਇਸ ਨੂੰ ਜਾਰੀ ਕੀਤਾ ਜਾਵੇਗਾ

## ਗਲੋਬਲ ਉਥਲ-ਪੁਥਲ ਦੇ ਬਾਵਜੂਦ ਭਾਰਤ ਨੇ ਆਰਥਿਕ ਵਾਧੇ ਦੀ ਰਫਤਾਰ ਬਰਕਰਾਰ ਰੱਖੀ: ਅਮਿਤ ਸ਼ਾਹ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਪਣਜੀ 12 ਸਤੰਬਰ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਭਾਰਤ ਨੇ ਗਲੋਬਲ ਭੂ-ਰਾਜਨੀਤਿਕ ਉਥਲ-ਪੁਥਲ ਦੇ ਬਾਵਜੂਦ ਦੂਜੇ ਦੇਸ਼ਾਂ ਨਾਲ ਸਬੰਧ ਵਧਾ ਕੇ ਅਤੇ ਰਣਨੀਤਕ ਭਾਈਵਾਲੀ ਸਥਾਪਤ ਕਰਕੇ ਆਪਣੀ ਆਰਥਿਕ ਵਿਕਾਸ ਦੀ ਗਤੀ ਨੂੰ ਬਰਕਰਾਰ ਰੱਖਿਆ ਹੈ। ਗੋਆ ਪੁਲਸ ਨੂੰ ਰਾਸ਼ਟਰਪਤੀ ਝੰਡਾ ਭੇਟ ਕਰਨ ਲਈ ਇੱਕ ਸਮਾਰੋਹ ਵਿੱਚ ਬੋਲਦਿਆਂ, ਸ਼ਾਹ ਨੇ ਕਿਹਾ ਕਿ ਵਿੱਤੀ ਸਾਲ 2026-27 ਦੀ ਅਪ੍ਰੈਲ-ਜੂਨ ਤਿਮਾਹੀ ਵਿੱਚ ਭਾਰਤ ਦੀ 7.8 ਪ੍ਰਤੀਸ਼ਤ ਦੀ



ਜੀਡੀਪੀ ਵਿਕਾਸ ਦਰ ਵਿੱਚ ਦੂਜੇ ਦੇਸ਼ਾਂ ਨਾਲ ਵਧੀ ਹੋਈ ਆਰਥਿਕ ਸ਼ਮੂਲੀਅਤ ਨੇ ਵੀ ਮਹੱਤਵਪੂਰਨ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਾਲਾਂ ਵਿੱਚ, ਰੂਸ-ਯੂਕ੍ਰੇਨ ਯੁੱਧ ਅਤੇ ਹੁਣ ਅਮਰੀਕਾ, ਈਰਾਨ ਅਤੇ ਖਾੜੀ ਦੇਸ਼ਾਂ ਵਿਚਕਾਰ ਟਕਰਾਅ ਨੇ ਵਿਸ਼ਵ ਕੂਟਨੀਤਕ ਦ੍ਰਿਸ਼ਟੀਕੋਣ ਵਿੱਚ ਅਸਥਿਰਤਾ ਪੈਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 22 ਦੇਸ਼ਾਂ ਦਾ ਦੌਰਾ ਕੀਤਾ, ਜਦੋਂ ਕਿ ਲਗਭਗ 15 ਦੇਸ਼ਾਂ ਦੇ ਰਾਜਾਂ ਦੇ ਮੁਖੀਆਂ ਨੇ ਭਾਰਤ ਦਾ ਦੌਰਾ ਕੀਤਾ। ਸ਼ਾਹ ਨੇ ਕਿਹਾ, ਜਦੋਂ ਵੀ ਕੋਈ ਮੁੱਦਾ ਉੱਠਦਾ ਹੈ, ਤਾਂ ਪੂਰੀ ਦੁਨੀਆ ਇਸ ’ਤੇ ਭਾਰਤੀ ਪ੍ਰਧਾਨ ਮੰਤਰੀ ਦੀ ਰਾਏ ਅਤੇ ਦ੍ਰਿਸ਼ਟੀਕੋਣ ’ਤੇ ਨਜ਼ਰ ਰੱਖਦੀ ਹੈ। ਲੰਬੇ ਸਮੇਂ ਬਾਅਦ, ਸਾਡੇ ਨੇਤਾ ਨਰਿੰਦਰ ਮੋਦੀ ਨੇ ਭਾਰਤ ਨੂੰ ਦੁਨੀਆ ਵਿੱਚ ਇਹ ਸਨਮਾਨ ਦਿਵਾਇਆ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੇ ਲਗਾਤਾਰ ਯਤਨਾਂ ਅਤੇ ਵਿਸ਼ਵਵਿਆਪੀ ਪਹੁੰਚ ਕਾਰਨ, ਭਾਰਤ ਦੀ ਕੂਟਨੀਤੀ ਨੇ ਦੁਨੀਆ ਵਿੱਚ ਆਪਣੀ ਸਥਿਤੀ ਮਜ਼ਬੂਤ ??ਕੀਤੀ ਹੈ। ਉਨ੍ਹਾਂ ਕਿਹਾ ਕਿ 2026 ਤੱਕ, ਭਾਰਤ ਨੇ 9 ਮੁਕਤ ਵਪਾਰ ਸਮਝੌਤਿਆਂ (6“1) ’ਤੇ ਦਸਤਖਤ ਕੀਤੇ ਹਨ ਅਤੇ 38 ਦੇਸ਼ਾਂ ਨਾਲ ਅਜਿਹੇ ਸਮਝੌਤੇ ਪ੍ਰਸਤਾਵਿਤ ਹਨ। ਉਨ੍ਹਾਂ ਕਿਹਾ ਕਿ ਭਾਰਤ ਵਪਾਰ ਵਧਾਉਣ ਲਈ ਸੰਯੁਕਤ ਅਰਬ ਅਮੀਰਾਤ (”15), ਆਸਟ?ਰੇਲੀਆ, ਬ੍ਰਿਟੇਨ, ਓਮਾਨ, ਨਿਊਜ਼ੀਲੈਂਡ ਅਤੇ ਯੂਰਪੀਅਨ ਯੂਨੀਅਨ ਨਾਲ 6“1 ’ਤੇ ਅੱਗੇ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਮੋਦੀ ਨੇ 2047 ਤੱਕ ਭਾਰਤ ਨੂੰ ਇੱਕ ਵਿਕਸਤ ਰਾਸ਼ਟਰ ਬਣਾਉਣ ਦਾ ਟੀਚਾ ਰੱਖਿਆ ਹੈ, ਜੋ ਹੁਣ 1.4 ਅਰਬ ਭਾਰਤੀਆਂ ਦਾ ਸੰਕਲਪ ਬਣ ਗਿਆ ਹੈ। ਸ਼ਾਹ ਨੇ ਕਿਹਾ ਕਿ ਭਾਰਤ ਨੇ ਡਿਜੀਟਲ ਜਨਤਕ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਆਪਣੀਆਂ ਪ੍ਰਾਪਤੀਆਂ ਦੁਨੀਆ ਨਾਲ ਸਾਂਝੀਆਂ ਕੀਤੀਆਂ ਹਨ ਅਤੇ ਆਫ਼ਤ ਰਾਹਤ ਅਤੇ ਸਮਰੱਥਾ ਨਿਰਮਾਣ ਵਿੱਚ ਕਈ ਦੇਸ਼ਾਂ ਦੀ ਸਹਾਇਤਾ ਕੀਤੀ ਹੈ। ਉਨ੍ਹਾਂ ਨੇ ਡਿਜੀਟਲ ਅਰਥਵਿਵਸਥਾ ਦੇ ਵਿਸਥਾਰ ਦੇ ਨਾਲ ਸਾਈਬਰ ਧੋਖਾਧੜੀ ਦੇ ਵਧ ਰਹੇ ਖ਼ਤਰੇ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਇਸ ਖ਼ਤਰੇ ਨਾਲ ਨਜਿੱਠਣ ਲਈ ਰਾਜਾਂ ਨਾਲ ਸਿੱਧਾ ਸੰਚਾਰ ਸ਼ੁਰੂ ਕੀਤਾ ਹੈ ਅਤੇ ਰਾਸ਼ਟਰੀ ਸਾਈਬਰ ਅਪਰਾਧ ਹੈਲਪਲਾਈਨ 1930 ਭਵਿੱਖ ਵਿੱਚ ਇੱਕ ਵੱਡੀ ਸੁਰੱਖਿਆ ਢਾਲ ਬਣ ਜਾਵੇਗੀ।

### ਮਹਾਰਾਸ਼ਟਰ ’ਚ ਵੱਡਾ ਸੜਕ ਹਾਦਸਾ ! ਟਰੱਕ ਦੀ ਟੱਕਰ ਨਾਲ ਗੱਡੀ ਦੇ ਉੱਡੇ ਪਰਖੱਚੇ

ਨੈਸ਼ਨਲ ਡੈਸਕ 12 ਸਤੰਬਰ। ਮਹਾਰਾਸ਼ਟਰ ਦੇ ਗੋਂਡੀਆ ਜ਼ਿਲ੍ਹੇ ਵਿੱਚ ਇੱਕ ਤੇਜ਼ ਰਫ਼ਤਾਰ ਟਰੱਕ ਦੇ ਸਪੋਰਟਸ ਯੂਟਿਲਿਟੀ ਵਾਹਨ ਨਾਲ ਟਕਰਾਉਣ ਕਾਰਨ ਤਿੰਨ ਸਾਲ ਦੇ ਬੱਚੇ ਸਮੇਤ ਛੇ ਲੋਕਾਂ ਦੀ ਮੌਤ ਹੋ ਗਈ ਤੇ ਸੱਤ ਹੋਰ ਜ਼ਖਮੀ ਹੋ ਗਏ। ਪੁਲਸ ਅਧਿਕਾਰੀ ਨੇ ਕਿਹਾ ਕਿ ਪੀੜਤ ਗੁਆਂਢੀ ਮੱਧ ਪ੍ਰਦੇਸ਼ ਦੇ ਪ੍ਰਵਾਸੀ ਮਜ਼ਦੂਰ ਸਨ ਅਤੇ ਕੰਮ ਲਈ ਤੇਲੰਗਾਨਾ ਦੇ ਕਰੀਮਨਗਰ ਜਾ ਰਹੇ ਸਨ। ਗੋਂਡੀਆ ਪੇਂਡੂ ਪੁਲਸ ਇੰਸਪੈਕਟਰ ਵੈਭਵ ਪਵਾਰ ਨੇ ਕਿਹਾ ਕਿ ਇਹ ਹਾਦਸਾ ਸੋਮਵਾਰ ਰਾਤ ਨੂੰ ਜ਼ਿਲ੍ਹਾ ਹੈੱਡਕੁਆਰਟਰ ਤੋਂ ਲਗਭਗ ਚਾਰ ਕਿਲੋਮੀਟਰ ਦੂਰ ਨਾਗਰਾ ਪਿੰਡ ਦੇ ਨੇੜੇ ਵਾਪਰਿਆ। ਉਨ੍ਹਾਂ ਕਿਹਾ ਕਿ ਟਰੱਕ ਡਰਾਈਵਰ, ਮੋਹਸਿਨ ਖਾਨ, ਜੋ ਕਿ ਗੋਂਡੀਆ ਦਾ ਰਹਿਣ ਵਾਲਾ ਹੈ, ਇੱਕ ਆ ਰਹੀ SUV ਨਾਲ ਟਕਰਾ ਗਿਆ। ਪਵਾਰ ਨੇ ਕਿਹਾ ਕਿ ਉਨ੍ਹਾਂ ਸਾਰਿਆਂ ਨੂੰ ਬੁਰੀ ਤਰ੍ਹਾਂ ਨੁਕਸਾਨੇ ਗਏ ਵਾਹਨ ਵਿੱਚੋਂ ਬਾਹਰ ਕੱਢ ਲਿਆ ਗਿਆ। ਟੱਕਰ ਇੰਨੀ ਜ਼ਬਰਦਸਤ ਸੀ ਕਿ ਛੇ ਲੋਕਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ, ਜਦੋਂ ਕਿ ਸੱਤ ਹੋਰ ਜ਼ਖਮੀ ਹੋ ਗਏ ਅਤੇ ਉਨ੍ਹਾਂ ਨੂੰ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਮ੍ਰਿਤਕਾਂ ਦੀ ਪਛਾਣ ਕਿਰਨ ਸੰਤੋਸ਼ ਵੈਦਿਆ (26), ਸੰਤੋਸ਼ ਮੇਟ (38), ਸੁਸ਼ੀਲਾ ਮੇਟ (35), ਰੂਪਸੇਨ ਤੇਜਲਾਲ ਸੱਤਿਆਕਰ (35), ਜੋਤੀ ਰੂਪਸੇਨ ਸੱਤਿਆਕਰ (32) ਅਤੇ ਤਿੰਨ ਸਾਲਾ ਆਰੂਸ਼ ਮੇਟ ਵਜੋਂ ਹੋਈ ਹੈ।

### ਅਰਾਵਲੀ ਮਾਮਲੇ ’ਚ ਸੁਪਰੀਮ ਕੋਰਟ ਸਖ਼ਤ ! 30 ਨਵੰਬਰ ਤੱਕ ਰਿਪੋਰਟ ਪੇਸ਼ ਕਰਨ ਦੇ ਆਦੇਸ਼

ਨਵੀਂ ਦਿੱਲੀ 12 ਸਤੰਬਰ। ਸੁਪਰੀਮ ਕੋਰਟ ਨੇ ਉੱਚ ਅਧਿਕਾਰ ਪ੍ਰਾਪਤ ਮਾਹਿਰਾਂ ਦੀ ਕਮੇਟੀ ਨੂੰ ਅਰਾਵਲੀ ਦੀਆਂ ਪਹਾੜੀਆਂ ਦੀ ਪਰਿਭਾਸ਼ਾ ਤੇ ਸੰਭਾਲ ਬਾਰੇ ਆਪਣੀ ਅੰਤਿਮ ਰਿਪੋਰਟ ਪੇਸ਼ ਕਰਨ ਲਈ 6 ਮਹੀਨੇ ਦਾ ਹੋਰ ਸਮਾਂ ਦੇਣ ਤੋਂ ਸੋਮਵਾਰ ਇਨਕਾਰ ਕਰ ਦਿੱਤਾ। ਚੀਫ਼ ਜਸਟਿਸ ਸੂਰਿਆਕਾਂਤ, ਜਸਟਿਸ ਜੋਇਮਿਲਿਆ ਬਾਗਚੀ ਤੇ ਵੀ. ਮੋਹਨਾ ਦੀ ਬੈਂਚ ਨੇ ਕਮੇਟੀ ਨੂੰ 30 ਨਵੰਬਰ ਤੱਕ ਆਪਣੀ ਰਿਪੋਰਟ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ। ਨਾਲ ਹੀ ਚਿਤਾਵਨੀ ਦਿੱਤੀ ਕਿ ਅਜਿਹਾ ਕਰਨ ’ਚ ਅਸਫਲ ਰਹਿਣ ’ਤੇ ਕਮੇਟੀ ਦਾ ਪੁਨਰਗਠਨ ਕੀਤਾ ਜਾਵੇਗਾ। ਚੀਫ਼ ਜਸਟਿਸ ਨੇ ਕਿਹਾ ਕਿ ਕਮੇਟੀ ਨੂੰ ਅਰਾਵਲੀ ਮੁੱਦੇ ’ਤੇ ਆਪਣੀ ਰਿਪੋਰਟ ਪੇਸ਼ ਕਰਨ ਲਈ ਦਿਨ ਰਾਤ ਕੰਮ ਕਰਨਾ ਚਾਹੀਦਾ ਹੈ। ਜੇ ਇਹ 2 ਮਹੀਨਿਆਂ ਅੰਦਰ ਅਜਿਹਾ ਕਰਨ ’ਚ ਅਸਫਲ ਰਹਿੰਦੀ ਹੈ ਤਾਂ ਅਸੀਂ ਪੂਰੀ ਕਮੇਟੀ ਦਾ ਪੁਨਰਗਠਨ ਕਰਾਂਗੇ। ਸੁਪਰੀਮ ਕੋਰਟ ਵੱਲੋਂ ਗਠਿਤ ਅਰਾਵਲੀ ਉੱਚ ਅਧਿਕਾਰ ਪ੍ਰਾਪਤ ਮਾਹਿਰਾਂ ਦੀ ਕਮੇਟੀ ਨੇ ਆਪਣੀ ਅੰਤਿਮ ਰਿਪੋਰਟ ਜਮ?ਹਾਂ ਕਰਾਉਣ ਲਈ 6 ਮਹੀਨਿਆਂ ਦੇ ਵਾਧੇ ਦੀ ਬੇਨਤੀ ਕੀਤੀ ਸੀ।

## ‘ਕਸ਼ਮੀਰ ਸਿਰ.ਫ ਇੱਕ ਸ਼ੂਟਿੰਗ ਲੋਕੇਸ਼ਨ ਨਹੀਂ, ਕ੍ਰਿਏਟਿਵ ਸੈਂਚੁਰੀ ਹੈ’: ਮੁੱਖ ਮੰਤਰੀ ਉਮਰ ਅਬਦੁੱਲਾ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਸ਼੍ਰੀਨਗਰ 12 ਸਤੰਬਰ। ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸ਼੍ਰੀਨਗਰ ਦੇ SKICC ਵਿਖੇ ਆਯੋਜਿਤ International Film Festival of Jammu & Kashmir (IFFJK) 2026 ਦੇ ਉਦਘਾਟਨ ਸਮਾਰੋਹ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਇਹ ਫਿਲਮ ਫੈਸਟੀਵਲ ਜੰਮੂ-ਕਸ਼ਮੀਰ ਅਤੇ ਸਿਨੇਮਾ ਦੇ ਲੰਬੇ ਸਬੰਧਾਂ ਵਿੱਚ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਕਰਦਾ ਹੈ। ਮੁੱਖ ਮੰਤਰੀ ਨੇ ਦੁਨੀਆ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਫਿਲਮ ਨਿਰਮਾਤਾਵਾਂ, ਕਲਾਕਾਰਾਂ ਅਤੇ ਡੈਲੀਗੇਟਾਂ ਦਾ ਸਵਾਗਤ ਕਰਦੇ ਕਿਹਾ ਕਿ ਜੰਮੂ-ਕਸ਼ਮੀਰ ਸਿਰਫ਼ ਫਿਲਮਾਂ ਦੀ ਸ਼ੂਟਿੰਗ ਲਈ ਇੱਕ ਲੋਕੇਸ਼ਨ ਨਹੀਂ, ਸਗੋਂ ਇੱਕ ’ਰਚਨਾਤਮਕ ਅਸਥਾਨ’ ਅਤੇ ਦੁਨੀਆ ਭਰ ਦੇ ਕਹਾਣੀਕਾਰਾਂ ਦਾ ਘਰ ਹੈ। ਉਨ੍ਹਾਂ ਕਿਹਾ ਕਿ 40 ਤੋਂ ਵੱਧ ਦੇਸ਼ਾਂ ਦੇ ਫ਼ਿਲਮ ਨਿਰਮਾਤਾਵਾਂ ਦੀ ਭਾਗੀਦਾਰੀ ਅਤੇ 130 ਤੋਂ ਵੱਧ ਫਿਲਮਾਂ ਦੀ ਸਕ੍ਰੀਨਿੰਗ ਦੇ ਨਾਲ ਇਹ ਸਮਾਗਮ ਸਿਰਫ਼ ਇੱਕ ਫਿਲਮ ਫੈਸਟੀਵਲ ਨਹੀਂ ਹੈ ਬਲਕਿ ਜੰਮੂ-ਕਸ਼ਮੀਰ ਅਤੇ ਸਿਲਵਰ ਸਕ੍ਰੀਨ ਦੇ ਵਿਚਕਾਰ ਪੁਰਾਣੇ ਰਿਸ਼ਤੇ ਨੂੰ ਇੱਕ ਨਵੀਂ ਦਿਸ਼ਾ ਦੇਣ ਦੀ ਸ਼ੁਰੂਆਤ ਹੈ। ਉਮਰ ਅਬਦੁੱਲਾ ਨੇ ਕਿਹਾ ਕਿ ਕਸ਼ਮੀਰ ਦੀ ਸੁੰਦਰਤਾ ਹਮੇਸ਼ਾ ਫਿਲਮ ਨਿਰਮਾਤਾਵਾਂ ਨੂੰ ਆਕਰਸ਼ਿਤ ਕਰਦੀ ਰਹੀ ਹੈ। ਉਨ੍ਹਾਂ ਨੇ ਕਸ਼ਮੀਰ



ਦੀ ਕਲੀ, ਬੌਬੀ, ਕਭੀ-ਕਭੀ, ਅਤੇ ਜਬ ਤੱਕ ਹੈ ਜਾਨ ਵਰਗੀਆਂ ਫਿਲਮਾਂ ਦਾ ਜ਼ਿਕਰ ਕਰਦੇ ਕਿਹਾ ਕਿ ਭਾਰਤੀ ਸਿਨੇਮਾ ਦੇ ਸੁਨਹਿਰੀ ਯੁੱਗ ਦੌਰਾਨ ਕਸ਼ਮੀਰ ਦੀਆਂ ਘਾਟੀਆਂ ਫਿਲਮਾਂ ਦੀ ਪਛਾਣ ਦਾ ਹਿੱਸਾ ਬਣ ਗਈਆਂ ਸਨ। ਉਨ੍ਹਾਂ ਕਿਹਾ ਕਿ ਕਸ਼ਮੀਰ ਦੇ ਬਦਲਦੇ ਮੌਸਮ ਅਤੇ ਰੰਗ ਮਨੁੱਖੀ ਭਾਵਨਾਵਾਂ ਦੇ ਵੱਖ-ਵੱਖ ਪਹਿਲੂਆਂ ਨੂੰ ਪਰਦੇ ’ਤੇ ਕੈਦ ਕਰਨ ਦੀ ਸਮਰੱਥਾ ਰੱਖਦੇ ਹਨ। ਮੁੱਖ ਮੰਤਰੀ ਨੇ ਫਿਲਮ ਨਿਰਮਾਤਾਵਾਂ ਨੂੰ ਅਪੀਲ ਕੀਤੀ ਕਿ ਉਹ ਜੰਮੂ-ਕਸ਼ਮੀਰ ਵਿੱਚ ਸ਼ੂਟਿੰਗ ਦੌਰਾਨ ਸਿਰਫ਼ ਪਹਾੜਾਂ ਅਤੇ ਕੁਦਰਤੀ ਦ੍ਰਿਸ਼ਾਂ ਤੱਕ ਹੀ ਸੀਮਤ ਨਾ ਰਹਿਣ। ਉਨ੍ਹਾਂ ਕਿਹਾ ਕਿ ਫਿਲਮ ਨਿਰਮਾਤਾਵਾਂ ਨੂੰ ਸਥਾਨਕ ਲੋਕਾਂ ਦੀਆਂ ਕਹਾਣੀਆਂ ਸੁਣਨੀਆਂ ਚਾਹੀਦੀਆਂ ਹਨ, ਕਾਰੀਗਰਾਂ ਨੂੰ ਮਿਲਣਾ ਚਾਹੀਦਾ ਹੈ, ਸੰਗੀਤਕਾਰਾਂ ਨੂੰ ਸੁਣਨਾ ਚਾਹੀਦਾ ਹੈ ਅਤੇ ਸ਼ਹਿਰ ਦੀਆਂ ਗਲੀਆਂ ਵਿੱਚ ਘੁੰਮਣਾ ਚਾਹੀਦਾ ਹੈ ਤਾਂ ਜੋ ਜੀਵੰਤ ਸੱਭਿਆਚਾਰ ਨੂੰ ਆਪਣੀਆਂ ਫਿਲਮਾਂ ਦਾ ਹਿੱਸਾ ਬਣਾਇਆ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਫਿਲਮ ਉਦਯੋਗ ਨੂੰ ਸਿਰਫ਼ ਪੁਰਾਣੀਆਂ ਯਾਦਾਂ ਦੇ ਆਧਾਰ ’ਤੇ ਉਤਸ਼ਾਹਿਤ ਨਹੀਂ ਕੀਤਾ ਜਾ ਸਕਦਾ। ਇਸ ਲਈ ਜੰਮੂ-ਕਸ਼ਮੀਰ ਵਿੱਚ ਆਧੁਨਿਕ ਅਤੇ ਫਿਲਮ ਨਿਰਮਾਤਾ-ਅਨੁਕੂਲ ਮਾਹੌਲ ਤਿਆਰ ਕਰਨਾ ਜ਼ਰੂਰੀ ਹੈ। ਸਰਕਾਰ ਨੇ ਫ਼ਿਲਮ ਸ਼ੂਟਿੰਗ ਇਜਾਜ਼ਤਾਂ ਅਤੇ ਹੋਰ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਲਈ ਇੱਕ ਸਿੰਗਲ-ਵਿੰਡੋ ਸਿਸਟਮ ਸ਼ੁਰੂ ਕੀਤਾ ਹੈ।




# ਰਾਤ ਨੂੰ ਭਰਾ ਦੀ ਹੋਈ ਮੌਤ, ਖਬਰ ਸੁਣ ਵੱਡੀ ਭੈਣ ਨੇ ਵੀ ਛੱਡ'ਤੀ ਦੁਨੀਆ

ਖਮਾਣੋਂ 12 ਸਤੰਬਰ। ਬੀਤੇ ਦਿਨੀਂ ਪਿੰਡ ਮੁਸਤਫਾਬਾਦ ਵਿਖੇ ਵਿਆਹ ਸਮਾਗਮ ਦੌਰਾਨ ਸਿਲੰਡਰ ਦੀ ਅੱਗ ਕਈ ਪਰਿਵਾਰਾਂ ਨੂੰ ਵੱਡੇ ਜਖਮ ਦੇ ਗਈ। ਇਸੇ ਮਾਮਲੇ 'ਚ ਹੁਣ ਇਕ ਹੋਰ ਦਿਲ ਨੂੰ ਝੰਜੋੜ ਦੇਣ ਵਾਲੀ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਇਸ ਹਾਦਸੇ 'ਚ ਜਖਮੀ ਹੋਏ ਨੌਜਵਾਨ ਦੀ ਇਲਾਜ ਦੌਰਾਨ ਮੌਤ ਹੋ ਗਈ। ਉਸ ਦੀ ਮੌਤ ਦੀ ਗੱਲ ਸੁਣਦਿਆਂ ਹੀ ਸਦਮੇ 'ਚ ਉਸ ਦੀ ਵੱਡੀ ਭੈਣ ਨੇ ਵੀ ਸਾਹ ਛੱਡ ਦਿੱਤੇ। ਇਸ ਦੁਖਾਂਤ ਤੋਂ ਬਾਅਦ 2 ਪਿੰਡਾਂ 'ਚ ਸਨਾਟਾ ਪਸਰ ਗਿਆ ਤੇ ਘਰਾਂ 'ਚ ਚੁੱਲ੍ਹੇ ਠੰਢੇ ਪੈ ਗਏ। ਹਾਦਸੇ ਕਾਰਨ ਹੁਣ ਮ੍ਰਿਤਕਾਂ ਦੀ ਗਿਣਤੀ 6 ਹੋ ਗਈ ਹੈ। ਜ਼ਿਕਰਯੋਗ ਹੈ ਕਿ 24 ਨਵੰਬਰ ਨੂੰ ਸਿਮਰਨਜੀਤ ਕੌਰ ਪੁੱਤਰੀ ਅਵਤਾਰ ਸਿੰਘ ਦਾ ਵਿਆਹ ਸੀ। ਇਸ ਲਈ 22 ਨਵੰਬਰ ਦੀ ਸਾਮ ਔਰਤਾਂ ਪ੍ਰਸਾਦਾ ਤਿਆਰ ਕਰ ਰਹੀਆਂ ਸਨ ਕਿ ਅਚਾਨਕ ਗੈਸ ਲੀਕ ਹੋ ਗਈ ਤੇ ਧਮਾਕਾ ਹੋਣ ਮਗਰੋਂ ਸਿਲੰਡਰ ਨੂੰ ਅੱਗ ਲੱਗ ਗਈ। ਇਸ ਕਾਰਨ ਚਾਰ ਔਰਤਾਂ ਸਮੇਤ ਦੋ ਵਿਅਕਤੀ ਝੁਲਸ ਗਏ। ਜਖਮੀਆਂ ਨੂੰ ਤੁਰੰਤ ਪੀ.ਜ਼ੀ.ਆਈ. 'ਚ ਭਰਤੀ ਕਰਵਾਇਆ ਗਿਆ। ਇਲਾਜ ਦੌਰਾਨ ਗੁਰਦੀਸ ਕੌਰ (50) ਪਤਨੀ ਨਿਰਮਲ ਸਿੰਘ, ਕੁਲਜੀਤ ਕੌਰ (37) ਪਤਨੀ ਜਗਦੀਪ ਸਿੰਘ, ਰਾਜ ਰਾਣੀ (62) ਪਤਨੀ ਧਰਮਪਾਲ ਸਿੰਘ, ਰਜਿੰਦਰ ਕੌਰ (36) ਪਤਨੀ ਕਮਲਜੀਤ ਸਿੰਘ ਦੀ ਮੌਤ ਹੋ ਗਈ ਸੀ। ਬੀਤੀ ਰਾਤ 28 ਨਵੰਬਰ ਨੂੰ ਕੁੜੀ ਦੇ ਭਰਾ ਦੇ ਦੋਸਤ ਨਵਜੋਤ ਸਿੰਘ (22) ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਬਰਵਾਲੀ ਕਲਾਂ ਦੀ ਮੌਤ ਹੋ ਗਈ। ਦੁਨਿਆ 'ਚੋਂ ਭਰਾ ਦੇ ਜਾਣ ਦਾ ਗਮ ਉਸ ਦੀ ਭੈਣ ਪਰਮਿੰਦਰ ਕੌਰ ਨਹੀਂ ਝੱਲ ਸਕੀ




ਤੇ ਸਦਮੇ 'ਚ ਸ਼ੁੱਕਰਵਾਰ ਨੂੰ ਉਸ ਨੇ ਵੀ ਦਮ ਤੋੜ ਦਿੱਤਾ। ਜਾਣਕਾਰੀ ਅਨੁਸਾਰ ਉਹ ਬੀ.ਕਾਮ. ਕਰ ਰਹੀ ਸੀ। ਪਿੰਡ ਬਰਵਾਲੀ ਕਲਾਂ ਵਿਖੇ ਭੈਣ-ਭਰਾ ਦਾ ਸਸਕਾਰ ਕੀਤਾ ਗਿਆ। ਇਸ ਦੁਖਾਂਤ 'ਤੇ ਪੂਰੇ ਇਲਾਕੇ 'ਚ ਗਮਗੀਨ ਮਾਹੌਲ ਹੈ। ਪੂਰਾ ਪਰਿਵਾਰ ਬੇਸੁੱਧ ਹੈ। ਰਿਸ਼ਤੇਦਾਰ ਕਿਸੇ ਤਰ੍ਹਾਂ ਮ੍ਰਿਤਕਾਂ ਦੇ ਮਾਪਿਆਂ ਨੂੰ ਸੰਭਾਲ ਰਹੇ ਹਨ। ਬੁੱਧੀਜੀਵੀ ਵਰਗ ਨੇ ਐੱਮ.ਪੀ. ਡਾ. ਅਮਰ ਸਿੰਘ ਤੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਤੋਂ ਪਰਿਵਾਰਾਂ ਨੂੰ ਭੋਗ ਸਮਾਗਮ ਮੌਕੇ ਸਰਕਾਰ ਵੱਲੋਂ ਮਦਦ ਦੀ ਗੁਹਾਰ ਲਾਈ ਹੈ ਤਾਂ ਜੋ ਗਰੀਬ ਪਰਿਵਾਰਾਂ ਨੂੰ ਥੋੜ੍ਹਾ ਆਸਰਾ ਮਿਲ ਸਕੇ। ਹਾਦਸੇ 'ਚ ਜਖਮੀ ਸਿਮਰਨਪ੍ਰੀਤ ਕੌਰ ਦੇ ਨਾਨਾ ਵਿਸਾਖਾ ਸਿੰਘ ਵਾਸੀ ਪਿੰਡ ਲਖਨਪੁਰ ਪੀ.ਜ਼ੀ.ਆਈ. 'ਚ ਜੇਰੇ ਇਲਾਜ ਹਨ। ਇਸ ਸਬੰਧੀ ਉਪ ਪੁਲਸ ਕਪਤਾਨ ਰਮਿੰਦਰ ਸਿੰਘ ਕਾਹਲੋਂ ਨੇ ਦੱਸਿਆ ਕਿ ਪੋਸਟਮਾਰਟਮ ਕਰਨ ਉਪਰੰਤ ਨਵਜੋਤ ਸਿੰਘ ਦੀ ਲਾਸ ਵਾਰਸਾਂ ਹਵਾਲੇ ਕਰ ਦਿੱਤੀ ਹੈ ਤੇ ਸ਼ਾਮੀਂ ਸਸਕਾਰ ਹੋ ਗਿਆ ਹੈ।

## ਰੇਲਗੱਡੀ 'ਚ 75 ਲੱਖ ਦੀ 'ਹਵਾਲਾ' ਰਾਸ਼ੀ ਸਮੇਤ ਯਾਤਰੀ ਗ੍ਰਿਫਤਾਰ

ਤਿਰੂਚਿਰਾਪੱਲੀ, 12 ਸਤੰਬਰ। ਰੇਲਵੇ ਸੁਰੱਖਿਆ ਫੋਰਸ (ਆਰ.ਪੀ.ਐੱਫ.) ਨੇ ਸਨੀਵਾਰ ਨੂੰ ਤਾਮਿਲਨਾਡੂ ਦੇ ਤਿਰੂਚਿਰਾਪੱਲੀ ਰੇਲਵੇ ਸਟੇਸਨ 'ਤੇ ਹਾਵੜਾ-ਤਿਰੂਚਿਰਾਪੱਲੀ ਐਕਸਪ੍ਰੈੱਸ 'ਚ ਸਵਾਰ ਇਕ ਯਾਤਰੀ ਤੋਂ 75 ਲੱਖ ਰੁਪਏ ਦੀ 'ਹਵਾਲਾ' ਲੈਣ-ਦੇਣ ਨਾਲ ਸਬੰਧਤ ਰਾਸ਼ੀ ਜਬਤ ਕੀਤੀ। ਆਰ.ਪੀ.ਐੱਫ. ਦੇ ਸੂਤਰਾਂ ਮੁਤਾਬਕ ਰੇਲਗੱਡੀ ਜਦੋਂ ਤਿਰੂਚਿਰਾਪੱਲੀ ਰੇਲਵੇ ਜੰਕਸਨ 'ਤੇ ਪਹੁੰਚੀ, ਤਾਂ ਇੰਸਪੈਕਟਰ ਕੇ. ਪੀ. ਸੇਬੇਸਟੀਅਨ ਦੀ ਅਗਵਾਈ ਵਾਲੀ ਆਰ. ਪੀ. ਐੱਫ. ਟੀਮ ਨੇ ਸ਼ਿਵਗੰਗਾ ਜ਼ਿਲੇ ਦੇ ਦੇਵਕੋਟਈ ਦੇ ਰਹਿਣ ਵਾਲੇ ਵੀ. ਅਰੋਕਿਆਡੋਸ (49) ਨੂੰ ਸ਼ੱਕੀ ਹਾਲਤ ਵਿਚ ਬੈਗ ਲੈ ਕੇ ਘੁੰਮਦੇ ਦੇਖਿਆ। ਸ਼ੱਕ ਦੇ ਆਧਾਰ 'ਤੇ ਉਨ੍ਹਾਂ ਨੂੰ ਪੁੱਛਗਿੱਛ ਕੀਤੀ ਗਈ। ਜਾਂਚ ਦੌਰਾਨ ਉਸ ਦੇ ਕੋਲੋਂ 75 ਲੱਖ ਰੁਪਏ ਦੀ ਨਕਦੀ ਬਰਾਮਦ ਕੀਤੀ ਗਈ, ਜਿਸ 'ਚੋਂ ਜ਼ਿਆਦਾਤਰ 500 ਅਤੇ 200 ਰੁਪਏ ਦੇ ਨੋਟ ਸਨ। ਮੁਲਜਮ ਨੇ ਦੱਸਿਆ ਕਿ ਉਸ ਨੂੰ ਸ਼ਿਵਗੰਗਾ ਦੇ ਕਰਾਈਕੁਡੀ ਵਿਚ ਇਕ ਅਣਪਛਾਤੇ ਨੂੰ ਬੇਹਿਸਾਬ ਨਕਦੀ ਨਾਲ ਭਰਿਆ ਬੈਗ ਦੇਣ ਦਾ ਕੰਮ ਸੌਂਪਿਆ ਗਿਆ ਸੀ।

## ਅਮਨ-ਕਾਨੂੰਨ ਦੀ ਸਥਿਤੀ ਨੂੰ ਕਾਬੂ ਕਰਨ 'ਚ ਨਾਕਾਮ ਰਹੀ ਹਰਿਆਣਾ ਸਰਕਾਰ : ਗਰਗ

ਹਰਿਆਣਾ 12 ਸਤੰਬਰ। ਹਰਿਆਣਾ ਰਾਜ ਵਪਾਰ ਮੰਡਲ ਦੇ ਸੂਬਾਈ ਪ੍ਰਧਾਨ ਬਜਰੰਗ ਗਰਗ ਨੇ ਐਤਵਾਰ ਨੂੰ ਦੋਸ ਲਾਇਆ ਕਿ ਸਰਕਾਰ ਹਰਿਆਣਾ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਕਾਬੂ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ ਅਤੇ ਵਪਾਰੀ ਦਹਿਸਤ ਵਿੱਚ ਹਨ। ਸ੍ਰੀ ਗਰਗ ਨੇ ਇੱਥੇ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਹਾਲ ਹੀ ਦੇ ਸਮੇਂ ਵਿੱਚ ਰੇਵਾੜੀ, ਜੁਲਾਨਾ, ਨਰਵਾਣਾ, ਹਾਂਸੀ, ਹਿਸਾਰ, ਯਮੁਨਾਨਗਰ, ਰੋਹਤਕ, ਕਰਨਾਲ, ਕੈਥਲ, ਸੋਨੀਪਤ, ਗੁੜਗਾਓਂ, ਫਤਿਹਾਬਾਦ ਆਦਿ ਥਾਵਾਂ 'ਤੇ ਜਬਰ-ਜਨਾਹ, ਲੁੱਟਮਾਰ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਅਜਿਹੀਆਂ ਘਟਨਾਵਾਂ ਨੂੰ ਲੈ ਕੇ ਸੂਬੇ ਦੇ ਵਪਾਰੀਆਂ ਅਤੇ ਆਮ ਲੋਕਾਂ ਵਿੱਚ ਦਹਿਸਤ ਦਾ ਮਾਹੌਲ ਹੈ। ਉਨ੍ਹਾਂ ਕਿਹਾ ਕਿ ਅਪਰਾਧਾਂ ਦੇ ਵਧਣ ਨਾਲ ਸੂਬੇ ਦੇ ਵਪਾਰ ਅਤੇ ਉਦਯੋਗਾਂ 'ਤੇ ਮਾੜਾ ਅਸਰ ਪੈ ਰਿਹਾ ਹੈ ਅਤੇ ਗੁਆਂਢੀ ਰਾਜਾਂ ਦਾ ਕੋਈ ਵੀ ਉਦਯੋਗਪਤੀ ਹਰਿਆਣਾ ਵਿੱਚ ਪੂੰਜੀ ਨਿਵੇਸ ਨਹੀਂ ਕਰ ਰਿਹਾ ਹੈ। ਸ੍ਰੀ ਗਰਗ ਨੇ ਕਿਹਾ ਕਿ ਅਪਰਾਧਾਂ ਵਿੱਚ ਵਾਧੇ ਦਾ ਮੁੱਖ ਕਾਰਨ ਬੇਰੁਜਗਾਰੀ ਅਤੇ ਨਸ਼ਿਆਂ ਵਿੱਚ ਵਾਧਾ ਹੈ ਅਤੇ ਸਰਕਾਰ ਨੂੰ ਬੇਰੁਜਗਾਰੀ ਅਤੇ ਨਸ਼ਿਆਂ ਨੂੰ ਖਤਮ ਕਰਨ ਲਈ ਸਖਤ ਕਦਮ ਚੁੱਕਣ ਦੀ ਲੋੜ ਹੈ।

## ਵਿਦਾਈ ਸਮੇਂ ਲਾੜੀ ਨੂੰ ਰੋਂਦੀ ਵੇਖ ਲਾੜੇ ਦੇ ਵੀ ਛਲਕੇ ਹੰਝੂ

ਨਵੀਂ ਦਿੱਲੀ 12 ਸਤੰਬਰ। ਵਿਆਹ ਹਰ ਇਨਸਾਨ ਦੀ ਜ਼ਿੰਦਗੀ ਦਾ ਇਕ ਅਜਿਹਾ ਖੂਬਸੂਰਤ ਪਲ ਹੁੰਦਾ ਹੈ ਜੋ ਹਮੇਸ਼ਾ ਲਈ ਯਾਦਾਂ 'ਚ ਵਸ ਜਾਂਦਾ ਹੈ। ਇਨ੍ਹੀ ਦਿਨੀਂ ਵਿਆਹ ਦਾ ਸੀਜਨ ਚੱਲ ਰਿਹਾ ਹੈ ਅਤੇ ਸੋਸ਼ਲ ਮੀਡੀਆ 'ਤੇ ਇਸ ਨਾਲ ਜੁੜੀਆਂ ਕਈ ਭਾਵੁਕ ਵੀਡੀਓਜ ਵਾਇਰਲ ਹੋ ਰਹੀਆਂ ਹਨ। ਕੁਝ ਵੀਡੀਓ 'ਚ ਲਾੜਾ-ਲਾੜੀ ਦੀ ਮਸਤੀ ਅਤੇ ਨੋਕਝੋਕ ਦਿਸਦੀ ਹੈ ਤਾਂ ਕੁਝ 'ਚ ਵਿਦਾਈ ਦੌਰਾਨ ਛਲਕਦੇ ਹੰਝੂ ਲੋਕਾਂ ਨੂੰ ਭਾਵੁਕ ਕਰ ਦਿੰਦੇ ਹਨ। ਹਾਲ ਹੀ 'ਚ ਅਜਿਹੀ ਹੀ ਇਕ ਵੀਡੀਓ ਸਾਹਮਣੇ ਆਈ ਹੈ, ਜਿਸ ਵਿਚ ਵਿਦਾਈ ਦੌਰਾਨ ਲਾੜਾ ਆਪਣੇ ਹੰਝੂ ਨਹੀਂ ਰੋਕ ਪਾਉਂਦਾ। ਇਹ ਖਾਸ ਪਲ




ਕੈਮਰੇ 'ਚ ਕੈਦ ਹੋ ਗਿਆ ਅਤੇ ਹੁਣ ਇਹ ਵੀਡੀਓ ਲੋਕਾਂ ਦੇ ਦਿਲਾਂ ਨੂੰ ਛੂਹ ਰਹੀ ਹੈ। ਇੰਸਟਾਗ੍ਰਾਮ ਹੈਂਡਲ " 'ਤੇ ਸ਼ੇਅਰ ਕੀਤੀ ਗਈ ਇਸ ਵੀਡੀਓ ਨੂੰ 1.8 ਮਿਲੀਅਨ ਤੋਂ ਵੱਧ ਵਿਊਜ ਮਿਲੇ ਹਨ। ਵਿਦਾਈ ਦੇ ਇਸ ਖਾਲ ਪਲ 'ਚ ਲਾੜੀ ਦੇ ਹੰਝੂਆਂ ਨੂੰ ਦੇਖ ਕੇ ਲਾੜਾ ਵੀ ਆਪਣੇ ਹੰਝੂ ਨਹੀਂ ਰੋਕ ਸਕਿਆ। ਪੋਸਟ ਦੀ ਕੈਪਸ਼ਨ ਨੇ ਇਸ ਪਲ ਨੂੰ ਬਾਖੂਬੀ ਬਿਆਨ ਕੀਤਾ- 'ਜਦੋਂ ਉਹ ਤੁਹਾਡੀ ਵਿਦਾਈ 'ਤੇ ਰੋਂਦਾ ਹੈ, ਤਾਂ ਸਮਝੋ ਕਿ ਤੁਸੀਂ ਸਹੀ ਜੀਵਨਸਾਥੀ ਚੁਣਿਆ ਹੈ।' ਵੀਡੀਓ 'ਤੇ ਕਈ ਯੂਜਰਜ ਨੇ ਆਪਣੇ ਅਨੁਭਵ ਸ਼ੇਅਰ ਕੀਤੇ। ਇਕ ਯੂਜਰ ਨੇ ਲਿਖਿਆ, 'ਸੱਚਾ ਪਿਆਰ ਇਹੀ ਹੁੰਦਾ ਹੈ। ਇਸ ਨੂੰ ਦੇਖ ਕੇ ਮੇਰੀਆਂ ਅੱਖਾਂ ਵੀ ਨਮ ਹੋ ਗਈਆਂ।' ਦੂਜੇ ਨੇ ਕਿਹਾ, 'ਤੁਸੀਂ ਉਸ ਦੀਆਂ ਅੱਖਾਂ 'ਚ ਸੱਚਾ ਪਿਆਰ ਦੇਖ ਸਕਦੇ ਹੋ। ਇਹ ਪਲ ਅਨਮੋਲ ਹੈ।' ਲਾੜੇ ਦੇ ਹੰਝੂਆਂ ਨੇ ਸਾਬਿਤ ਕੀਤਾ ਕਿ ਵਿਦਾਈ ਦਾ ਇਹ ਪਲ ਨਾ ਸਿਰਫ ਲਾੜੀ ਸਗੋਂ ਲਾੜੇ ਲਈ ਵੀ ਬੇਹੱਦ ਭਾਵੁਕ ਹੁੰਦਾ ਹੈ/ਇਕ ਯੂਜਰ ਨੇ ਮਜਾਕ 'ਚ ਕਿਹਾ, 'ਇਹ ਵੀਡੀਓ ਦਿਖਾਉਂਦੀ ਹੈ ਕਿ ਲਾੜੀ ਦੀ ਵਿਦਾਈ ਲਾੜੇ ਲਈ ਵੀ ਓਨੀ ਹੀ ਭਾਵੁਕ ਹੁੰਦੀ ਹੈ!' ਇਸ ਵੀਡੀਓ ਨੇ ਸੱਚੇ ਪਿਆਰ ਦਾ ਅਸਲੀ ਮਲਤਬ ਲੋਕਾਂ ਨੂੰ ਮਹਿਸੂਸ ਕਰਵਾਇਆ।

## 4 ਕਿੱਲੋ 28 ਗ੍ਰਾਮ ਸੁੱਕੀ ਭੰਗ ਸਮੇਤ ਇਕ ਗ੍ਰਿਫਤਾਰ

ਫਿਰੋਜ਼ਪੁਰ 12 ਸਤੰਬਰ। ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ 4 ਕਿਲੋ 28 ਗ੍ਰਾਮ ਸੁੱਕੀ ਭੰਗ ਸਮੇਤ ਗ੍ਰਿਫਤਾਰ ਕਰਕੇ ਉਸ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਚੈਕਿੰਗ ਦੇ ਸਬੰਧ ਵਿਚ ਨੇੜੇ ਪੁਲ ਖਾਈ ਫੇਮੇ ਦੇ ਕੋਲ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਬੇਅੰਤ ਸਿੰਘ ਉਰਫ ਮੰਗੂ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਗੋਬਿੰਦ ਨਗਰ ਜੋ ਮੇਨ ਬਾਜ਼ਾਰ ਖਾਈ ਫੇਮੇ ਵਿਖੇ ਨਾਈ ਦੀ ਦੁਕਾਨ ਕਰਦਾ ਹੈ ਅਤੇ ਨਾਈ ਦੀ ਦੁਕਾਨ ਦੇ ਨਾਲ ਹੀ ਖਾਲੀ ਦੁਕਾਨ 'ਚ ਸੁੱਕੀ ਭੰਗ ਰੱਖ ਕੇ ਵੇਚਦਾ ਹੈ। ਜੇਕਰ ਹੁਣੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਉਕਤ ਦੋਸ਼ੀ ਖ਼ਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਪੰਜਾਬ ਦੇ ਲੋਕਾਂ ਲਈ ਰਾਹਤ ਭਰੀ ਖਬਰ, ਮਿਲੇਗਾ ਵੱਡਾ ਫਾਇਦਾ

ਚੰਡੀਗੜ੍ਹ 12 ਸਤੰਬਰ। ਪੰਜਾਬ ਦੇ ਲੋਕਾਂ ਲਈ ਚੰਗੀ ਖਬਰ ਹੈ। ਦਰਅਸਲ ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਨਵੇਂ ਡਿਪੂ ਖੋਲ੍ਹਣ ਦਾ ਐਲਾਨ ਕੀਤਾ ਗਿਆ ਹੈ। ਇਸ ਦੀ ਜਾਣਕਾਰੀ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਵਲੋਂ ਦਿੱਤੀ ਗਈ ਹੈ। ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਪੰਜਾਬ 'ਚ 9,792 ਨਵੇਂ ਰਾਸ਼ਨ ਡਿਪੂ ਖੋਲ੍ਹੇ ਜਾਣੇ ਹਨ। ਇਨ੍ਹਾਂ 'ਚੋਂ 8,040 ਪੇਂਡੂ ਖੇਤਰਾਂ ਅਤੇ 1742 ਸ਼ਹਿਰੀ ਖੇਤਰਾਂ 'ਚ ਖੋਲ੍ਹੇ ਜਾਣਗੇ। ਉਨ੍ਹਾਂ ਕਿਹਾ ਕਿ ਨਵੇਂ ਰਾਸ਼ਨ ਡਿਪੂਆਂ ਲਈ ਅਰਜੀਆਂ ਦੀ ਆਖਰੀ ਤਾਰੀਖ 8 ਦਸੰਬਰ, 2024 ਹੈ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਹੀ ਡਿਪੂ ਹੋਲਡਰਾਂ ਦੇ ਹਿੱਤਾਂ ਨੂੰ ਧਿਆਨ 'ਚ ਰੱਖਦੇ ਹੋਏ 8 ਸਾਲਾਂ ਬਾਅਦ



ਕਣਕ ਦੀ ਵੰਡ 'ਤੇ ਡਿਪੂ ਹੋਲਡਰਾਂ ਦੀ ਮਾਰਜਨ ਮਨੀ ਨੂੰ ਵਧਾ ਕੇ ਕਰੀਬ ਦੁੱਗਣਾ ਕਰ ਦਿੱਤਾ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ 2016 'ਚ ਇਹ ਮਾਰਜਨ ਮਨੀ 50 ਰੁਪਏ ਪ੍ਰਤੀ ਕੁਇੰਟਲ ਸੀ, ਜੋ ਹੁਣ ਵਧਾ ਕੇ 90 ਰੁਪਏ ਪ੍ਰਤੀ ਕੁਇੰਟਲ ਕਰ ਦਿੱਤੀ ਗਈ ਹੈ। ਇਹ ਵਾਧਾ ਅਪ੍ਰੈਲ, 2024 ਤੋਂ ਲਾਗੂ ਕੀਤਾ ਗਿਆ ਹੈ। ਨਤੀਜੇ ਵਜੋਂ ਇਸ ਤਹਿਤ 38.43 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਮੰਤਰੀ ਨੇ ਦੱਸਿਆ ਕਿ ਇਸ ਨਾਲ ਸੂਬੇ ਦੇ 14,400 ਰਾਸ਼ਨ ਡਿਪੂ ਹੋਲਡਰਾਂ ਨੂੰ ਲਾਭ ਹੋਵੇਗਾ। ਉਨ੍ਹਾਂ ਨੇ ਮਿਸਾਲ ਦਿੰਦਿਆਂ ਕਿਹਾ ਕਿ ਜੇਕਰ ਇੱਕ ਡਿਪੂ ਹੋਲਡਰ ਦੇ 200 ਰਾਸਨ ਕਾਰਡ/800 ਲਾਭਪਾਤਰੀ ਜੁੜੇ ਹੋਏ ਹਨ ਅਤੇ ਹਰੇਕ ਲਾਭਪਾਤਰੀ ਨੂੰ ਪ੍ਰਤੀ ਮਹੀਨਾ 5 ਕਿੱਲੋ ਕਣਕ ਦਿੱਤੀ ਜਾਂਦੀ ਹੈ ਤਾਂ ਪਹਿਲਾਂ ਉਸ ਨੂੰ ਕਰੀਬ 2,000 ਰੁਪਏ ਦੀ ਮਾਰਜਿਨ ਮਨੀ ਮਿਲਦੀ ਸੀ ਪਰ ਹੁਣ ਵਾਧੇ ਤੋਂ ਬਾਅਦ ਉਨ੍ਹਾਂ ਨੂੰ 3,600 ਰੁਪਏ ਪ੍ਰਤੀ ਮਹੀਨਾ ਤੱਕ ਮਾਰਜਿਨ ਮਨੀ ਮਿਲੇਗੀ।

## ਦੁਕਾਨ 'ਚ ਵੜ ਕੇ ਦਿੱਤੀਆਂ ਧਮਕੀਆਂ, ਪਿਸਤੌਲ ਦਿਖਾ ਕੇ ਕਿਹਾ- "ਸ਼ੁਰੂ ਹੋ ਗਈ ਤੇਰੀ ਉਲਟੀ ਗਿਣਤੀ

ਖੰਨਾ 12 ਸਤੰਬਰ। ਖੰਨਾ ਦੇ ਲਲਹੇੜੀ ਰੋਡ 'ਤੇ ਇਕ ਇਲੈਕਟ੍ਰਾਨਿਕਸ ਕਾਰੋਬਾਰੀ ਨੂੰ ਦਿਨ-ਦਿਹਾੜੇ ਉਸ ਦੀ ਦੁਕਾਨ 'ਚ ਵੜ ਕੇ ਰਿਵਾਲਵਰ ਨਾਲ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਉਸ ਨੇ ਦੱਸਿਆ ਕਿ 4 ਵਿਅਕਤੀ ਦੁਕਾਨ 'ਚ ਦਾਖਲ ਹੋ ਗਏ ਤੇ ਉਸ ਨੂੰ ਗਾਲ੍ਹਾਂ ਕੱਢਣੀਆਂ ਸੂਰੂ ਕਰ ਦਿੱਤੀਆਂ ਅਤੇ ਧਮਕੀਆਂ ਦੇਣੀਆਂ ਸੂਰੂ ਕਰ ਦਿੱਤੀਆਂ। ਇਸ ਦੌਰਾਨ ਉਸ 'ਤੇ ਹਮਲਾ ਕਰਨ ਦੀ ਕੋਸ਼ਿਸ ਵੀ ਕੀਤੀ ਗਈ। ਇਹ ਦੇਖ ਜਦੋਂ ਕਾਰੋਬਾਰੀ ਦਾ ਭਰਾ ਸੋਅਰੂਮ ਵਿੱਚ ਆਇਆ ਤਾਂ ਇਹ ਬਦਮਾਸ ਮੌਕੇ ਤੋਂ ਫਰਾਰ ਹੋ ਗਏ। ਇਸ ਸਬੰਧੀ ਖੰਨਾ ਦੇ ਰਾਮ ਨਗਰ ਇਲਾਕੇ ਦੇ ਰਹਿਣ ਵਾਲੇ ਗੁਰਿੰਦਰ ਸਿੰਘ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ, ਜਿਸ 'ਚ ਉਸ ਨੇ ਦੱਸਿਆ ਕਿ 12 ਨਵੰਬਰ 2024 ਨੂੰ ਖੰਨਾ ਦੇ ਇੱਕ ਪਿੰਡ ਦੇ ਇੱਕ ਵਿਅਕਤੀ ਨੇ ਉਸ ਦੀ ਦੁਕਾਨ ਤੋਂ 10-12 ਹਜਾਰ ਰੁਪਏ ਦਾ ਸਮਾਨ ਖਰੀਦਿਆ ਸੀ। ਇਸ ਵਿਅਕਤੀ ਨੇ ਸਾਮਾਨ ਖਰੀਦਣ ਸਮੇਂ ਵੀ ਬਹਿਸ ਕੀਤੀ ਸੀ। ਇਸ ਤੋਂ ਬਾਅਦ ਉਸ ਨੇ ਫੋਨ 'ਤੇ ਧਮਕੀਆਂ ਦਿੱਤੀਆਂ ਅਤੇ ਸਾਮਾਨ ਬਦਲਣ ਲਈ ਕਿਹਾ। ਉਸ ਨੇ ਇਹ ਸਮਾਨ ਵੀ ਬਦਲ ਦਿੱਤਾ ਸੀ। ਪਰ ਇਸ ਮਗਰੋਂ ਉਹ ਬੀਤੇ ਦਿਨ ਦੁਪਹਿਰ 1 ਵਜੇ ਦੇ



ਕਰੀਬ ਦੁਕਾਨ 'ਤੇ ਇਕੱਲਾ ਬੈਠਾ ਸੀ ਤਾਂ ਇਹ ਵਿਅਕਤੀ ਤਿੰਨ ਹੋਰ ਬਦਮਾਸਾਂ ਨੂੰ ਆਪਣੇ ਨਾਲ ਲੈ ਆਇਆ। ਉਸ ਨੇ ਆਉਂਦਿਆਂ ਹੀ ਗਾਲ੍ਹਾਂ ਕੱਢਣੀਆਂ ਸੂਰੂ ਕਰ ਦਿੱਤੀਆਂ। ਇਸ ਵਿਅਕਤੀ ਨੇ ਆਪਣੀ ਕਮੀਜ ਚੁੱਕ ਕੇ ਡੱਬ ਨੂੰ ਆਪਣਾ ਰਿਵਾਲਵਰ ਦਿਖਾਉਂਦੇ ਹੋਏ ਕਿਹਾ ਕਿ ਉਲਟੀ ਗਿਣਤੀ ਸੂਰੂ ਹੋ ਗਈ ਹੈ। ਉਸ ਨੂੰ ਗੋਲੀ ਮਾਰ ਦਿੱਤੀ ਜਾਵੇਗੀ। ਜਦੋਂ ਉਸ ਨੇ ਵਿਰੋਧ ਕੀਤਾ ਤਾਂ ਗੱਲ ਹੱਥੋਪਾਈ ਤੱਕ ਪਹੁੰਚ ਗਈ। ਉਸ ਨੂੰ ਥੱਪੜ ਮਾਰਨ ਦੀ ਕੋਸ਼ਿਸ ਕੀਤੀ ਗਈ। ਇਸ ਦੌਰਾਨ ਉਸ ਦਾ ਭਰਾ ਸੋਅਰੂਮ ਵਿਚ ਆਇਆ ਅਤੇ ਜਾਂਦੇ ਸਮੇਂ ਇਨ੍ਹਾਂ ਵਿਅਕਤੀਆਂ ਨੇ ਦੋ-ਤਿੰਨ ਦਿਨਾਂ ਵਿਚ ਦੁਬਾਰਾ ਆ ਕੇ ਉਸ ਨੂੰ ਗੋਲੀ ਮਾਰਨ ਦੀ ਧਮਕੀ ਦਿੱਤੀ। ਇਹ ਸਾਰੀ ਘਟਨਾ ਸੀ.ਸ਼ੀ.ਟੀ.ਵੀ. ਵਿੱਚ ਕੈਦ ਹੋ ਗਈ ਹੈ। ਇਹ ਵੀਡੀਓ ਵੀ ਪੁਲਸ ਨੂੰ ਦਿੱਤੀ ਗਈ ਹੈ। ਕਾਰੋਬਾਰੀ ਨੇ ਆਪਣੇ-ਆਪ ਨੂੰ ਇਨ੍ਹਾਂ ਬਦਮਾਸਾਂ ਤੋਂ ਖਤਰਾ ਦੱਸਦਿਆਂ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਦੂਜੇ ਪਾਸੇ ਡੀ.ਐੱਸ.ਪੀ. ਅੰਮ੍ਰਿਤਪਾਲ ਸਿੰਘ ਭਾਟੀ ਨੇ ਦੱਸਿਆ ਕਿ ਪੁਲਸ ਨੇ ਮੁਲਜਮਾਂ ਖ਼ਿਲਾਫ ਕੇਸ ਦਰਜ ਕਰ ਲਿਆ ਹੈ ਤੇ ਉਨ੍ਹਾਂ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।

## ਤਲਾਕ ਦੀਆਂ ਖਬਰਾਂ ਵਿਚਾਲੇ ਮੁੜ ਸੁਰਖੀਆਂ 'ਚ ਕੁੱਲ੍ਹੜ ਪਿੱਜਾ ਕੱਪਲ, ਗੁਰਪ੍ਰੀਤ ਦੇ 'ਤੇ ਹੋ ਰਿਹੈ ਟਰੋਲ

ਜਲੰਧਰ 12 ਸਤੰਬਰ। ਜਲੰਧਰ ਦਾ ਮਸ਼ਹੂਰ ਕੁੱਲ੍ਹੜ ਪਿੱਜਾ ਕੱਪਲ ਇਨ੍ਹੀਂ ਦਿਨੀਂ ਇਕ ਵਾਰ ਫਿਰ ਤੋਂ ਸੁਰਖੀਆਂ 'ਚ ਚੱਲ ਰਿਹਾ ਹੈ। ਸੁਰਖੀਆਂ ਵਿਚ ਰਹਿਣ ਦਾ ਕਾਰਨ ਦੋਹਾਂ ਵਿਚਾਲੇ ਚੱਲ ਰਹੀਆਂ ਤਲਾਕ ਦੀਆਂ ਖਬਰਾਂ ਨੂੰ ਦੱਸਿਆ ਜਾ ਰਿਹਾ ਹੈ। ਹਾਲਾਂਕਿ ਤਲਾਕ ਦੀਆਂ ਖਬਰਾਂ ਵਿਚਾਲੇ ਬੀਤੇ ਦਿਨ ਸਹਿਜਪ੍ਰੀਤ ਔਰੜਾ ਦੀ ਪਤਨੀ ਗੁਰਪ੍ਰੀਤ ਕੌਰ ਨੇ ਇਕ ਪੋਸਟ ਪਾਈ ਸੀ, ਜੋਕਿ ਕਾਫੀ ਵਾਇਰਲ ਹੋਈ ਅਤੇ ਇਸ 'ਤੇ ਯੂਜਰਸ ਦੇ ਕਈ ਤਰ੍ਹਾਂ ਦੇ ਰਿਐਕਸ਼ਨ ਵੀ ਆਏ। ਸਾਂਝੀ ਕੀਤੀ ਗਈ ਪੋਸਟ ਵਿਚ ਇਕ ਯੂਜਰ ਨੇ ਕੁਮੈਂਟ ਕਰਕੇ ਲਿਖਿਆ, ਮਤਲਬ ਤਲਾਕ ਕੰਫਰਮ। ਇਸ ਦੇ ਨਾਲ ਹੀ ਇਕ ਹੋਰ ਯੂਜਰ ਨੇ ਲਿਖਿਆ, 'ਪਬਲਿਸਿਟੀ ਸਟੰਟ ਬ੍ਰੋ...' ਦੱਸਣਯੋਗ ਹੈ ਕਿ ਤਲਾਕ ਦੀਆਂ ਖਬਰਾਂ ਨੂੰ ਲੈ ਕੇ ਸ਼ੇਅਰ ਕੀਤੀ ਪੋਸਟ ਗੁਰਪ੍ਰੀਤ ਕੌਰ ਨੇ ਆਪਣੀ ਇੰਸਟਾ ਸਟੋਰੀ ਵਿੱਚ ਸ਼ੇਅਰ ਕੀਤੀ ਹੈ। ਜਿਸ ਵਿੱਚ ਉਨ੍ਹਾਂ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਮੇਰੇ ਵੱਲੋਂ ਰੈੱਡ ਅਤੇ ਗ੍ਰੀਨ ਫਲੈਗ ਨਹੀਂ ਹੈ। ਇਹ ਸਫੈਦ ਹੈ। ਹੁਣ ਮੈਂ ਸਿਰਫ ਸ਼ਾਂਤੀ ਚਾਹੁੰਦੀ ਹਾਂ। ਤੁਸੀਂ ਇਹ ਪੋਸਟ ਗੁਰਪ੍ਰੀਤ ਕੌਰ ਦੇ ਇੰਸਟਾਗ੍ਰਾਮ 'ਤੇ ਵੇਖ ਸਕਦੇ ਹੋ। ਫਿਲਹਾਲ ਕੁੱਲ੍ਹੜ ਪਿੱਜਾ ਕੱਪਲ ਨੇ ਇਨ੍ਹੀਂ ਦਿਨੀਂ ਸੋਸ਼ਲ ਮੀਡੀਆ ਹੈਂਡਲ ਤੋਂ ਦੂਰੀ ਬਣਾਈ ਹੋਈ ਹੈ। ਦੱਸ ਦੇਈਏ ਕਿ ਹਰ ਵਾਰ ਸੋਸ਼ਲ ਮੀਡੀਆ 'ਕੇ ਇਕੱਠੇ ਨਜਰ ਆਉਣ ਵਾਲਾ ਕੁੱਲ੍ਹੜ ਪਿੱਜਾ ਕੱਪਲ ਕੁਝ ਦਿਨਾਂ ਤੋਂ ਇਕੱਠੇ ਵੀਡੀਓ ਸ਼ੇਅਰ ਨਹੀਂ ਕਰ ਰਿਹਾ। ਗੁਰਪ੍ਰੀਤ ਕੌਰ ਇਕੱਲੀ ਹੀ ਆਪਣੀਆਂ ਵੀਡੀਓਜ ਸ਼ੇਅਰ ਕਰਦੀ ਦਿੱਸ ਰਹੀ ਹੈ। ਇਸ ਦੇ ਨਾਲ ਹੀ ਦੋਹਾਂ ਨੇ ਇਕ-ਦੂਜੇ ਨੂੰ ਇੰਸਟਾਗ੍ਰਾਮ ਹੈਂਡ ਤੋਂ ਵੀ ਅਨਫਾਲੋ ਕਰ ਦਿੱਤਾ ਹੈ, ਜਿਸ ਤੋਂ ਬਾਅਦ ਯੂਜਰਸ ਵੱਲੋਂ ਦੋਵਾਂ ਦੇ ਤਲਾਕ ਦੀਆਂ ਕਿਆਸਆਰੀਆਂ ਸ਼ੁਰੂ ਹੋ ਗਈਆਂ।

## ਮੋਬਾਈਲ ਖੋਹ ਕੇ ਭੱਜ ਰਹੇ ਲੁਟੇਰਿਆਂ 'ਚੋਂ 1 ਨੂੰ ਰਾਹਗੀਰਾਂ ਨੇ ਕੀਤਾ ਕਾਬੂ, ਦੂਜਾ ਲੁਟੇਰਾ ਹੋਇਆ ਫਰਾਰ

ਲੁਧਿਆਣਾ 12 ਸਤੰਬਰ। ਸ਼ੇਖੇਵਾਲ ਰੋਡ 'ਤੇ ਪੈਦਲ ਜਾ ਰਹੇ ਨੌਜਵਾਨ ਦਾ ਮੋਬਾਈਲ ਖੋਹ ਕੇ ਮੋਟਰਸਾਈਕਲ ਸਵਾਰ ਲੁਟੇਰੇ ਫਰਾਰ



ਹੋ ਗਏ। ਭੱਜਣ ਵਾਲੇ ਸਨੈਚਰਾਂ ਨੂੰ ਫੜਨ ਲਈ ਨੌਜਵਾਨ ਨੇ ਰੌਲਾ ਪਾਉਂਦੇ ਹੋਏ ਉਨ੍ਹਾਂ ਦਾ ਪਿੱਛਾ ਕਰਨਾ ਸੂਰੂ ਕਰ ਦਿੱਤਾ। ਰੌਲਾ ਸੁਣ ਕੇ ਰਾਹਗੀਰਾਂ ਨੇ ਮੋਟਰਸਾਈਕਲ ਸਵਾਰਾਂ ਵਿਚੋਂ 1 ਨੂੰ ਕਾਬੂ ਕਰ ਲਿਆ ਅਤੇ ਉਸ ਦੀ ਛਿੱਤਰ-ਪਰੇਡ ਕਰਨ ਤੋਂ ਬਾਅਦ ਉਸ ਨੂੰ ਪੁਲਸ ਹਵਾਲੇ ਕਰ ਦਿੱਤਾ, ਜਦਕਿ ਦੂਜਾ ਲੁਟੇਰਾ ਮੌਕੇ ਤੋਂ ਫਰਾਰ ਹੋ ਗਿਆ। ਥਾਣਾ ਦਰੇਸੀ ਦੀ ਪੁਲਸ ਨੇ ਸ਼ਿਵਪੁਰੀ ਵਾਸੀ ਪੀਤੂਨ ਦੇ ਬਿਆਨਾਂ 'ਤੇ ਕੇਸ ਦਰਜ ਕਰ ਲਿਆ ਹੈ। ਤਫਤੀਸ ਦੌਰਾਨ ਪੁਲਸ ਨੇ ਮੁਲਜਮਾਂ ਕੋਲੋਂ 7 ਮੋਬਾਈਲ ਫੋਨ ਅਤੇ ਇਕ ਮੋਟਰਸਾਈਕਲ ਬਰਾਮਦ ਕੀਤਾ ਹੈ। ਪੁਲਸ ਨੇ ਫੜੇ ਗਏ ਮੁਲਜਮਾਂ ਦੀ ਪਛਾਣ ਮਨਦੀਪ ਕੁਮਾਰ ਉਰਫ ਮਨੀ ਵਾਸੀ ਰਾਜੂ ਕਾਲੋਨੀ ਅਤੇ ਫਰਾਰ ਮੁਲਜਮ ਦੀ ਪਛਾਣ ਲਾਡੀ ਗੁੱਜਰ ਵਜੋਂ ਕੀਤੀ ਹੈ। ਪੀਤੂਨ ਨੇ ਪੁਲਸ ਨੂੰ ਦੱਸਿਆ ਕਿ ਉਹ ਆਪਣੇ ਘਰ ਤੋਂ ਪੈਦਲ ਹੀ ਆਪਣੀ ਦੁਕਾਨ ਵੱਲ ਜਾ ਰਿਹਾ ਸੀ ਕਿ ਫੋਨ 'ਤੇ ਗੱਲ ਕਰ ਰਿਹਾ ਸੀ ਕਿ ਮੋਟਰਸਾਈਕਲ 'ਤੇ ਪਿੱਛੇ ਤੋਂ ਆ ਰਹੇ ਲੁਟੇਰੇ ਉਸ ਦਾ ਮੋਬਾਈਲ ਖੋਹ ਕੇ ਫਰਾਰ ਹੋ ਗਏ। ਜਿਉਂ ਹੀ ਲੁਟੇਰਿਆਂ ਨੇ ਮੋਬਾਈਲ ਖੋਹਿਆ ਤਾਂ ਉਹ ਰੌਲਾ ਪਾਉਣ ਲੱਗਾ ਅਤੇ ਉਨ੍ਹਾਂ ਦੇ ਪਿੱਛੇ ਭੱਜ ਗਿਆ। ਉਸ ਦਾ ਰੌਲਾ ਸੁਣ ਕੇ ਰਾਹਗੀਰਾਂ ਨੇ ਮੋਟਰਸਾਈਕਲ ਚਲਾ ਰਹੇ ਨੌਜਵਾਨ ਨੂੰ ਕਾਬੂ ਕਰ ਲਿਆ, ਜਦੋਂਕਿ ਉਸ ਦਾ ਸਾਥੀ ਮੌਕੇ ਤੋਂ ਫਰਾਰ ਹੋ ਗਿਆ। ਇੰਸਪੈਕਟਰ ਅਵਤਾਰ ਸਿੰਘ ਨੇ ਦੱਸਿਆ ਕਿ ਤਫਤੀਸ ਦੌਰਾਨ ਮੁਲਜਮਾਂ ਕੋਲੋਂ ਬਰਾਮਦ ਹੋਏ ਮੋਟਰਸਾਈਕਲ ਸਬੰਧੀ ਜਾਂਚ ਕੀਤੀ ਜਾ ਰਹੀ ਹੈ। ਮੁਲਜਮਾਂ ਕੋਲੋਂ ਪੁੱਛਗਿੱਛ ਕਰ ਕੇ ਹੋਰ ਵਾਰਦਾਤਾਂ ਦਾ ਪਤਾ ਵੀ ਲਾਇਆ ਜਾ ਰਿਹਾ ਹੈ ਅਤੇ ਮੁਲਜਮ ਨੂੰ ਉਸ ਦੇ ਸਾਥੀ ਸਮੇਤ ਕਾਬੂ ਕਰ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਜਾਂਚ ਦੌਰਾਨ ਸਾਹਮਣੇ ਆਇਆ ਕਿ ਮੁਲਜਮ ਮਨਦੀਪ ਕੁਮਾਰ ਉਰਫ ਮਨੀ ਖਿਲਾਫ ਪਹਿਲਾਂ ਵੀ ਅਪਰਾਧਿਕ ਮਾਮਲੇ ਦਰਜ ਹਨ। ਮੁਲਜਮਾਂ ਕੋਲੋਂ ਹੋਰ ਵੀ ਕਈ ਮਾਮਲੇ ਹੱਲ ਹੋਣ ਦੀ ਸੰਭਾਵਨਾ ਹੈ।

## ਵਾਹਨ ਚੋਰ ਕੋਲੋਂ ਪੁਲਸ ਰਿਮਾਂਡ ਦੌਰਾਨ ਬਰਾਮਦ ਕੀਤੇ 7 ਮੋਟਰਸਾਈਕਲ

ਅੰਮ੍ਰਿਤਸਰ 12 ਸਤੰਬਰ। ਥਾਣਾ ਰਣਜੀਤ ਐਵੇਨਿਊ ਦੀ ਪੁਲਸ ਨੇ ਨਾਕਾਬੰਦੀ ਦੌਰਾਨ ਵੱਖ-ਵੱਖ ਇਲਾਕਿਆਂ ਵਿਚ ਵਾਹਨ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਹਰਨੇਕ ਸਿੰਘ ਨੇਕਾ ਨੂੰ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਕੀਤਾ ਹੈ। ਇਸ ਤੋਂ ਬਾਅਦ ਪੁਲਸ ਨੇ ਮੁਲਜਮ ਖ਼ਿਲਾਫ ਕੇਸ ਦਰਜ ਕਰ ਕੇ ਉਸ ਨੂੰ ਮਾਣਯੋਗ ਅਦਾਲਤ ਦੀਆਂ ਹਦਾਇਤਾਂ 'ਤੇ ਪੁੱਛਗਿੱਛ ਲਈ ਪੁਲਸ ਰਿਮਾਂਡ 'ਤੇ ਲੈ ਲਿਆ ਹੈ। ਤਫਤੀਸ ਦੌਰਾਨ ਮੁਲਜਮ ਕੋਲੋਂ ਵੱਖ-ਵੱਖ ਖੇਤਰਾਂ 'ਚੋਂ ਚੋਰੀ ਕੀਤੇ 6 ਹੋਰ ਮੋਟਰਸਾਈਕਲ ਬਰਾਮਦ ਕੀਤੇ। ਇਹ ਖੁਲਾਸਾ ਰਣਜੀਤ ਐਵੀਨਿਊ ਥਾਣੇ ਦੇ ਇੰਚਾਰਜ ਇੰਸਪੈਕਟਰ ਰੌਬਿਨ ਹੰਸ ਨੇ ਕੀਤਾ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਮੁਲਜਮ ਖ਼ਿਲਾਫ ਦਿਹਾਤੀ ਖੇਤਰ ਵਿੱਚ ਐੱਨ. ਡੀ. ਪੀ. ਐੱਸ ਐਕਟ ਤਹਿਤ ਦੋ ਕੇਸ ਦਰਜ ਹਨ। ਪੁਲਸ ਮੁਲਜਮ ਤੋਂ ਬਾਰੀਕੀ ਨਾਲ ਪੁੱਛਗਿੱਛ ਕਰ ਰਹੀ ਹੈ ਅਤੇ ਜਲਦੀ ਹੀ ਉਸ ਦੇ ਸਾਥੀਆਂ ਨੂੰ ਵੀ ਗ੍ਰਿਫਤਾਰ ਕਰ ਲਿਆ ਜਾਵੇਗਾ।

## ਕਲੱਬਾਂ ਦੇ ਬਾਹਰ ਬੰਬ ਸੁੱਟਣ ਵਾਲੇ ਬਦਮਾਸ਼ਾਂ ਦਾ ਪੁਲਸ ਨਾਲ ਮੁਕਾਬਲਾ

ਨੈਸ਼ਨਲ ਡੈਸਕ 12 ਸਤੰਬਰ। ਸ਼ੁੱਕਰਵਾਰ ਰਾਤ ਲੱਗਭਗ 8 ਵਜੇ ਚੰਡੀਗੜ੍ਹ 'ਚ ਪੀਰਾਂਵਾਲੀ ਨੇੜੇ 2 ਕਲੱਬਾਂ ਦੇ ਬਾਹਰ ਬੰਬ ਸੁੱਟਣ ਵਾਲੇ ਬਦਮਾਸ਼ਾਂ ਦਾ ਸੈਕਟਰ-11 'ਚ ਕ੍ਰਾਈਮ ਬ੍ਰਾਂਚ ਤੇ ਸਥਾਨਕ ਐੱਸ. ਟੀ. ਐੱਫ. ਦੀ ਟੀਮ ਦੇ ਨਾਲ ਮੁਕਾਬਲਾ ਹੋ ਗਿਆ। ਦੋਵੇਂ ਪਾਸਿਓਂ ਲੱਗਭਗ 25 ਰਾਊਂਡ ਫਾਇਰਿੰਗ ਹੋਈ। ਬਾਈਕ ਛੱਡ ਕੇ ਭੱਜੇ 2 ਬਦਮਾਸ਼ ਪੁਲਸ ਦੀ ਗੋਲੀ ਨਾਲ ਜਖਮੀ ਹੋ ਗਏ। ਉਨ੍ਹਾਂ ਦੇ ਪੈਰਾਂ 'ਚ ਗੋਲੀ ਲੱਗੀ। ਮੁਕਾਬਲੇ 'ਚ ਐੱਸ. ਟੀ. ਐੱਫ. ਦੇ 2 ਐੱਸ. ਆਈਜ ਦੀ ਬੁਲੇਟ ਪਰੂਫ ਜੈਕੇਟ 'ਤੇ ਗੋਲੀ ਲੱਗੀ, ਜਿਸ ਨਾਲ ਉਹ ਵਾਲ-ਵਾਲ ਬਚ ਗਏ। ਬਦਮਾਸ਼ਾਂ ਦੀ ਪਛਾਣ ਦੇਵਾ ਦੇ ਵਿਨੇ ਤੇ ਖਰੜ ਦੇ ਅਜੀਤ ਵਜੋਂ ਹੋਈ ਹੈ। ਪੁਲਸ ਨੇ ਦੋਵਾਂ ਨੂੰ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਹੈ। ਪੁਲਸ ਦਾ ਕਹਿਣਾ ਹੈ ਕਿ ਦੋਵਾਂ ਨੇ ਗੈਂਗਸਟਰ ਗੋਲਡੀ ਬਰਾੜ ਦੇ ਖਾਸਮਖਾਸ ਰਣਦੀਪ ਦੇ ਕਹਿਣ 'ਤੇ ਬੰਬ ਸੁੱਟੇ ਸਨ। ਸਿਵਲ ਹਸਪਤਾਲ



ਕੰਪਲੈਕਸ 'ਚ ਦੇਰ ਰਾਤ ਤਕ ਭਾਰੀ ਪੁਲਸ ਫੋਰਸ ਮੌਜੂਦ ਸੀ। ਵਿਨੇ ਨੇ ਐੱਸ. ਟੀ. ਐੱਫ. ਦੀ ਮੁੱਢਲੀ ਪੁੱਛਗਿੱਛ ਵਿਚ ਦੱਸਿਆ, "ਪੇਟਵਾੜ ਦਾ ਇਕ ਨੌਜਵਾਨ ਮੇਰੇ ਨਾਲ ਸਕੂਲ ਵਿਚ ਪੜ੍ਹਦਾ ਸੀ। ਖਰੜ ਦਾ ਅਜੀਤ ਮੇਰਾ ਦੋਸਤ ਹੈ। ਪੇਟਵਾੜ ਦੇ ਨੌਜਵਾਨ ਨੇ ਗੈਂਗਸਟਰ ਗੋਲਡੀ ਬਰਾੜ ਦੇ ਨਜਦੀਕੀ ਰਣਦੀਪ ਨਾਲ ਉਨ੍ਹਾਂ ਦੀ ਫੋਨ 'ਤੇ ਗੱਲ ਕਰਵਾਈ ਸੀ। ਫਿਰ ਪੇਟਵਾੜ ਦੇ ਨੌਜਵਾਨ ਦੇ ਕਹਿਣ 'ਤੇ ਅਸੀਂ ਕਰਨਾਲ ਪਹੁੰਚੇ। ਉੱਥੇ ਇਕ ਅਣਪਛਾਤਾ ਨੌਜਵਾਨ ਸਾਨੂੰ ਬੰਬ ਦੇ ਕੇ ਗਿਆ ਸੀ। ਅਸੀਂ ਦੋਵੇਂ ਬੱਸ ਵਿਚ ਚੰਡੀਗੜ੍ਹ ਪਹੁੰਚੇ ਤਾਂ ਉੱਥੇ ਸਾਨੂੰ ਬਾਈਕ ਮੁਹੱਈਆ ਕਰਵਾਈ ਗਈ।

## ਉਸਾਰੀ ਅਧੀਨ ਸੁਰੰਗ ਦਾ ਇੱਕ ਹਿੱਸਾ ਡਿੱਗਣ ਨਾਲ 1 ਮਜਦੂਰ ਦੀ ਮੌਤ, ਦੋ ਹੋਰ ਜਖਮੀ

ਜੈਪੁਰ 12 ਸਤੰਬਰ। ਰਾਜਸਥਾਨ ਦੇ ਕੋਟਾ ਜ਼ਿਲ੍ਹੇ ਦੇ ਰਾਮਗੰਜ ਮੰਡੀ ਇਲਾਕੇ ਵਿੱਚ ਇੱਕ ਨਿਰਮਾਣ ਅਧੀਨ ਸੁਰੰਗ ਦਾ ਇੱਕ ਹਿੱਸਾ ਡਿੱਗਣ ਕਾਰਨ ਇੱਕ ਮਜਦੂਰ ਦੀ ਮੌਤ ਹੋ ਗਈ ਅਤੇ ਦੋ ਹੋਰ ਜਖਮੀ ਹੋ ਗਏ। ਪੁਲਸ ਸੁਪਰਡੈਂਟ (ਕੋਟਾ ਦਿਹਾਤੀ) ਸੁਜੀਤ ਸੰਕਰ ਨੇ ਦੱਸਿਆ ਕਿ ਸਨੀਵਾਰ ਰਾਤ ਕੋਟਾ 'ਚ ਦਿੱਲੀ-ਮੁੰਬਈ ਐਕਸਪ੍ਰੈੱਸਵੇਅ 'ਤੇ ਨਿਰਮਾਣ ਅਧੀਨ ਸੁਰੰਗ ਦਾ ਇਕ ਹਿੱਸਾ ਡਿੱਗ ਗਿਆ, ਜਿਸ ਕਾਰਨ ਇਕ ਮਜਦੂਰ ਦੀ ਮੌਤ ਹੋ ਗਈ



ਅਤੇ ਦੋ ਹੋਰ ਜਖਮੀ ਹੋ ਗਏ। ਉਨ੍ਹਾਂ ਦੱਸਿਆ ਕਿ ਸੁਰੰਗ ਟੁੱਟਣ ਕਾਰਨ ਤਿੰਨ ਮਜਦੂਰ ਮਲਬੇ ਹੇਠਾਂ ਦੱਬੇ ਗਏ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ। ਹਸਪਤਾਲ ਵਿਖੇ ਡਾਕਟਰਾਂ ਨੇ ਸਮਸੇਰ ਸਿੰਘ (33) ਨੂੰ ਮ੍ਰਿਤਕ ਐਲਾਨ ਦਿੱਤਾ, ਜਦਕਿ ਬਾਕੀ ਦੇ ਦੋਵੇਂ ਜਖਮੀ ਮਜਦੂਰ ਹਸਪਤਾਲ ਵਿੱਚ ਜੇਰੇ ਇਲਾਜ ਹਨ। ਉਨ੍ਹਾਂ ਦੱਸਿਆ ਕਿ ਇਹ ਹਾਦਸਾ ਰਾਮਗੰਜ ਮੰਡੀ ਦੇ ਮੋਦਕ ਇਲਾਕੇ ਵਿੱਚ ਵਾਪਰਿਆ ਹੈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਅਤੇ ਨੈਸਨਲ ਹਾਈਵੇਅ ਅਥਾਰਟੀ () ਦੇ ਅਧਿਕਾਰੀ ਮੌਕੇ 'ਤੇ ਪਹੁੰਚ ਗਏ।

## ਪੁਲਸ ਦੀ ਵੱਡੀ ਕਾਰਵਾਈ, 10 ਖਤਰਨਾਕ ਨਸਾ ਤਸਕਰ ਕੀਤੇ ਗ੍ਰਿਫਤਾਰ

ਸ੍ਰੀਨਗਰ 12 ਸਤੰਬਰ। ਨਸੀਲੇ ਪਦਾਰਥਾਂ ਦੀ ਤਸਕਰੀ ਦੇ ਖਿਲਾਫ ਆਪਣੀ ਕਾਰਵਾਈ ਨੂੰ ਜਾਰੀ ਰੱਖਦੇ ਹੋਏ, ਸ੍ਰੀਨਗਰ ਦੀ ਪੁਲਸ ਨੇ ਨਸੀਲੇ ਪਦਾਰਥਾਂ ਅਤੇ ਮਨੋਵਿਗਿਆਨਕ ਪਦਾਰਥਾਂ ਦੀ ਗੈਰ-ਕਾਨੂੰਨੀ ਆਵਾਜਾਈ ਦੀ ਰੋਕਥਾਮ ਐਕਟ (ਪੀਆਈਟੀ-ਐੱਨਡੀਪੀਐੱਸ ਐਕਟ) ਦੇ ਤਹਿਤ 10 ਬਦਨਾਮ ਨਸਾ ਤਸਕਰਾਂ ਦੇ ਖਿਲਾਫ ਮਾਮਲਾ ਦਰਜ ਕੀਤਾ ਹੈ। ਇਨ੍ਹਾਂ ਨਸਾ ਤਸਕਰਾਂ ਵਿੱਚ ਰਿਜਵਾਨ ਬਸੀਰ ਧੋਬੀ ਪੁੱਤਰ ਬਸੀਰ ਅਹਿਮਦ ਧੋਬੀ ਵਾਸੀ ਸਾਕੀਦਾਫਰ ਸਫਾਕਦਲ (ਮੌਜੂਦਾ ਗਰਿੱਡ ਕਲੋਨੀ ਸ੍ਰੀਨਗਰ), ਪਰਵੇਜ ਅਹਿਮਦ ਭੱਟ ਪੁੱਤਰ ਨੂਰ ਮੁਹੰਮਦ ਭੱਟ ਵਾਸੀ ਕਰਨਾਬਲ ਟਾਕਨਵਾੜੀ ਪੋਰਾ, ਸ੍ਰੀਨਗਰ, ਓਵੈਸ ਹੁਸੈਨ ਮੀਰ ਪੁੱਤਰ ਸੱਜਾਦ ਹੁਸੈਨ ਮੀਰ ਵਾਸੀ ਤਾਂਗਬਾਗ, ਨਵਾਪੋਰਾ, ਸ੍ਰੀਨਗਰ, ਨਦੀਮ ਹੁਸੈਨ ਭੱਟ ਪੁੱਤਰ ਮੁਸਤਾਕ ਅਹਿਮਦ ਭੱਟ ਵਾਸੀ ਬਟਵਾੜਾ, ਸ੍ਰੀਨਗਰ, ਸੇਖ ਜਿਬਰਾਨ ਨਿਸਾਰ ਪੁੱਤਰ ਨਿਸਾਰ ਅਹਿਮਦ ਸੇਖ ਵਾਸੀ ਬਟਾਵਾੜਾ, ਸ੍ਰੀਨਗਰ, ਰਕੀਬ ਲਤੀਫ ਭੱਟ ਉਰਫ ਆਮਿਰ ਪੁੱਤਰ ਮੁਹੰਮਦ ਲਤੀਫ ਭੱਟ ਵਾਸੀ ਭੱਟ ਮੁਹੱਲਾ, ਅਲੂਚੀਬਾਗ, ਸ੍ਰੀਨਗਰ, ਅਬਦੁਲ ਅਹਦ ਭੱਟ ਪੁੱਤਰ ਮੁਹੰਮਦ ਸੁਲਤਾਨ ਭੱਟ ਵਾਸੀ ਬਨਪੋਰਾ, ਬਟਮਾਲੂ , ਸ੍ਰੀਨਗਰ, ਮੋਇਨ ਖਾਨ ਉਰਫ ਮੋਇਨ ਪੁੱਤਰ ਗੁਲਾਮ ਹਸਨ ਖਾਨ ਉਰਫ ਮਾਮਾ ਵਾਸੀ ਟੇਂਗਪੋਰਾ ਬਾਈਪਾਸ, ਸ੍ਰੀਨਗਰ, ਸੱਜਾਦ ਅਹਿਮਦ ਬੇਗ ਉਰਫ ਬੋਆ ਪੁੱਤਰ ਸਵਰਗਵਾਸੀ ਅਬਦੁਲ ਹਾਮਿਦ ਬੇਗ, ਵਾਸੀ ਮਦੀਨਾ ਕਲੋਨੀ, ਅਲੋਚੀਬਾਗ ਸੈਕਟਰ ਬੀ ਅਤੇ ਅਰਸੀਦ ਅਹਿਮਦ ਮੀਰ ਨੂੰ ਸ੍ਰੀਨਗਰ ਪੁਲਸ ਦੁਆਰਾ ਉਨ੍ਹਾਂ ਦੇ ਖਿਲਾਫ ਤਿਆਰ ਕੀਤੇ ਡੋਜੀਅਰ ਦੇ ਅਧਾਰ 'ਤੇ ਡਿਵੀਜਨਲ



ਕਮਿਸਨਰ, ਕਸਮੀਰ ਤੋਂ ਰਸਮੀ ਨਜਰਬੰਦੀ ਦੇ ਆਦੇਸ ਪ੍ਰਾਪਤ ਕਰਨ ਤੋਂ ਬਾਅਦ ਪੀਆਈਟੀ-ਐੱਨਡੀਪੀਐੱਸ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਨ੍ਹਾਂ ਨਸਾ ਤਸਕਰਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਅਤੇ ਬਾਅਦ ਵਿੱਚ ਕੇਂਦਰੀ ਜੇਲ੍ਹ ਕੋਟ-ਬਲਵਾਲ, ਜੰਮੂ ਅਤੇ ਭਦਰਵਾਹ, ਊਧਮਪੁਰ ਅਤੇ ਕਠੂਆ ਦੀਆਂ ਜ਼ਿਲ੍ਹਾ ਜੇਲ੍ਹਾਂ ਵਿੱਚ ਬੰਦ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਹ ਨਸਾ ਤਸਕਰ ਸ੍ਰੀਨਗਰ ਦੇ ਨੌਜਵਾਨਾਂ ਵਿੱਚ ਚਿੰਤਾਜਨਕ ਪੱਧਰ 'ਤੇ ਨਸਾ ਤਸਕਰੀ ਦਾ ਧੰਦਾ ਕਰ ਰਹੇ ਹਨ। ਇਸ ਤੋਂ ਇਲਾਵਾ ਉਹ ਸ੍ਰੀਨਗਰ ਦੇ ਵੱਖ-ਵੱਖ ਥਾਣਿਆਂ ਵਿੱਚ ਐੱਨਡੀਪੀਐੱਸ ਐਕਟ ਦੇ ਕਈ ਕੇਸਾਂ ਵਿੱਚ ਵੀ ਸਾਮਲ ਸੀ। ਉਨ੍ਹਾਂ ਵਿਰੁੱਧ ਐੱਨਡੀਪੀਐੱਸ ਐਕਟ ਦੇ ਕਈ ਕੇਸ ਦਰਜ ਹੋਣ ਦੇ ਬਾਵਜੂਦ ਅਦਾਲਤਾਂ ਤੋਂ ਜਮਾਨਤ ਮਿਲਣ ਤੋਂ ਬਾਅਦ ਵੀ ਉਨ੍ਹਾਂ ਨੇ ਆਪਣਾ ਰਾਹ ਨਹੀਂ ਸੁਧਾਰਿਆ ਅਤੇ ਆਪਣੇ ਗੈਰ-ਕਾਨੂੰਨੀ ਨਸੀਲੇ ਪਦਾਰਥਾਂ ਦੇ ਨੈੱਟਵਰਕ ਰਾਹੀਂ ਘਾਟੀ ਦੇ ਨੌਜਵਾਨਾਂ, ਖਾਸ ਕਰਕੇ ਸ੍ਰੀਨਗਰ ਵਿੱਚ ਖੁੱਲ੍ਹੇਆਮ ਨਸਾ ਵੇਚ ਰਹੇ ਸਨ ਸੀ। ਪੁਲਸ ਨੇ ਪੀਆਈਟੀ-ਐੱਨਡੀਪੀਐੱਸ ਐਕਟ ਦੀਆਂ ਧਾਰਾਵਾਂ ਤਹਿਤ ਉਨ੍ਹਾਂ ਦੀਆਂ ਜਾਇਦਾਦਾਂ ਕੁਰਕ ਕਰਨ ਦੀ ਪ੍ਰਕਿਰਿਆ ਵੀ ਸੁਰੂ ਕਰ ਦਿੱਤੀ ਹੈ।

## ਸਾਗ ਖਾਣ ਦੇ ਸ਼ੌਕੀਨ ਹੋ ਜਾਣ ਸਾਵਧਾਨ !

ਫਿਰੋਜ਼ਪੁਰ 12 ਸਤੰਬਰ। ਸਾਗ ਅਤੇ ਹਰੀਆਂ ਸਬਜ਼ੀਆਂ ਖਾਣ ਵਾਲੇ ਲੋਕ ਸਾਵਧਾਨ ਹੋ ਜਾਣ, ਕਿਤੇ ਸਾਗ ਦੇ ਸੁਆਦ ਕਾਰਨ ਸੱਪ ਵਰਗੀ ਜ਼ਹਿਰੀਲੀ ਚੀਜ ਨਾ ਖਾ ਜਾਇਓ। ਜੀ ਹਾਂ, ਹਰੇ-ਭਰੇ ਸਾਗ ਦੇ ਪੱਤਿਆਂ 'ਚ ਸੱਪ ਵਰਗਾ ਜੀਵ ਮਿਲਣ ਦੀ ਖਬਰ ਪ੍ਰਾਪਤ ਹੋਈ ਹੈ। ਜਾਣਕਾਰੀ ਅਨੁਸਾਰ ਫਿਰੋਜ਼ਪੁਰ ਛਾਉਣੀ ਏਰੀਆ 'ਚ ਅੱਜ ਜਦੋਂ ਇਕ ਔਰਤ ਸਾਗ ਬਣਾਉਣ ਦੀ ਤਿਆਰੀ ਕਰ ਰਹੀ ਸੀ ਤਾਂ ਸਾਗ ਕੱਟਦੇ ਸਮੇਂ ਉਸ ਦੇ ਹੱਥਾਂ 'ਚ ਸੱਪ ਵਰਗੀ ਚੀਜ ਆ ਗਈ ਅਤੇ ਉਹ ਹੈਰਾਨ ਰਹਿ ਗਈ। ਔਰਤ ਨੇ ਦੱਸਿਆ ਕਿ ਸਾਗ ਦੇ ਹਰੇ ਪੱਤਿਆਂ ਦੇ ਨਾਲ-ਨਾਲ ਇਹ ਸੱਪ ਵਰਗਾ ਜੀਵ ਵੀ ਕੱਟਿਆ ਗਿਆ। ਉਨ੍ਹਾਂ ਕਿਹਾ ਕਿ ਅੱਜ-ਕੱਲ੍ਹ ਮੰਡੀ ਵਿਚ ਹਰੀਆਂ ਸਬਜ਼ੀਆਂ ਦਾ ਰੁਝਾਨ ਹੈ ਅਤੇ ਜਦੋਂ ਵੀ ਤੁਸੀਂ ਸਾਗ ਜਾਂ ਕੋਈ ਹੋਰ ਹਰੀ ਸਬਜ਼ੀ ਬਣਾਉਂਦੇ ਹੋ ਤਾਂ ਇਸ ਗੱਲ ਨੂੰ ਗੰਭੀਰਤਾ ਨਾਲ ਲਵੋ ਕਿ ਇਸ ਵਿਚ ਕੋਈ ਜ਼ਹਿਰੀਲੀ ਚੀਜ਼ ਤਾਂ ਨਹੀਂ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈੱਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਪਤਨੀ ਦੇ ਨਿੱਜੀ ਵੀਡੀਓ ਵਾਇਰਲ ਕਰਨ ਤੇ ਧੀ ਸਾਹਮਣੇ ਗ਼ਲਤ ਹਰਕਤਾਂ ਕਰਨ ਦੇ ਦੋਸ਼ ਹੇਠ ਪਤੀ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਕੇਰਲ 12 ਸਤੰਬਰ। ਕੇਰਲ ਦੇ ਕੋਟਿਅਮ ਵਿੱਚ ਰਿਸ਼ਤਿਆਂ ਨੂੰ ਤਾਰ-ਤਾਰ ਕਰਨ ਵਾਲਾ ਇੱਕ ਬੇਹੱਦ ਘਿਨਾਉਣਾ ਮਾਮਲਾ ਸਾਹਮਣੇ ਆਇਆ ਹੈ, ਜਿਥੇ ਪੁਲਸ ਨੇ ਇੱਕ 31 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ 'ਤੇ ਆਪਣੀ ਪਤਨੀ ਦੇ ਨਿੱਜੀ ਵੀਡੀਓ ਅਸ਼ਲੀਲ ਵੈੱਬਸਾਈਟਾਂ 'ਤੇ ਅਪਲੋਡ ਕਰਨ ਅਤੇ ਆਪਣੀ ਹੀ 4 ਸਾਲ ਦੀ ਮਾਸੂਮ ਧੀ ਦੇ ਸਾਹਮਣੇ ਅਸ਼ਲੀਲ ਹਰਕਤਾਂ ਕਰਨ ਦਾ ਗੰਭੀਰ ਦੋਸ਼ ਹੈ। ਪੁਲਸ ਨੇ ਪੀੜਤ ਪਤਨੀ ਦੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਕਰਦੇ ਹੋਏ ਮੁਲਜ਼ਮ ਖ਼ਿਲਾਫ਼ ਬੱਚਿਆਂ ਨੂੰ ਯੌਨ ਅਪਰਾਧਾਂ ਤੋਂ ਸੁਰੱਖਿਆ ਪ੍ਰਦਾਨ ਕਰਨ ਵਾਲੇ ਪੋਕਸੋ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਮੁਤਾਬਕ, ਮੁਲਜ਼ਮ ਮੂਲ ਰੂਪ ਵਿੱਚ ਮੱਲਾਪਾਡ ਦਾ ਰਹਿਣ ਵਾਲਾ ਹੈ ਅਤੇ ਪਿਛਲੇ ਲਗਭਗ ਚਾਰ ਸਾਲਾਂ ਤੋਂ ਯੂਕੇ ਵਿੱਚ ਆਪਣੀ ਪਤਨੀ ਅਤੇ ਧੀ ਨਾਲ ਰਹਿ ਰਿਹਾ ਸੀ। ਦੋਵਾਂ ਦਾ ਵਿਆਹ ਛੇ ਸਾਲ ਪਹਿਲਾਂ ਹੋਇਆ ਸੀ। ਯੂਕੇ ਵਿੱਚ ਰਹਿਣ ਦੌਰਾਨ ਹੀ ਪਤਨੀ ਦੇ ਦੋਸਤਾਂ ਨੇ ਉਸ ਨੂੰ ਇੰਟਰਨੈੱਟ 'ਤੇ ਉਸ ਦੇ ਨਿੱਜੀ ਵੀਡੀਓ ਵਾਇਰਲ ਹੋਣ ਬਾਰੇ ਦੱਸਿਆ। ਜਦੋਂ ਪਤਨੀ ਨੇ ਸ਼ੱਕ ਦੇ ਆਧਾਰ 'ਤੇ ਪਤੀ ਦਾ ਮੋਬਾਈਲ ਫ਼ੋਨ ਚੈੱਕ ਕੀਤਾ, ਤਾਂ ਉਸ ਵਿੱਚ ਇੱਕ ਅਜਿਹਾ ਵੀਡੀਓ ਮਿਲਿਆ ਜਿੱਥੇ ਪਤੀ ਆਪਣੀ 4 ਸਾਲ ਦੀ ਧੀ ਦੀ ਮੌਜੂਦਗੀ ਵਿੱਚ ਅਸ਼ਲੀਲ ਹਰਕਤ ਕਰ ਰਿਹਾ ਸੀ। ਇਸ ਘਟਨਾ ਤੋਂ ਬਾਅਦ ਇਹ ਪਰਿਵਾਰ ਕੇਰਲ ਵਾਪਸ ਆ ਗਿਆ, ਜਿੱਥੇ ਪਤੀ ਦੀ ਤਿੰਨ ਦਿਨਾਂ ਤੱਕ ਕਾਊਂਸਲਿੰਗ ਵੀ ਕਰਵਾਈ ਗਈ। ਪਰ ਇਸ ਦੇ ਬਾਵਜੂਦ ਮੁਲਜ਼ਮ ਦੀਆਂ ਹਰਕਤਾਂ ਬੰਦ ਨਹੀਂ ਹੋਈਆਂ ਅਤੇ ਉਸ ਨੇ ਬੱਚੀ ਨਾਲ ਸਬੰਧਤ ਇੱਕ ਹੋਰ ਵੀਡੀਓ ਰਿਕਾਰਡ ਕਰ ਲਈ। ਜਦੋਂ ਪਤਨੀ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਤਾਂ ਪਤੀ ਨੇ ਉਸ ਨਾਲ ਬੇਰਹਿਮੀ ਨਾਲ ਕੁੱਟਮਾਰ ਕੀਤੀ, ਜਿਸ ਕਾਰਨ ਉਸ ਨੂੰ ਹਸਪਤਾਲ ਵਿੱਚ ਭਰਤੀ ਕਰਵਾਉਣਾ ਪਿਆ। ਹਸਪਤਾਲ ਵਿੱਚ ਹੀ ਪੁਲਸ ਨੇ ਪੀੜਤਾ ਦੇ ਬਿਆਨ ਦਰਜ ਕਰਕੇ ਕਾਰਵਾਈ ਸ਼ੁਰੂ ਕੀਤੀ। ਪੀੜਤਾ ਦੇ ਵਕੀਲ ਪ੍ਰਸ਼ਾਂਤ ਵੀ. ਕੁਰੂਪ ਨੇ ਮੁਲਜ਼ਮ 'ਤੇ ਇੱਕ ਹੋਰ ਗੰਭੀਰ ਦੋਸ਼ ਲਗਾਇਆ ਹੈ ਕਿ ਉਹ ਆਪਣੀ ਪਤਨੀ 'ਤੇ ਵਾਈਫ਼ ਸਵੈਪਿੰਗ (ਪਤਨੀਆਂ ਦੀ ਅਦਲਾ-ਬਦਲੀ) ਵਿੱਚ ਸ਼ਾਮਲ ਹੋਣ ਲਈ ਵੀ ਲਗਾਤਾਰ ਦਬਾਅ ਬਣਾ ਰਿਹਾ ਸੀ, ਜਿਸ ਲਈ ਪਤਨੀ ਕਦੇ ਵੀ ਸਹਿਮਤ ਨਹੀਂ ਹੋਈ। ਵਕੀਲ ਅਨੁਸਾਰ, ਸ਼ੁਰੂ ਵਿੱਚ ਪੁਲਸ ਨੇ ਮਾਮਲੇ ਵਿੱਚ ਢਿੱਲ ਵਰਤੀ, ਪਰ ਜਦੋਂ ਪੀੜਤ ਪੱਖ ਨੇ ਕੇਰਲ ਹਾਈ ਕੋਰਟ ਜਾਣ ਦੀ ਤਿਆਰੀ ਕੀਤੀ, ਤਾਂ ਪੁਲਸ ਨੇ ਮੁਲਜ਼ਮ ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ। ਫਿਲਹਾਲ ਪੁਲਸ ਮੋਬਾਈਲ ਫ਼ੋਨ ਅਤੇ ਹੋਰ ਸਬੂਤਾਂ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ।



## ਮਾਛੀਵਾੜਾ 'ਚ ਅਵਾਰਾ ਕੁੱਤਿਆਂ ਦਾ ਕਹਿਰ, 5 ਲੋਕਾਂ ਨੂੰ ਵੱਢਿਆ

ਮਾਛੀਵਾੜਾ ਸਾਹਿਬ 12 ਸਤੰਬਰ। ਮਾਛੀਵਾੜਾ ਇਲਾਕੇ ਵਿਚ ਅਵਾਰਾ ਕੁੱਤਿਆਂ ਦਾ ਖੌਫ਼ ਘੱਟ ਹੋਣ ਦਾ ਨਾਂ ਨਹੀਂ ਲੈ ਰਿਹਾ। ਅੱਜ ਨੇੜਲੇ ਪਿੰਡ ਇਰਾਕ ਵਿਚ ਖੂੰਖਾਰ ਕੁੱਤਿਆਂ ਨੇ ਇੱਕ ਦਿਨ 'ਚ 5 ਲੋਕਾਂ ਨੂੰ ਵੱਢ ਕੇ ਜ਼ਖਮੀ ਕਰ ਦਿੱਤਾ। ਮਾਛੀਵਾੜਾ ਹਸਪਤਾਲ 'ਚ ਇਲਾਜ ਲਈ ਆਏ ਅਮਨ (3) ਦੀ ਮਾਂ ਮਮਤਾ ਨੇ ਦੱਸਿਆ ਕਿ ਉਸ ਦਾ ਪੁੱਤਰ ਘਰ ਦੇ ਬਾਹਰ ਖੇਡ ਰਿਹਾ ਸੀ। ਅਚਾਨਕ ਇਕ ਕੁੱਤੇ ਨੇ ਉਸ 'ਤੇ ਹਮਲਾ ਕਰ ਦਿੱਤਾ। ਕੁੱਤੇ ਨੇ ਬੱਚੇ ਦੇ ਸਿਰ ਅਤੇ ਸਰੀਰ ਨੂੰ ਬੁਰੀ ਤਰ੍ਹਾਂ ਨੋਚ ਕੇ ਜ਼ਖਮੀ ਕਰ ਦਿੱਤਾ। ਉਹ ਬਚਾਉਣ ਆਈ ਤਾਂ ਕੁੱਤੇ ਨੇ ਉਸ ਨੂੰ ਵੀ ਬੁਰੀ ਤਰ੍ਹਾਂ ਵੱਢ ਕੇ ਜ਼ਖਮੀ ਕਰ ਦਿੱਤਾ। ਇਸੇ ਦੌਰਾਨ ਪਿੰਡ ਦੀ ਇਕ ਹੋਰ ਕੁੜੀ ਰਿਨਾ ਹਸਪਤਾਲ ਪਹੁੰਚੀ, ਜਿਸ ਨੂੰ ਵੀ ਅਵਾਰਾ ਕੁੱਤੇ ਨੇ ਸ਼ਿਕਾਰ ਬਣਾਇਆ ਸੀ। ਸਟਾਫ ਨਰਸ ਹਰਮਿੰਦਰ ਕੌਰ ਨੇ ਦੱਸਿਆ ਕਿ ਅੱਜ ਸਵੇਰ ਤੋਂ ਪਿੰਡ ਇਰਾਕ ਤੋਂ ਕੁੱਤਿਆਂ ਦੇ ਵੱਢਣ ਦੇ 5 ਮਾਮਲੇ ਆ ਚੁੱਕੇ ਹਨ।

## ਚੋਰੀ ਦੇ ਮੋਟਰਸਾਈਕਲ, ਨਾਜਾਇਜ਼ ਪਿਸਟਲ ਤੇ 2 ਜ਼ਿੰਦਾ ਰੌਂਦ ਸਮੇਤ ਨੌਜਵਾਨ ਗ੍ਰਿਫ਼ਤਾਰ

ਬਟਾਲਾ/ਸ੍ਰੀ ਅੱਚਲ ਸਾਹਿਬ 12 ਸਤੰਬਰ। ਥਾਣਾ ਰੰਗੜ ਨੰਗਲ ਦੀ ਪੁਲਸ ਨੇ ਚੋਰੀ ਦੇ ਮੋਟਰਸਾਈਕਲ, ਨਾਜਾਇਜ਼ ਪਿਸਟਲ ਅਤੇ 2 ਜ਼ਿੰਦਾ ਰੌਂਦ ਸਮੇਤ ਇਕ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ। ਐੱਸ. ਐੱਚ. ਓ. ਸੁਖਜਿੰਦਰ ਸਿੰਘ ਨੇ ਦੱਸਿਆ ਕਿ ਐੱਸ. ਐੱਸ. ਪੀ. ਬਟਾਲਾ ਡਾ. ਮਹਿਤਾਬ ਸਿੰਘ ਅਤੇ ਡੀ. ਐੱਸ. ਪੀ. ਸ੍ਰੀ ਹਰਗੋਬਿੰਦਪੁਰ ਸਾਹਿਬ ਮਨੋਜ ਕੁਮਾਰ ਦੇ ਨਿਰਦੇਸ਼ਾਂ ਤਹਿਤ ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਚਲਾਈ ਮੁਹਿੰਮ ਤਹਿਤ ਏ. ਐੱਸ. ਆਈ. ਅਵਤਾਰ ਸਿੰਘ ਨੇ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਪੰਜਗਰਾਈਆਂ ਤੋਂ ਰਾਜਾ ਸਿੰਘ ਵਾਸੀ ਪਿੰਡ ਕੋਟਲਾ ਮੂਸਾ ਨੂੰ ਕਾਬੂ ਕੀਤਾ। ਉਨ੍ਹਾਂ ਦੱਸਿਆ ਕਿ ਉਕਤ ਨੌਜਵਾਨ ਕੋਲੋਂ ਇਕ ਚੋਰੀ ਦਾ ਮੋਟਰਸਾਈਕਲ, ਇਕ ਨਾਜਾਇਜ਼ ਪਿਸਟਲ 30 ਬੋਰ ਅਤੇ 2 ਜ਼ਿੰਦਾ ਰੌਂਦ ਬਰਾਮਦ ਹੋਏ ਹਨ।

## ਲੁੱਟ-ਖੋਹ ਦੀ ਫਿਰਾਕ 'ਚ ਬੈਠਾ ਗਿਰੋਹ ਕਾਬੂ, ਹਥਿਆਰ ਵੀ ਬਰਾਮਦ

ਕੋਟਕਪੂਰਾ 12 ਸਤੰਬਰ। ਥਾਣਾ ਸਿਟੀ ਪੁਲਸ ਕੋਟਕਪੂਰਾ ਵੱਲੋਂ ਲੁੱਟ-ਖੋਹ ਕਰਨ ਦੀ ਫਿਰਾਕ ਵਿਚ ਬੈਠੇ ਗਿਰੋਹ ਦੇ ਪੰਜ ਵਿਅਕਤੀਆਂ ਨੂੰ ਵਾਰਦਾਤ ਕਰਨ ਤੋਂ ਪਹਿਲਾ ਹੀ ਕਾਬੂ ਕਰ ਲਏ ਜਾਣ ਦਾ ਪਤਾ ਲੱਗਾ ਹੈ। ਕਾਬੂ ਕੀਤੇ ਗਏ ਵਿਅਕਤੀਆਂ ਦੀ ਪਛਾਣ ਸੰਦੀਪ ਸਿੰਘ ਉਰਫ ਸੀਪਾ, ਰਾਮ ਸਿੰਘ ਉਰਫ ਰਾਮਾ, ਅੰਮ੍ਰਿਤਪਾਲ ਸਿੰਘ ਉਰਫ ਅੰਮ੍ਰਿਤ, ਅਜੇ ਸਿੰਘ ਉਰਫ ਨਗੀਨ ਅਤੇ ਅਮਰਜੀਤ ਬਿੰਦ ਵਜੋਂ ਹੋਈ ਹੈ, ਜੋ ਕਿ ਸਾਰੇ ਹੀ ਕੋਟਕਪੂਰਾ ਦੇ ਵਸਨੀਕ ਹਨ। ਇਸ ਸਬੰਧੀ ਅੱਜ ਜਾਣਕਾਰੀ ਦਿੰਦੇ ਹੋਏ ਜਤਿੰਦਰ ਸਿੰਘ ਡੀ.ਐੱਸ.ਪੀ. ਕੋਟਕਪੂਰਾ ਨੇ ਦੱਸਿਆ ਕਿ ਇੰਸਪੈਕਟਰ ਚਮਕੌਰ ਸਿੰਘ ਮੁੱਖ ਅਫਸਰ ਥਾਣਾ ਸਿਟੀ ਕੋਟਕਪੂਰਾ ਦੀ ਨਿਗਰਾਨੀ ਹੇਠ ਸਹਾਇਕ ਥਾਣੇਦਾਰ ਭੁਪਿੰਦਰਜੀਤ ਸਿੰਘ ਪੁਲਸ ਪਾਰਟੀ ਸਮੇਤ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਦੇ ਸਬੰਧ ਵਿਚ ਸ਼ਹੀਦ ਭਗਤ ਸਿੰਘ ਕਾਲਜ ਨਜ਼ਦੀਕ ਜਾ ਰਹੇ ਸੀ ਤਾਂ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਕੁੱਝ ਵਿਅਕਤੀਆਂ ਜੋ ਕਿ ਜੁਰਮ ਕਰਨ ਦੇ ਆਦਿ ਹਨ ਅਤੇ ਅੱਜ ਵੀ ਗੁਰੂ ਤੇਗ ਬਹਾਦਰ ਨਗਰ ਤੋਂ ਰੱਬ ਵਾਲੇ ਖੂਹ ਵੱਲ ਨੂੰ ਜਾਂਦੇ ਬੇਆਬਾਦ ਪਈ ਖਾਲੀ ਜਗ੍ਹਾ ਵਿੱਚ ਲੁੱਟ-ਖੋਹ ਕਰਨ ਦੀ ਯੋਜਨਾ ਬਣਾ ਰਹੇ ਹਨ ਅਤੇ ਇਨ੍ਹਾਂ ਕੋਲ ਮਾਰੂ ਹਥਿਆਰ ਵੀ ਹਨ। ਸੂਚਨਾ ਦੇ ਆਧਾਰ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਇਨ੍ਹਾਂ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਮੌਕੇ 'ਤੇ ਇਨ੍ਹਾਂ ਤੋਂ ਤੇਜ਼ਧਾਰ ਹਥਿਆਰ 2 ਖੰਡੇ, 1 ਗਰਾਰੀ ਲੱਗੀ ਲੋਹੇ ਦੀ ਰਾਡ, 1 ਕਾਪਾ ਅਤੇ 1 ਸੱਬਲ ਬਰਾਮਦ ਕੀਤੇ ਗਏ। ਇਸ ਸਬੰਧੀ ਉਕਤ ਵਿਅਕਤੀਆਂ ਖਿਲਾਫ ਥਾਣਾ ਸਿਟੀ ਕੋਟਕਪੂਰਾ ਵਿਖੇ ਮੁਕੱਦਮਾ ਦਰਜ ਕਰ ਕੇ ਇਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ। ਇਨ੍ਹਾਂ ਦੇ ਕ੍ਰਿਮੀਨਲ ਰਿਕਾਰਡ ਦੀ ਜਾਂਚ ਕੀਤੀ ਗਈ ਤਾਂ ਇਹ ਸਾਹਮਣੇ ਆਇਆ ਕਿ ਇਸ ਗਿਰੋਹ ਵਿਚ ਸ਼ਾਮਲ ਵਿਅਕਤੀਆਂ ਖਿਲਾਫ ਪਹਿਲਾਂ ਵੀ ਨਸ਼ੇ ਦੀ ਤਸਕਰੀ ਅਤੇ ਚੋਰੀ ਦੀਆਂ ਵਾਰਦਾਤਾਂ ਸਬੰਧੀ 5 ਮਾਮਲੇ ਦਰਜ ਹਨ।

**NAME CHANGE**

I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**

I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**

I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**

It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**

Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**PUBLIC NOTICE**

My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

**PUBLIC NOTICE**

I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**

I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**

I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**

I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**

I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਰਿਸ਼ਤਿਆਂ ਦੀ ਭਾਲ ਅਤੇ ਪਰਦੇਸੀ



ਕੋਈ ਸਮਾਂ ਸੀ ਜਦੋਂ ਮੁੰਡੇ-ਕੁੜੀ ਦਾ ਰਿਸ਼ਤਾ ਘਰ, ਘਰਾਣਾ ਜਾਂ ਖ਼ਾਨਦਾਨ ਦੇਖ ਕੇ ਕੀਤਾ ਜਾਂਦਾ ਸੀ। ਲਾਗੀ ਲੋਕ ਮੁੰਡੇ ਵਾਲਿਆਂ ਦੇ ਘਰ ਜਾ ਕੇ ਗੁੜ ਦੀ ਰੋੜੀ ਅਤੇ ਇੱਕ ਰੁਪਿਆ ਸ਼ਗਨ ਦਾ ਦੇ ਆਉਂਦੇ ਸਨ ਅਤੇ ਰਿਸ਼ਤਾ ਪੱਕਾ ਸਮਝਿਆ ਜਾਂਦਾ ਸੀ। ਕੋਈ ਦੇਖ-ਦਿਖਾਵਾ ਨਹੀਂ ਸੀ ਹੁੰਦਾ। ਜ਼ਬਾਨ 'ਤੇ ਵਿਸ਼ਵਾਸ ਕੀਤਾ ਜਾਂਦਾ ਸੀ। ਸਾਹੇ ਚਿੱਠੀ ਵੀ ਲਾਗੀ ਹੀ ਲੈ ਕੇ ਜਾਂਦੇ ਸਨ। ਫੋਨ ਤਾਂ ਹੁੰਦੇ ਹੀ ਨਹੀਂ ਸਨ। ਆਪਸੀ ਪੱਤਰ-ਵਿਹਾਰ, ਮੁੰਦਰੀਆਂ ਦੀ ਵਟਾਂਦਰਾ ਰਸਮ, ਚੂੜੀਆਂ ਜਾਂ ਚੁੰਨੀ ਚੜ੍ਹਾਉਣ ਆਦਿ ਵਰਗੇ ਖ਼ਰਚੀਲੇ ਅਤੇ ਫਾਲਤੂ ਰਿਵਾਜ ਵੀ ਨਹੀਂ ਸਨ ਹੁੰਦੇ। ਮੁੰਡਾ-ਕੁੜੀ ਵਿਆਹ ਤੋਂ ਬਾਅਦ ਹੀ ਇੱਕ-ਦੂਜੇ ਨੂੰ ਦੇਖਦੇ ਸਨ। ਦੋਵਾਂ ਦਿਲਾਂ ਵਿੱਚ ਇੱਕ-ਦੂਜੇ ਲਈ ਕਿੰਨਾ ਚਾਅ, ਪਿਆਰ ਅਤੇ ਤਾਂਘ ਹੁੰਦੀ ਸੀ। ਜਵਾਨ ਦਿਲ ਇੱਕ-ਦੂਜੇ ਨੂੰ ਦੇਖਣ ਤੋਂ ਪਹਿਲਾਂ ਕਿੰਨੇ ਹੁਸੀਨ ਸੁਫ਼ਨੇ ਸਜਾ ਕੇ ਰੱਖਦੇ ਹੋਣਗੇ। ਉਤਾਵਲੇਪਣ ਦੇ ਬਾਵਜੂਦ ਕਿੰਨਾ ਸਬਰ ਹੁੰਦਾ ਸੀ ਪਰ ਸਭ ਕੁਝ ਕੁਦਰਤੀ ਹੁੰਦਾ ਸੀ। ਮਾਪਿਆਂ ਵੱਲੋਂ ਕੀਤਾ ਗਿਆ ਰਿਸ਼ਤਾ ਸਿਰ-ਮੱਥੇ ਕਬੂਲ ਕੀਤਾ ਜਾਂਦਾ ਸੀ ਅਤੇ ਅਜਿਹੇ ਰਿਸ਼ਤੇ ਉਮਰ ਭਰ ਨਿਭਾਏ ਜਾਂਦੇ ਸਨ।

ਸਮੇਂ ਦੇ ਨਾਲ ਸਭ ਕੁਝ ਬਦਲ ਗਿਆ ਹੈ, ਖ਼ਾਸ ਤੌਰ 'ਤੇ ਕੁੜੀਆਂ ਲਈ ਢੁਕਵਾਂ ਵਰ ਲੱਭਣਾ ਬਹੁਤ ਵੱਡੀ ਸਮੱਸਿਆ ਬਣ ਗਈ ਹੈ। ਮੁੰਡਿਆਂ ਦੇ ਮੁਕਾਬਲੇ ਕੁੜੀਆਂ ਜ਼ਿਆਦਾ ਪੜ੍ਹ ਗਈਆਂ ਹਨ। ਉੱਚ ਡਿਗਰੀਆਂ ਪ੍ਰਾਪਤ ਕਰਨ ਦੇ ਨਾਲ-ਨਾਲ ਉਹ ਉਮਰ ਵਿੱਚ ਵੀ ਵੱਡੀਆਂ ਹੋ ਰਹੀਆਂ ਹਨ। ਪੜ੍ਹਾਈ ਮੁੱਕਣ 'ਚ ਹੀ ਨਹੀਂ ਆਉਂਦੀ। ਗਰੈਜੂਏਸ਼ਨ ਦੇ ਨਾਲ ਮਾਸਟਰ ਡਿਗਰੀ ਪ੍ਰਾਪਤ ਕਰਨ ਵਿੱਚ ਹੀ ਬਿਹਤਰੀ ਸਮਝੀ ਜਾਂਦੀ ਹੈ ਤਾਂ ਜੋ ਨੌਕਰੀ ਮਿਲਣ ਵਿੱਚ ਕੋਈ ਰੁਕਾਵਟ ਨਾ ਆਵੇ। ਹਰ ਮਾਂ-ਬਾਪ ਸੋਚਦੇ ਹਨ ਜੇ ਧੀ ਚੰਗੀ ਪੜ੍ਹੀ-ਲਿਖੀ ਹੋਵੇਗੀ ਤਾਂ ਵਰ-ਘਰ ਵੀ ਚੰਗਾ ਮਿਲ ਜਾਵੇਗਾ ਪਰ ਅਫ਼ਸੋਸ ਕਿ ਰਿਸ਼ਤਿਆਂ ਦੀ ਮੰਡੀ ਵਿੱਚ ਪਾਰਖੂ ਅੱਖਾਂ ਦੀ ਘਾਟ ਹੈ। ਕਦਰਾਂ ਕੀਮਤਾਂ ਦਾ ਕੋਈ ਮੁੱਲ ਨਹੀਂ। ਅੱਜ-ਕੱਲ੍ਹ ਬਾਹਰੀ ਖ਼ੂਬਸੂਰਤੀ ਵੇਖੀ ਜਾਂਦੀ ਹੈ। ਅੰਦਰਲੇ ਗੁਣਾਂ ਦੀ ਕੋਈ ਕਦਰ ਨਹੀਂ। ਫ਼ੈਸ਼ਨ ਦੇ ਯੁੱਗ ਵਿੱਚ ਸਭ ਕੁਝ ਫ਼ਿਲਮੀ ਹੁੰਦਾ ਜਾ ਰਿਹਾ ਹੈ। ਬਾਹਰਲਾ ਸੁਹੱਪਣ ਦੇਖਣ-ਪਰਖਣ ਦਾ ਜ਼ਮਾਨਾ ਹੈ। ਜਿਵੇਂ ਕੁੜੀ ਨਹੀਂ, ਕੋਈ ਸ਼ੋਅ ਪੀਸ ਖਰੀਦ ਕੇ ਘਰ ਸਜਾਵਟ ਲਈ ਰੱਖਣਾ ਹੋਵੇ। ਗੁਣਾਂ ਨੂੰ ਅਣਗੌਲਿਆ ਕਰਕੇ ਸ਼ਕਲ ਦੇਖੀ ਜਾਂਦੀ ਹੈ। ਅਨੇਕਾਂ ਵਾਰ ਕੁੜੀ ਨੂੰ ਇਹ ਕਹਿ ਕੇ ਅਪ੍ਰਵਾਨ ਕਰ ਦਿੱਤਾ ਜਾਂਦਾ ਹੈ: "ਸਭ ਕੁਝ ਠੀਕ ਠਾਕ ਹੈ ਪਰ ਕੁੜੀ ਹਾਈ ਫਾਈ ਨਹੀਂ ਲੱਗਦੀ।" ਭਲੇ ਹੀ ਲੜਕੀ ਗੁਣਵਾਨ ਅਤੇ ਵਧੀਆ ਸੰਸਕਾਰਾਂ ਦੀ ਧਾਰਨੀ ਹੋਵੇ। ਦੂਜੇ ਦੀ ਧੀ-ਭੈਣ ਨੂੰ ਨੁਮਾਇਸ਼ ਲਈ ਪਈ ਚੀਜ਼ ਵਾਂਗ ਦੇਖਿਆ ਤੇ ਪਰਖਿਆ ਜਾਂਦਾ ਹੈ।

ਅੱਜ ਬਹੁਤੀ ਸਿਆਣਪ ਸਮਾਜਿਕ ਸਮੱਸਿਆਵਾਂ ਪੈਦਾ ਕਰ ਰਹੀ ਹੈ। ਗੜਬੜ ਉਦੋਂ ਜ਼ਿਆਦਾ ਹੁੰਦੀ ਹੈ ਜਦੋਂ ਕਿਸੇ ਦਾ ਮੁੰਡਾ ਬਾਹਰਲੇ ਮੁਲਕ ਤੋਂ ਆਇਆ ਹੋਵੇ। ਕਿਸੇ ਤੋਂ ਇਹ ਗੱਲ ਗੁੱਝੀ ਨਹੀਂ ਕਿ ਬਾਹਰ, ਬਹੁਤੀ ਵਾਰ ਮਜ਼ਦੂਰੀ ਹੀ ਕਰਨੀ ਪੈਂਦੀ ਹੈ ਜਿਸ ਨੂੰ ਸਾਡੇ ਦੇਸ਼ ਵਿੱਚ ਘਟੀਆ ਸਮਝਿਆ ਜਾਂਦਾ ਹੈ। ਵਿਦੇਸ਼ਾਂ ਵਿੱਚ ਕਈ ਤਰ੍ਹਾਂ ਦੇ ਪਾਪੜ ਵੇਲਣੇ ਪੈਂਦੇ ਹਨ। ਡਾਲਰ ਇਕੱਠੇ ਕਰਨ ਲਈ ਖੇਤਾਂ ਵਿੱਚ ਬੇਰੀਆਂ ਤੇ ਕਿੰਨੂ ਤੋੜਨੇ ਪੈਂਦੇ ਹਨ ਅਤੇ ਬਹੁਤੀ ਵਾਰ ਟੈਕਸੀ ਚਲਾਉਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੁੰਦਾ। ਖ਼ੈਰ! ਕੰਮ ਕੋਈ ਵੀ ਮਾੜਾ ਨਹੀਂ। ਇਸ ਸੋਚ ਤੋਂ ਉੱਪਰ ਉੱਠਣ ਦੀ ਲੋੜ ਹੈ। ਅਜਿਹੇ ਲੜਕੇ ਡਾਲਰ ਕਮਾ ਕੇ ਜਦੋਂ ਰਿਸ਼ਤਾ ਲੱਭਣ ਆਪਣੇ ਦੇਸ਼ ਪਰਤਦੇ ਹਨ ਤਾਂ ਉਨ੍ਹਾਂ ਦੀ ਖ਼ਾਸ ਤੌਰ 'ਤੇ ਉਨ੍ਹਾਂ ਦੇ ਮਾਪੇ ਅਤੇ ਭੈਣਾਂ-ਭਰਾਵਾਂ ਦੀ ਆਕੜ ਸੱਤ ਅਸਮਾਨੀ ਚੜ੍ਹ ਜਾਂਦੀ ਹੈ। ਉਹ ਆਪਣੇ ਪੁੱਤ ਨੂੰ ਕਿਸੇ ਰਾਜੇ-ਮਹਾਰਾਜੇ ਤੋਂ ਘੱਟ ਨਹੀਂ ਸਮਝਦੇ। ਕੁਝ ਦਿਨਾਂ ਵਿੱਚ ਹੀ ਕਿਰਾਏ ਦੀਆਂ ਕਾਰਾਂ ਲੈ ਕੇ ਕੁੜੀ ਦੇਖਣ ਲਈ ਰਵਾਨਾ ਹੋ ਜਾਂਦੇ ਹਨ। ਉਹ ਕੁੜੀ ਨਹੀਂ, ਕੁੜੀਆਂ ਦੇਖਦੇ ਹਨ ਜਿਨ੍ਹਾਂ ਨੂੰ ਪਹਿਲਾਂ ਹੀ ਲਾਰੇ ਲਾਏ ਹੋਏ ਹੁੰਦੇ ਹਨ। ਪੂਰਾ ਟੱਬਰ ਅੱਜ ਕਿਤੇ ਤੇ ਕੱਲ੍ਹ ਕਿਤੇ, ਕੁੜੀ ਦੇਖਣ ਤੁਰੇ ਰਹਿੰਦੇ ਹਨ। ਅਜਿਹੀਆਂ ਧਾੜਾਂ, ਆਮ ਦੇਖਣ ਨੂੰ ਮਿਲਦੀਆਂ ਹਨ ਪਰ ਉਨ੍ਹਾਂ ਨੂੰ ਕੋਈ ਕੁੜੀ ਪਸੰਦ ਆਉਂਦੀ ਨਹੀਂ। ਉਹ ਵੱਖ-ਵੱਖ ਕੁੜੀਆਂ ਦਾ ਤੁਲਨਾਤਮਕ ਅਧਿਐਨ ਕਰਦੇ ਹਨ। ਘਰ ਵਾਲੇ ਮੁੰਡੇ ਨੂੰ ਲੈ ਕੇ ਇਵੇਂ ਤੁਰੇ ਫਿਰਦੇ ਹਨ ਜਿਵੇਂ ਮਾਲ ਮੰਡੀ ਵਿੱਚੋਂ ਕਿਸੇ ਡੰਗਰ ਨੂੰ ਪਸੰਦ ਕਰਨਾ ਹੋਵੇ। ਕੁੜੀ ਵਾਲੇ ਵਿਚਾਰੇ ਵਿੱਤੋਂ ਬਾਹਰਾ ਖ਼ਰਚ ਕਰ ਕੇ ਬਾਹਰੋਂ ਆਏ ਸ਼ਹਿਜ਼ਾਦੇ ਦੀ ਆਓ-ਭਗਤ ਵਿੱਚ ਜੁਟ ਜਾਂਦੇ ਹਨ। ਕੁੜੀ ਨਿਮਾਣੀ ਜਿਹੀ ਹੋ ਕੇ ਬੈਠ ਜਾਂਦੀ ਹੈ। ਕੁੜੀ ਦੀ ਇੰਟਰਵਿਊ ਲਈ ਜਾਂਦੀ ਹੈ। ਸਾਰੇ ਜੀਅ ਵਾਰੋ-ਵਾਰੀ ਉਸ 'ਤੇ ਵੰਨ-ਸੁਵੰਨੇ ਸੁਆਲਾਂ ਦੀ ਬੁਛਾੜ ਕਰਦੇ ਹਨ। ਸੁਆਲ ਵੀ ਅਜਿਹੇ ਕੀਤੇ ਜਾਂਦੇ ਹਨ ਜਿਵੇਂ ਉਹ ਰਿਸ਼ਤਾ ਲੈਣ ਨਹੀਂ ਬਲਕਿ ਨੌਕਰੀ ਦੇਣ ਲਈ ਆਏ ਹੋਣ। ਉਹ ਇਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਦੀ ਧੀ-ਭੈਣ ਨੂੰ ਵੀ ਕਿਸੇ ਨੇ ਪਸੰਦ ਕਰਨਾ ਹੈ। ਮੁੰਡੇ ਵਾਲਿਆਂ ਦੇ ਜਾਣ ਮਗਰੋਂ ਕੁੜੀ ਵੀ ਸੋਚਦੀ ਹੈ ਕਿ ਸੁਆਲਾਂ ਦੇ ਜੁਆਬ ਠੀਕ ਹੀ ਦਿੱਤੇ ਗਏ ਹਨ, ਗੱਲ ਬਣ ਹੀ ਜਾਵੇਗੀ। ਮਾਪੇ ਵੀ ਖ਼ੁਸ਼ੀ ਵਿੱਚ ਆਸਵੰਦ ਹੋ ਜਾਂਦੇ ਹਨ ਪਰ ਕਈ ਦਿਨਾਂ ਦੀ ਉਡੀਕ ਪਿੱਛੋਂ ਜਦੋਂ ਇਨਕਾਰ ਦਾ ਪੈਗ਼ਾਮ ਆਉਂਦਾ ਹੈ ਤਾਂ ਰੱਬ ਹੀ ਜਾਣਦਾ ਹੈ, ਉਨ੍ਹਾਂ ਦੇ ਦਿਲ 'ਤੇ ਕੀ ਬੀਤਦੀ ਹੋਵੇਗੀ। ਕੁੜੀ ਅੰਦਰ ਕਿੰਨੀ ਹੀਣ ਭਾਵਨਾ ਪੈਦਾ ਹੋ ਜਾਂਦੀ ਹੋਵੇਗੀ।

ਉਂਜ ਹੁਣ ਲੜਕੀ ਵਾਲੇ ਵੀ ਭਲੀ ਭਾਂਤ ਜਾਣਦੇ ਜਾਂਦੇ ਹਨ ਕਿ ਸਾਰੇ ਲੜਕੇ ਉਨ੍ਹਾਂ ਲਈ ਯੋਗ ਵਰ ਸਾਬਤ ਨਹੀਂ ਹੋ ਸਕਦੇ। ਕੁੜੀਆਂ ਨੂੰ ਵੀ ਚਾਨਣ ਹੁੰਦਾ ਜਾਂਦਾ ਹੈ। ਉਹ ਖ਼ੁਦ ਵੀ ਦੇਖਣ-ਪਰਖਣ ਅਤੇ ਉਨ੍ਹਾਂ ਦੀਆਂ ਚਾਲਾਂ ਨੂੰ ਸਮਝਣ ਦੇ ਸਮਰੱਥ ਹੋ ਗਈਆਂ ਹਨ। ਉਹ ਵੀ ਹੁਣ ਫੋਕੀਆਂ ਟੌਹਰਾਂ ਮਾਰਨ ਵਾਲਿਆਂ ਨੂੰ ਖਰੀ ਗੱਲ ਕਹਿਣ ਤੋਂ ਗੁਰੇਜ਼ ਨਹੀਂ ਕਰਨਗੀਆਂ ਅਤੇ ਮੁੰਡੇ ਵਾਲਿਆਂ ਨੂੰ ਮੂੰਹ ਦੀ ਖਾਣੀ ਪਿਆ ਕਰੇਗੀ। ਉਨ੍ਹਾਂ ਦੀ ਮਜਬੂਰੀ ਜਾਂ ਲਾਚਾਰੀ ਦਾ ਹੁਣ ਨਾਜਾਇਜ਼ ਫ਼ਾਇਦਾ ਨਹੀਂ ਉਠਾਇਆ ਜਾ ਸਕਿਆ ਕਰੇਗਾ। ਨੌਜਵਾਨਾਂ ਨੂੰ ਇੱਕ ਗੱਲ ਸਮਝਣੀ ਚਾਹੀਦੀ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਦੀਆਂ ਖ਼ੁਸ਼ੀਆਂ ਸੋਹਣੇ ਚਿਹਰਿਆਂ 'ਤੇ ਨਹੀਂ, ਸੋਹਣੀਆਂ ਰੂਹਾਂ 'ਤੇ ਨਿਰਭਰ ਕਰਦੀਆਂ ਹਨ। ਗ੍ਰਿਹਸਥੀ ਜੀਵਨ ਤਾਂ ਹੀ ਸ਼ਾਨਦਾਰ ਤੇ ਸੁਖੀ ਹੁੰਦਾ ਹੈ ਜੇ ਕੁੜੀ ਘਰੇਲੂ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਹੋਵੇ। ਪੜ੍ਹਾਈ ਤੋਂ ਇਲਾਵਾ ਉਸ ਵਿੱਚ ਸਲੀਕਾ ਤੇ ਸ਼ਾਲੀਨਤਾ ਹੋਵੇ। ਮਿੱਠ-ਬੋਲੜੀ ਅਤੇ ਤਮੀਜ਼ ਰੱਖਦੀ ਹੋਵੇ। ਲੜਕੇ ਦੇ ਮਾਪਿਆਂ ਅਤੇ ਰਿਸ਼ਤੇਦਾਰਾਂ ਦਾ ਸਤਿਕਾਰ ਕਰਨਾ ਜਾਣਦੀ ਹੋਵੇ। ਵਿਆਹ ਉਪਰੰਤ ਇੱਕ ਚੰਗੀ ਪਤਨੀ, ਸੁਘੜ-ਸਿਆਣੀ ਨੂੰਹ ਅਤੇ ਚੰਗੀ ਮਾਂ ਬਣਨ ਦੇ ਯੋਗ ਹੋਵੇ। ਦੁੱਖ-ਸੁੱਖ ਵੇਲੇ ਪਤੀ ਦੇ ਮੋਢੇ ਨਾਲ ਮੋਢਾ ਜੋੜ ਕੇ ਤੁਰਨ ਦੇ ਸਮਰੱਥ ਹੋਵੇ। ਸੁਸ਼ੀਲ, ਸੂਝਵਾਨ ਅਤੇ ਉੱਚੇ-ਸੁੱਚੇ ਆਦਰਸ਼ਾਂ ਦੀ ਮਾਲਕਣ ਹੋਵੇ। ਚੰਗੇ ਸੰਸਕਾਰਾਂ ਵਾਲੀ ਕੁੜੀ ਹੀ ਵਿਦੇਸ਼ ਜਾ ਕੇ ਆਪਣੇ ਸੱਭਿਆਚਾਰ ਨੂੰ ਸੰਭਾਲ ਕੇ ਰੱਖਦੀ ਹੈ ਅਤੇ ਵਿਦੇਸ਼ ਵਿੱਚ ਆਪਣੀ ਕੌਮ ਦੇ ਰਾਜਦੂਤ ਵਜੋਂ ਵਿਚਰਦੀ ਹੈ। ਗ੍ਰਿਹਸਥੀ ਨੂੰ ਉਹੀ ਕੁੜੀਆਂ ਸਹੀ ਢੰਗ ਨਾਲ ਚਲਾ ਸਕਦੀਆਂ ਹਨ, ਜਿਨ੍ਹਾਂ ਸੰਜਮ 'ਚ ਰਹਿਣਾ ਸਿੱਖਿਆ ਹੁੰਦਾ ਹੈ ਨਾ ਕਿ ਫੋਕੀ ਫੂੰ-ਫਾਂ ਵਾਲੀਆਂ। ਸੁਚੱਜੀ ਸਾਦਗੀ ਅਤੇ ਉੱਚਾ ਚਰਿੱਤਰ ਕੁੜੀ ਦਾ ਉਮਰ ਭਰ ਦਾ ਗਹਿਣਾ ਹੁੰਦਾ ਹੈ। ਸੂਰਤ ਨਾਲੋਂ ਸੀਰਤ ਜ਼ਿਆਦਾ ਮਾਇਨੇ ਰੱਖਦੀ ਹੈ। ਰਿਸ਼ਤਾ ਕਰਨ ਲੱਗਿਆਂ ਅਜਿਹੀਆਂ ਗੱਲਾਂ ਵਿਚਾਰਨਯੋਗ ਹੁੰਦੀਆਂ ਹਨ।

ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਉੱਚ ਸੰਸਕਾਰਾਂ ਦੇ ਧਾਰਨੀ ਬਣਨ ਅਤੇ ਆਪਣੇ ਪੁੱਤਾਂ-ਧੀਆਂ ਨੂੰ ਵੀ ਚੰਗੇ ਸੰਸਕਾਰ ਦੇਣ। ਕਦਰਾਂ-ਕੀਮਤਾਂ ਦਾ ਜੋ ਸੰਕਟ ਖੜਾ ਹੋਇਆ ਪਿਆ ਹੈ, ਉਸ ਦੀ ਪੂਰਤੀ ਲਈ ਆਪਣਾ ਯੋਗਦਾਨ ਪਾਉਣ। ਪਰਦੇਸੀ ਗੱਭਰੂ ਆਪਣੀ ਹੱਡ-ਭੰਨਵੀਂ ਕਮਾਈ ਨੂੰ ਫੋਕੀ ਸ਼ਾਨ ਖ਼ਾਤਰ ਪਾਣੀ ਵਾਂਗ ਨਾ ਵਹਾਉਣ। ਜੇ ਪੈਸਾ ਵਾਧੂ ਹੈ ਤਾਂ ਕਿਸੇ ਸਕੂਲ ਦੇ ਭਰੋਸੇਯੋਗ ਮੁਖੀ ਦੀ ਸਹਾਇਤਾ ਨਾਲ ਆਰਥਿਕ ਤੰਗੀ ਨਾਲ ਜੂਝ ਰਹੇ ਪੜ੍ਹਾਈ ਦੇ ਚਾਹਵਾਨ, ਕਾਬਲ, ਗੁਣੀ ਅਤੇ ਲੋੜਵੰਦ ਬੱਚਿਆਂ ਦੀ ਮਦਦ ਕਰਨ। ਵਿਆਹਾਂ 'ਤੇ ਦਿਖਾਵੇ ਲਈ ਅੰਧਾਧੁੰਦ ਫ਼ਜ਼ੂਲ ਖ਼ਰਚੀ ਪੈਸੇ ਦੀ ਬਰਬਾਦੀ ਹੈ। ਅਜਿਹੀਆਂ ਗੱਲਾਂ ਸੋਭਦੀਆਂ ਨਹੀਂ। ਸਿੱਖ ਧਰਮ ਨੂੰ ਮੰਨਣ ਵਾਲੇ ਵਿਆਹ ਸ਼ਾਦੀ ਗੁਰ-ਮਰਿਆਦਾ ਅਨੁਸਾਰ ਕਰਵਾਉਣ। ਫ਼ਜ਼ੂਲ ਦੀਆਂ ਰਸਮਾਂ ਅਤੇ ਫ਼ਿਲਮੀ ਵਿਆਹ ਕਰਾਉਣੇ ਤਿਆਗ ਦਿੱਤੇ ਜਾਣ। ਫ਼ਿਲਮੀ ਵਿਆਹ ਸਕਰੀਨ 'ਤੇ ਹੀ ਫਬਦੇ ਹਨ। ਆਓ ਸੱਚ ਦੇ ਧਾਰਨੀ ਬਣੀਏ, ਅਸਲੀਅਤ ਨੂੰ ਪਰਖੀਏ ਅਤੇ ਇਨਸਾਨੀ ਗੁਣਾਂ ਦੀ ਕਦਰ ਕਰੀਏ।

- ਲਖਬੀਰ ਕੌਰ

# ਸਹਿਜ ਖੋਹਿਆ ਕਾਹਲੀ ਪ੍ਰਧਾਨ



ਅਜੋਕੀ ਭੱਜ-ਦੌੜ ਦੀ ਜ਼ਿੰਦਗੀ ਵਿੱਚੋਂ ਸਹਿਜਤਾ ਦਿਨੋਂ-ਦਿਨ ਖਾਰਜ ਹੁੰਦੀ ਜਾ ਰਹੀ ਹੈ ਅਤੇ ਚਾਰੇ ਪਾਸੇ ਕਾਹਲ ਪ੍ਰਧਾਨ ਹੈ। ਇਸ ਕਾਹਲ ਨੇ ਸਾਡੇ ਜੀਵਨ ਵਿੱਚੋਂ ਸਹਿਜਤਾ ਦਾ ਅਨੂਠਾ ਰਸ ਚੂਸ ਲਿਆ ਹੈ। ਬਸ ਅਸੀਂ ਕਾਹਲ ਦੇ ਕਾਲ-ਚੱਕਰ ਉੱਤੇ ਚੜ੍ਹੇ ਹੋਏ ਹਾਂ। ਪੁਰਾਣੀ ਕਹਾਵਤ ਹੈ ਕਾਹਲ ਨਾਮ ਕਾਲ ਦਾ ਜਾਂ ਕਾਹਲੀ ਅੱਗੇ ਟੋਏ। ਪੁਰਾਤਨ ਸਮੇਂ ਵੱਲ ਨਜ਼ਰ ਮਾਰੀਏ ਤਾਂ ਜੀਵਨ ਕੁਦਰਤ ਦੇ ਨੇੜੇ ਅਤੇ ਸਹਿਜ ਵਿੱਚ ਸੀ। ਸਵੇਰ ਤੋਂ ਸ਼ਾਮ ਤਕ ਦੇ ਹਰ ਕੰਮ ਵਿੱਚ ਸਹਿਜਤਾ ਝਲਕਦੀ ਸੀ ਭਾਵੇਂ ਉਸ ਸਮੇਂ ਮਸ਼ੀਨਾਂ ਦੀ ਅਣਹੋਂਦ ਕਾਰਨ ਸਾਰੇ ਕੰਮ ਹੱਥੀਂ ਕਰਨੇ ਪੈਂਦੇ ਸਨ, ਇਸੇ ਕਰਕੇ ਕੰਮ ਦੀ ਬਹੁਲਤਾ ਸੀ ਪਰ ਫਿਰ ਵੀ ਸਾਡੇ ਵਡੇਰਿਆਂ ਨੇ ਸਹਿਜਤਾ ਦਾ ਪੱਲਾ ਨਹੀਂ ਸੀ ਛੱਡਿਆ। ਸਹਿਜ, ਠਰ੍ਹੰਮਾ, ਸੰਜਮ, ਸਲੀਕਾ ਪੁਰਾਣੇ ਵੇਲਿਆਂ ਦੇ ਅਣਮੁੱਲੇ ਗੁਣ ਸਨ। ਸਵੇਰੇ ਉੱਠਦਿਆਂ ਹੀ ਨਿੰਮ, ਕਿੱਕਰ ਜਾਂ ਟਾਹਲੀ ਦੀ ਦਾਤਣ ਤੋੜ ਕੇ ਬੜੇ ਸਹਿਜ ਨਾਲ ਚਬਾਉਂਦਿਆਂ-ਚਬਾਉਂਦਿਆਂ ਖੁੱਲ੍ਹੇ ਖੇਤਾਂ ਦੀ ਸੈਰ ਕਰ ਲਈ ਜਾਂਦੀ ਸੀ। ਕੁਦਰਤ ਨਾਲ ਮੇਲ-ਮਿਲਾਪ ਦਾ ਇਹ ਬਹੁਤ ਵਧੀਆ ਤਰੀਕਾ ਸੀ ਪਰ ਅਜੋਕੇ ਮਸ਼ੀਨੀ ਯੁੱਗ ਵਿੱਚ ਇਨਸਾਨ ਵੀ ਜਿਵੇਂ ਮਸ਼ੀਨ ਬਣਦਾ ਜਾ ਰਿਹਾ ਹੈ। ਸਵੇਰੇ ਉੱਠਦਿਆਂ ਦੰਦਾਂ 'ਤੇ ਬੁਰਸ਼ ਬੜੀ ਤੇਜ਼ੀ ਨਾਲ ਰਗੜਿਆ ਜਾਂਦਾ ਹੈ ਅਤੇ ਘੜੀ ਦੀਆਂ ਸੂਈਆਂ ਵੱਲ ਵਾਰ-ਵਾਰ ਨਿਗ੍ਹਾ ਮਾਰਦਿਆਂ ਕਾਹਲੀ-ਕਾਹਲੀ ਵਾਸ਼ ਬੇਸਨ 'ਤੇ ਖੜ੍ਹੇ ਹੀ ਮੂੰਹ ਧੋ ਲਿਆ ਜਾਂਦਾ ਹੈ। ਫਿਰ ਘਰ ਦੀ ਗ੍ਰਹਿਣੀ ਰਸੋਈ ਵਿੱਚ ਖੜ੍ਹੀ-ਖੜ੍ਹੀ ਹੀ ਨਾਸ਼ਤਾ ਤਿਆਰ ਕਰਦੀ ਹੈ। ਇਸ ਕਾਹਲ ਕਰਕੇ ਹੀ ਪਰੈਸ਼ਰ ਕੁੱਕਰਾਂ ਦੀਆਂ ਸੀਟੀਆਂ ਵੱਜਦੀਆਂ ਹਨ। ਅਤਿ ਆਧੁਨਿਕ ਸਹੂਲਤਾਂ ਕਰਕੇ ਨਾ ਸਹਿਜਤਾ ਨਾਲ ਖਾਣਾ ਬਣਦਾ ਹੈ, ਨਾ ਗਰਮ ਹੁੰਦਾ ਹੈ ਅਤੇ ਨਾ ਹੀ ਸਹਿਜਤਾ ਨਾਲ ਉਸ ਨੂੰ ਠੰਢਾ ਹੋਣ ਦਿੱਤਾ ਜਾਂਦਾ ਹੈ। ਕਾਹਲ ਵਿੱਚ ਫਰਿੱਜਾਂ ਦਾ ਸਹਾਰਾ ਲਿਆ ਜਾਂਦਾ ਹੈ। ਪਹਿਲਾਂ ਚੁੱਲ੍ਹੇ-ਹਾਰਿਆਂ ਵਿੱਚ ਬੜੀ ਸਹਿਜਤਾ ਨਾਲ ਖਿਚੜੀ ਤੇ ਦਾਲ ਰਿੱਝਦੀ ਸੀ, ਦੁੱਧ ਕੜ੍ਹਦਾ ਸੀ। ਇਸੇ ਸਹਿਜਤਾ ਕਰਕੇ ਹੀ ਖਾਣੇ ਵਿੱਚ ਕੁਦਰਤੀ ਮਿਠਾਸ ਕਾਇਮ ਰਹਿੰਦੀ ਸੀ ਅਤੇ ਖਾਣਾ ਸੁਆਦੀ ਹੁੰਦਾ ਸੀ ਪਰ ਹੁਣ ਤਾਂ ਖੇਤਾਂ ਵਿੱਚ ਖੜ੍ਹੇ ਫਲ-ਸਬਜ਼ੀਆਂ ਨੂੰ ਵੀ ਮਸਾਲੇ ਤੇ ਟੀਕੇ ਲਾ ਕੇ ਕਾਹਲ ਵਿੱਚ ਪਕਾਇਆ ਜਾ ਰਿਹਾ ਹੈ। ਹਾਈਬ੍ਰਿਡ ਬੀਜ ਵਰਤੇ ਜਾ ਰਹੇ ਹਨ ਜਿਨ੍ਹਾਂ ਕਰਕੇ ਮਿਕਦਾਰ ਵਧਾਉਂਦਿਆਂ ਅਸੀਂ ਗੁਣਵੱਤਾ ਗੁਆ ਬੈਠੇ ਹਾਂ। ਰਵਾਇਤੀ ਫ਼ਸਲਾਂ ਦੇ ਬੀਜ ਖ਼ਤਮ ਹੁੰਦੇ ਜਾ ਰਹੇ ਹਨ। ਰਹਿੰਦੀ-ਖੂੰਹਦੀ ਕਸਰ ਕੀਟਨਾਸ਼ਕਾਂ ਦਾ ਛਿੜਕਾਅ ਕਰਕੇ ਕੱਢ ਦਿੱਤੀ ਜਾਂਦੀ ਹੈ। ਫਿਰ ਅਸੀਂ ਖਾਣਿਆਂ ਵਿੱਚੋਂ ਕੁਦਰਤੀ ਰਸ ਕਿੱਥੋਂ ਭਾਲਦੇ ਹਾਂ ਕਿਉਂਕਿ ਸਬਰ ਦਾ ਫਲ ਮਿੱਠਾ ਹੁੰਦਾ ਹੈ ਨਾ ਕਿ ਕਾਹਲ ਦਾ। ਕਿੱਥੇ ਗਏ ਉਹ ਸੁਆਦ ਜੋ ਖੇਤਾਂ ਵਿੱਚ ਕੁਦਰਤੀ ਤਰੀਕਿਆਂ ਨਾਲ ਉਗਾਈਆਂ ਦਾਲਾਂ-ਸਬਜ਼ੀਆਂ ਨੂੰ ਘਰ ਦੀਆਂ ਸੁਆਣੀਆਂ ਰਲ-ਮਿਲ ਕੇ ਪੀੜ੍ਹੀਆਂ ਡਾਹ ਕੇ ਚੁੱਲ੍ਹੇ-ਚੌਂਕਿਆਂ 'ਤੇ ਬਣਾਉਂਦੀਆਂ ਸਨ। ਫਿਰ ਸਾਰਾ ਟੱਬਰ ਬੜੇ ਸਹਿਜ ਵਿੱਚ ਚੌਂਕੇ ਉੱਪਰ ਬੈਠ ਕੇ ਲੰਗਰ ਛਕਦਾ ਸੀ ਪਰ ਹੁਣ ਸਕੂਲ, ਦਫ਼ਤਰ ਅਤੇ ਨੌਕਰੀ 'ਤੇ ਜਾਣ ਦੀ ਕਾਹਲ ਵਿੱਚ ਛੇਤੀ-ਛੇਤੀ ਬੁਰਕੀਆਂ ਸੰਘ ਤੋਂ ਪਾਰ ਸੁੱਟ ਲਈਆਂ ਜਾਂਦੀਆਂ ਹਨ।

ਫਿਰ ਮੰਜ਼ਿਲ 'ਤੇ ਜਲਦੀ ਪਹੁੰਚਣ ਦੀ ਕਾਹਲੀ ਨਿੱਤ ਆਵਾਜਾਈ ਹਾਦਸਿਆਂ ਨੂੰ ਸੱਦਾ ਦੇ ਰਹੀ ਹੈ। ਸੜਕਾਂ 'ਤੇ ਲੱਗੇ ਬੋਰਡ ਸਾਨੂੰ ਸੁਚੇਤ ਕਰ ਰਹੇ ਹੁੰਦੇ ਹਨ ਕਿ 'ਕਦੇ ਨਾ ਪਹੁੰਚਣ ਨਾਲੋਂ, ਦੇਰੀ ਨਾਲ ਪਹੁੰਚਣਾ ਚੰਗਾ' ਪਰ ਫਿਰ ਵੀ ਸਾਡੀ ਰਫ਼ਤਾਰ ਕਦੇ ਮੱਠੀ ਨਹੀਂ ਪੈਂਦੀ। ਇਸੇ ਕਾਹਲੀ ਦੇ ਮਾਹੌਲ ਵਿੱਚ ਸਾਡਾ ਮਨ ਹਰ ਸਮੇਂ ਕਾਹਲਾ ਪਿਆ ਰਹਿੰਦਾ ਹੈ ਜਿਸ ਕਾਰਨ ਅਸੀਂ ਗੁੱਸਾ, ਮਾਨਸਿਕ ਤਣਾਓ ਅਤੇ ਹੋਰ ਮਾਨਸਿਕ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਾਂ। ਇਸੇ ਕਰਕੇ ਹੀ ਨਿੱਤ-ਦਿਨ ਲੜਾਈ ਝਗੜਿਆਂ ਵਿੱਚ ਵਾਧਾ ਹੋ ਰਿਹਾ ਹੈ। ਹਿੰਸਕ ਵਾਰਦਾਤਾਂ ਵਧ ਰਹੀਆਂ ਹਨ। ਅੱਜ-ਕੱਲ੍ਹ ਦੀ ਕਾਹਲੀ ਕਾਰਨ ਹੀ ਬੱਚਾ ਆਪਣੇ ਬਚਪਨ ਨੂੰ ਸਹਿਜ ਵਿੱਚ ਨਹੀਂ ਮਾਣ ਰਿਹਾ ਕਿਉਂਕਿ ਜਿੱਥੇ ਪਹਿਲਾਂ ਬੱਚਾ 5-6 ਸਾਲ ਦੀ ਉਮਰ ਤਕ ਆਜ਼ਾਦੀ ਨਾਲ ਆਪਣਾ ਬਚਪਨ ਮਾਣਦਾ ਸੀ, ਉੱਥੇ ਹੁਣ ਉਸ ਦੇ ਬਚਪਨ ਦੇ ਅੱਧੇ ਸਾਲ ਆਧੁਨਿਕ ਯੁੱਗ ਨੇ ਹੜੱਪ ਕਰ ਲਏ ਹਨ। ਦੋ-ਢਾਈ ਸਾਲ ਦੇ ਨਿਆਣੇ ਨੂੰ ਹੀ ਸਕੂਲ ਭੇਜਣ ਦੀ ਕਾਹਲ ਕੀਤੀ ਜਾਂਦੀ ਹੈ। ਇਸ ਕਰਕੇ ਬੱਚਿਆਂ ਨੂੰ ਘਰੇਲੂ ਰਿਸ਼ਤਿਆਂ ਦੀ ਨੇੜਤਾ ਤੇ ਨਿੱਘ ਘੱਟ ਮਿਲਦਾ ਹੈ। ਬੱਚਿਆਂ ਦੇ ਕੱਦ-ਕਾਠ, ਸਰੀਰ ਦਿਨੋਂ-ਦਿਨ ਘਟ ਰਹੇ ਹਨ। ਬੱਚਿਆ ਦੇ ਮੁੱਖੜੇ 'ਤੇ ਅਣਭੋਲ ਮੁਸਕਾਨ ਦੀ ਥਾਂ ਨਿਗ੍ਹਾ ਦੀਆਂ ਐਨਕਾਂ ਨਜ਼ਰ ਆ ਰਹੀਆਂ ਹਨ। ਇਸੇ ਕਰਕੇ ਬੱਚੇ ਜ਼ਿੱਦੀ ਅਤੇ ਸੁਆਰਥੀ ਹੁੰਦੇ ਜਾ ਰਹੇ ਹਨ। ਉਹ ਇਨਸਾਨੀ ਕਦਰਾਂ-ਕੀਮਤਾਂ ਤੋਂ ਸੱਖਣੇ ਕੰਪਿਊਟਰ ਯੁੱਗ ਦੇ ਕੰਪਿਊਟਰ ਮਨੁੱਖ ਬਣਦੇ ਜਾ ਰਹੇ ਹਨ। ਅੱਜ-ਕੱਲ੍ਹ ਤਾਂ ਕਿਸੇ ਖ਼ਾਸ ਦਿਨ 'ਤੇ ਜਨਮ-ਦਿਨ ਬਣਾਉਣ ਲਈ ਬੱਚੇ ਦਾ ਜਨਮ ਵੀ ਕੁਦਰਤੀ ਜਨਮ ਤੋਂ ਪਹਿਲਾਂ ਕਾਹਲੀ ਨਾਲ ਕਰਵਾਇਆ ਜਾ ਰਿਹਾ ਹੈ। ਪੁਰਾਤਨ ਸਮੇਂ ਵਿੱਚ ਸਹਿਜ ਸਲੀਕੇਦਾਰ ਪਹਿਰਾਵਾ ਪਹਿਨਿਆ ਜਾਂਦਾ ਸੀ ਪਰ ਹੁਣ ਸਾਡੇ ਪਹਿਰਾਵੇ ਵਿੱਚੋਂ ਵੀ ਸ਼ਰਾਫ਼ਤ, ਸਲੀਕਾ ਅਤੇ ਸਹਿਜਤਾ ਗਾਇਬ ਹੁੰਦੀ ਜਾ ਰਹੀ ਹੈ। ਕਦੇ ਸਮਾਂ ਸੀ ਜਦੋਂ ਦੋਸਤਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਦੀ ਯਾਦ ਵਿੱਚ ਬੜੇ ਸਹਿਜ ਵਿੱਚ ਬੈਠ ਕੇ ਚਿੱਠੀਆਂ ਲਿਖੀਆਂ ਜਾਂਦੀਆਂ ਸਨ। ਆਪਣੇ ਦਿਲੀ ਜਜ਼ਬਾਤ ਮਾਲਾ ਦੇ ਮਣਕਿਆਂ ਵਾਂਗ ਚਿੱਠੀ-ਪੱਤਰਾਂ ਵਿੱਚ ਪਰੋਏ ਜਾਂਦੇ ਸਨ ਪਰ ਹੁਣ ਖ਼ੁਸ਼ੀ-ਗੁੱਸਾ ਮੋਬਾਈਲ ਫੋਨ ਜ਼ਰੀਏ ਸਕਿੰਟਾਂ ਵਿੱਚ ਹੀ ਸਾਂਝਾ ਹੋ ਜਾਂਦਾ ਹੈ। ਕਾਹਲੀ ਦੇ ਯੁੱਗ ਵਿੱਚ ਰਿਸ਼ਤੇ ਬਣਦਿਆਂ ਵੀ ਦੇਰ ਨਹੀਂ ਲੱਗਦੀ ਅਤੇ ਟੁੱਟਦਿਆਂ ਵੀ। ਕਦੇ ਸਮਾਂ ਸੀ ਜਦੋਂ ਵਿਆਹਾਂ-ਸ਼ਾਦੀਆਂ ਵਿੱਚ ਆਂਢ-ਗੁਆਂਢ ਰਿਸ਼ਤੇਦਾਰ ਅਤੇ ਦੋਸਤ-ਮਿੱਤਰ ਰਲ ਬੈਠ ਕੇ ਗੀਤ ਗਾਉਂਦੇ, ਗਿੱਧਾ ਪਾਉਂਦੇ ਅਤੇ ਸਿੱਠਣੀਆਂ-ਛੰਦ ਸੁਣਾਉਂਦੇ ਹੋਏ ਹਾਸਾ-ਮਜ਼ਾਕ ਕਰਦੇ। ਪੰਜਾਬਣਾਂ ਦੇ ਲੰਮੀ ਹੇਕ ਵਾਲੇ ਗੌਣ ਵਿਆਹ ਦੀ ਰੌਣਕ ਚੌਗੁਣੀ ਕਰ ਦਿੰਦੇ। ਵਿਆਹ ਦੇ ਇਸ ਮਾਹੌਲ ਵਿੱਚ ਸਮੁੱਚਾ ਚੌਗਿਰਦਾ ਨਸ਼ਿਆ ਜਾਂਦਾ। ਕਿੱਥੇ ਹੁਣ ਮੈਰਿਜ ਪੈਲੇਸਾਂ ਵਿੱਚ ਆਰਕੈਸਟਰਾ ਗਰੁੱਪ ਚਾਬੀ ਦੇ ਕੇ ਛੱਡੇ ਖਿਡੌਣੇ ਵਾਂਗ ਟਪੂਸੀਆਂ ਮਾਰਦੇ ਫਿਰਦੇ ਹਨ। ਅਜੋਕੇ ਗੀਤਾਂ ਦੀਆਂ ਸੁਰਾਂ ਵਿੱਚ ਵੀ ਹਾਓ-ਹੱਲਾ, ਸ਼ੋਰ-ਸ਼ਰਾਬਾ ਪ੍ਰਧਾਨ ਹੈ, ਸੰਗੀਤ ਦਾ ਸਹਿਜ ਮਧੁਰ ਅਨੂਠਾ ਰਸ ਗਾਇਬ ਹੈ। ਅਜਿਹਾ ਮਾਹੌਲ ਘਬਰਾਹਟ ਪੈਦਾ ਕਰਦਾ ਹੈ। ਇਸੇ ਕਾਹਲ ਵਿੱਚ ਹੀ ਸਾਡੇ ਵਿਆਹਾਂ ਦਾ ਸਮਾਂ 2-3 ਦਿਨ ਤੋਂ ਘਟ ਕੇ 2-3 ਘੰਟਿਆਂ ਤਕ ਸਿਮਟ ਕੇ ਰਹਿ ਗਿਆ ਹੈ। ਕਦੇ ਸਮਾਂ ਸੀ ਵਿਚੋਲਿਆਂ ਰਾਹੀਂ ਕੀਤੇ ਕੁਜੋੜ ਰਿਸ਼ਤੇ ਵੀ ਸਹਿਜਤਾ ਨਾਲ ਤੋੜ ਚੜ੍ਹਾ ਲਏ ਜਾਂਦੇ ਸਨ ਪਰ ਹੁਣ ਆਪ ਭਾਲੇ ਰਿਸ਼ਤੇ ਤਿੜਕਦਿਆਂ ਵੀ ਦੇਰ ਨਹੀਂ ਲੱਗਦੀ। ਸਹਿਜਤਾ, ਸ਼ਾਲੀਨਤਾ, ਸਹਿਣਸ਼ੀਲਤਾ ਦੀ ਘਾਟ ਕਾਰਨ ਅੱਜ-ਕੱਲ੍ਹ ਨਿੱਤ ਦਿਨ ਤਲਾਕ ਹੋ ਰਹੇ ਹਨ। ਹਰ ਖੇਤਰ ਵਿੱਚ ਸਹਿਜਤਾ ਗੁੰਮ ਹੈ ਅਤੇ ਤੱਥ-ਭੜੱਥ ਪ੍ਰਧਾਨ ਹੈ। ਇਸੇ ਤੱਥ-ਭੜੱਥ ਵਿੱਚ ਦਿਨੋਂ-ਦਿਨ ਇਨਸਾਨੀ ਕਦਰਾਂ-ਕੀਮਤਾਂ ਮਨਫ਼ੀ ਹੁੰਦੀਆਂ ਜਾ ਰਹੀਆਂ ਹਨ। ਸ਼ਰਮ, ਸ਼ਰਾਫ਼ਤ, ਸਲੀਕਾ, ਸਹਿਜਤਾ, ਸਹਿਣਸ਼ੀਲਤਾ, ਸਰਲਤਾ, ਸੰਜਮ, ਸੁਹਜ, ਸਾਦਗੀ, ਸਿਆਣਪ, ਸਦਾਚਾਰ ਸਾਡੇ ਕੋਲੋਂ ਖੁੱਸਦਾ ਜਾ ਰਿਹਾ ਹੈ। ਲੋੜ ਹੈ ਇਸ ਲੱਗੀ ਦੌੜ ਵਿੱਚੋਂ ਦੋ ਮਿੰਟ ਰੁਕ ਕੇ ਸਹਿਜ ਨਾਲ ਸਾਹ ਲੈ ਕੇ ਸੋਚਣ ਦੀ ਕਿ ਸਾਨੂੰ ਇੰਨੀ ਕਾਹਲੀ ਕਿਉਂ ਪਈ ਹੋਈ ਹੈ? ਆਓ ਕਾਹਲੀ ਛੱਡ ਕੇ ਜ਼ਿੰਦਗੀ ਦਾ ਸਹਿਜ ਰਸ ਮਾਣੀਏ।

- ਜਗਜੀਤ ਕੌਰ ਢਿੱਲਵਾਂ

# ਜਦ ਪੈਣ ਕਪਾਹੀਂ ਫੁੱਲ...



ਹਰ ਰੁੱਤ ਦੀ ਆਪਣੀ ਖ਼ੁਸ਼ਬੋ ਹੁੰਦੀ ਹੈ ਅਤੇ ਇਹ ਖ਼ੁਸ਼ਬੋ ਖ਼ੁਦ ਹੀ ਇਨਸਾਨ ਦੇ ਮਨ ਵਿੱਚ ਵੱਸ ਜਾਂਦੀ ਹੈ। ਇਨਸਾਨ ਹੋਰ ਹੀ ਤਰ੍ਹਾਂ ਮਹਿਸੂਸ ਕਰਦਾ ਹੈ ਜਿਵੇਂ ਉਸ ਨੂੰ ਕਿਸੇ ਨੇ ਆਵਾਜ਼ ਮਾਰੀ ਹੋਵੇ ਪਰ ਪਿੱਛੇ ਵੇਖਿਆਂ, ਕੋਈ ਵੀ ਨਹੀਂ ਹੁੰਦਾ। ਮਨ ਮੋਰ ਵਾਂਗ ਨੱਚਣ ਲੱਗਦਾ ਹੈ ਪਰ ਕਿਧਰੇ ਬਾਰਸ਼ ਨਹੀਂ ਹੋ ਰਹੀ ਹੁੰਦੀ; ਇਨਸਾਨ ਦੁਮੇਲ ਵੱਲ ਝਾਕਦਾ ਹੈ ਜਿੱਥੇ ਦਿਨ ਦਾ ਸੂਰਜ ਡੁੱਬਣ ਕਿਨਾਰੇ ਹੁੰਦਾ ਹੈ ਤੇ ਆਪਣੀ ਆਖਰੀ ਲਾਲੀ ਇਨਸਾਨ ਦੀਆਂ ਅੱਖਾਂ 'ਚ ਧੂੜ ਕੇ, ਕਿਧਰੇ ਛੁਪ ਜਾਂਦਾ ਹੈ। ਅਜਿਹੀ ਮਨੋਦਸ਼ਾ ਅਕਸਰ ਜੁਆਨ ਦਿਲਾਂ ਦੀ ਹੁੰਦੀ ਹੈ ਜਿਨ੍ਹਾਂ ਦੀ ਆਪਣੀ ਦੇਹ ਵਿੱਚੋਂ ਹੀ ਇੱਕ ਖ਼ੁਸ਼ਬੋ ਆ ਰਹੀ ਹੁੰਦੀ ਹੈ, ਜਿਵੇਂ ਹਿਰਨ ਦੀ ਨਾਭੀ 'ਚ ਕਸਤੂਰੀ ਹੁੰਦੀ ਹੈ ਤੇ ਹਿਰਨ ਜਾਂ ਹਿਰਨੀ ਉਸ ਕਸਤੂਰੀ ਦੀ ਖ਼ੁਸ਼ਬੋ ਦਾ ਮਾਰਿਆ ਜੰਗਲ-ਜੰਗਲ ਭਟਕਦਾ ਹੈ ਪਰ ਕਿਤੋਂ ਖ਼ੁਸ਼ਬੋ ਨਹੀਂ ਮਿਲਦੀ। ਹਫ਼ ਜਾਂਦਾ ਹੈ ਤੇ ਕਿਸੇ ਰੁੱਖ ਦੀ ਛਾਂ ਹੇਠ ਬੈਠ ਕੇ ਸਾਹ ਲੈਂਦਾ ਹੈ। ਅਜਿਹੀ ਦਸ਼ਾ ਕਿਸੇ ਨੌਜਵਾਨ ਦੀ ਵੀ ਹੋ ਸਕਦੀ ਹੈ ਤੇ ਕਿਸੇ ਭਰ ਜੋਬਨ ਮੁਟਿਆਰ ਦੀ ਵੀ, ਜੋ ਆਪਣੀ ਜੁਆਨੀ ਨੂੰ ਲੋਕਾਂ ਦੀਆਂ ਨਜ਼ਰਾਂ ਤੋਂ ਛੁਪਾ ਕੇ ਰੱਖਦੀ ਹੈ ਪਰ ਜੁਆਨੀ ਕਿੱਥੇ ਲੁਕਦੀ ਹੈ, ਇਹ ਤਾਂ ਖ਼ੁਦ-ਬ-ਖ਼ੁਦ ਖੰਘ ਕੇ ਹੁੰਗਾਰਾ ਭਰਦੀ ਹੈ ਤੇ ਕਦੇ ਸੈਨਤਾਂ ਨਾਲ ਅੱਖਾਂ ਵਿੱਚ ਅੱਖਾਂ ਪਾ ਕੇ ਕਿਸੇ ਹਾਣੀ ਨੂੰ ਲੱਭਦੀ ਫਿਰਦੀ ਹੈ। ਹਾਣੀ ਨਾ ਵੀ ਮਿਲੇ ਤਾਂ ਦਿਲ 'ਚ ਇਹ ਧਰਵਾਸ ਹੁੰਦਾ ਹੈ ਕਿ ਕਿਧਰੇ ਕੋਈ ਹੈ ਜ਼ਰੂਰ, ਜੋ ਅੱਠੇ ਪਹਿਰ ਮੇਰੇ ਨਾਲ ਰਹਿੰਦਾ ਹੈ ਤੇ ਮੇਰੇ ਜੀਵਨ ਨੂੰ ਖ਼ੁਸ਼ੀਆਂ 'ਚ ਰੰਗੀ ਜਾਂਦਾ ਹੈ। ਮੇਰਾ ਹੁੰਗਾਰਾ ਭਰਦਾ ਹੈ ਪਰ ਕਿਧਰੇ ਦਿਖਾਈ ਨਹੀਂ ਦਿੰਦਾ। ਪੁਰਾਣੇ ਸਮਿਆਂ 'ਚ ਲੋਕੀਂ ਕਪਾਹਾਂ ਦੀ ਰੁੱਤ ਵਿੱਚ ਜਦ ਖੇਤ ਕੋਲੋਂ ਲੰਘਦੇ ਤਾਂ ਖਿੜੀ ਹੋਈ ਕਪਾਹ ਦੇ ਫੁੱਲ ਮਨ ਵਿੱਚ ਇੱਕ ਹੁਲਾਰਾ ਜਿਹਾ ਜਗਾਉਂਦੇ, ਸੋਹਣੇ-ਸੋਹਣੇ ਫੁੱਲ ਮਨ ਨੂੰ ਖਿੱਲਾਂ ਪਾਉਂਦੇ ਤੇ ਮਨ ਇਨ੍ਹਾਂ ਫੁੱਲਾਂ ਮਗਰ ਉੱਡਿਆ ਫਿਰਦਾ। ਕਪਾਹਾਂ ਚੁਗਦੀਆਂ ਕੁੜੀਆਂ-ਚਿੜੀਆਂ, ਵਹੁਟੀਆਂ ਤੇ ਹੋਰ ਔਰਤਾਂ ਸਭ ਖ਼ੂਬਸੂਰਤ ਲੱਗਦੀਆਂ। ਉਨ੍ਹਾਂ ਦੇ ਮਿੱਠੇ ਬੋਲ, ਮਨ ਨੂੰ ਧੂਹ ਪਾਉਂਦੇ ਤੇ ਰਾਹੀ ਪਾਂਧੀ ਖੇਤ ਦੇ ਕੋਲੋਂ ਲੰਘਣ ਵੇਲੇ ਪੈਰ ਦੱਬ ਕੇ ਟੁਰਦਾ ਕਿ ਅਜਿਹਾ ਦ੍ਰਿਸ਼ ਕਿਤੇ ਹੋਰ ਦੇਖਣ ਲਈ ਨਹੀਂ ਮਿਲੇਗਾ। ਕੋਈ-ਕੋਈ ਚੰਚਲ ਨਾਰ! ਠੱਠਾ ਮਖੌਲ ਕਰਕੇ ਦੂਜੀ ਔਰਤ ਨੂੰ ਹਸਾ ਦਿੰਦੀ ਤੇ ਕੋਈ ਨਿੱਕੀ ਜਿਹੀ ਗੱਲ ਕਰਕੇ ਆਪ ਵੀ ਹੱਸ ਪੈਂਦੀ, ਜਿਵੇਂ ਉਸ ਦਾ ਮਾਹੀ ਵੀ ਮਨ 'ਚ ਬੈਠਾ, ਉਸ ਨੂੰ ਉਡੀਕਾਂ ਕਰ ਕੇ ਹਸਾ ਜਾਂ ਰੁਆ ਦਿੰਦਾ ਹੋਵੇ।

ਸਿਆਣੇ ਕਹਿੰਦੇ ਹਨ ਕਿ ਅਸਲ ਖ਼ੁਸ਼ੀ ਆਪਣੇ ਮਨ ਦੀ ਹੁੰਦੀ ਹੈ, ਜੋ ਦਿਲ ਵਿੱਚੋਂ ਬਲ ਰਹੀ ਮਤਾਬੀ ਡੱਬੀ ਵਾਂਗ ਕਈ ਰੰਗ ਬਿਖੇਰ ਦੇਵੇ ਤੇ ਮਨ ਪੈਲਾਂ ਪਾਉਣ ਲੱਗ ਪਏ। ਮਨ ਚੂੰਡੀਆਂ ਭਰੇ ਤੇ ਕੋਹਾਂ ਦੂਰ ਕੋਈ ਬੈਠਾ ਮਨ ਦਾ ਰਾਂਝਣ ਅਚਾਨਕ ਯਾਦਾਂ ਵਿੱਚ ਆ ਸਮਾਵੇ। ਕੋਈ ਨੌਜਵਾਨ ਜਾਂ ਮੁਟਿਆਰ ਅਜਿਹੀ ਹਾਲਤ ਵਿੱਚ ਆਪਣੀ ਠੋਡੀ ਦੇ ਹੇਠ ਹੱਥ ਰੱਖ ਕੇ ਸੋਚਾਂ ਵਿੱਚ ਡੁੱਬੇ ਰਹਿਣ। ਕਿਧਰੇ ਗੁੰਮ-ਗੁਆਚ ਜਾਣ ਤੇ ਛੇਤੀ ਕੀਤਿਆਂ ਪਤਾ ਹੀ ਨਾ ਲੱਗੇ ਕਿ ਹਾਕ ਕਿਸ ਨੂੰ ਮਾਰੀ ਗਈ ਹੈ। ਮਾਂ ਵੀ ਧੀ ਦੇ ਮਨ ਦੀਆਂ ਤੋਂ ਅਣਜਾਣ ਨਹੀਂ ਹੁੰਦੀ। ਇਹ ਖਿੜੀਆਂ ਕਪਾਹਾਂ ਦੀ ਰੁੱਤ ਜ਼ਰੂਰੀ ਨਹੀਂ ਕਿ ਨੌਜਵਾਨਾਂ ਦੇ ਦਿਲਾਂ 'ਚ ਹੀ ਅਠਖੇਲੀਆਂ ਕਰਦੀ ਹੋਵੇ, ਸਗੋਂ ਹੋਰ ਇਨਸਾਨ ਵੀ ਇਸ ਰੁੱਤ ਦੀ ਆਹਟ ਨੂੰ ਆਪਣੇ ਮਨ 'ਤੇ ਹੰਢਾਉਂਦੇ ਹਨ। ਉਹ ਵੀ ਜੋ ਛਾਲਾਂ ਮਾਰ ਕੇ ਖੇਤ ਕੋਲੋਂ ਲੰਘ ਜਾਵੇ ਤੇ ਉਹ ਵੀ ਜੋ ਖੂੰਡੀ ਦੇ ਸਹਾਰੇ ਖੇਤ ਦੇ ਬੰਨੇ-ਬੰਨੇ ਸੈਰ ਕਰਨ ਆਇਆ ਹੋਵੇ। ਜਦ ਇਨਸਾਨ ਬੁੱਢਾ ਹੋ ਜਾਂਦਾ ਹੈ; ਦਿਲ ਤਾਂ ਉਹੀ ਰਹਿੰਦਾ ਹੈ, ਖਵਾਹਿਸ਼ਾਂ ਤੇ ਮਨ ਦੀਆਂ ਚਾਹਤਾਂ ਉਹੀ ਰਹਿੰਦੀਆਂ ਹਨ।

ਸ਼ਾਲਾ! ਇਹ ਕਪਾਹਾਂ ਦੀ ਰੁੱਤ, ਹਰ ਇਨਸਾਨ ਦੇ ਮਨ 'ਚ ਵਸੀ ਰਵੇ ਤੇ ਇਨਸਾਨ ਆਪਣੀ ਦੇਹ ਨੂੰ ਨਵੀਂ ਨਰੋਈ ਸਮਝ ਕੇ ਸਾਰੀ ਜ਼ਿੰਦਗੀ ਚੁੰਗੀਆਂ ਭਰਦਾ ਰਵੇ, ਜਿਵੇਂ ਹਿਰਨ ਵਣਾਂ ਵਿੱਚ, ਚੁੰਗੀਆਂ ਭਰਦੇ ਹਨ ਤੇ ਵਣਾਂ ਦੀ ਸੁਗੰਧ ਪੀ ਕੇ ਜ਼ਿੰਦਗੀ ਮਾਣਦੇ ਹਨ। ਮਨ ਤਾਂ ਸਭ ਦਾ ਇੱਕੋ ਜਿਹਾ ਹੀ ਹੁੰਦਾ ਹੈ। ਚਾਹੇ ਇਹ ਕੋਈ ਇਨਸਾਨ ਹੋਵੇ ਤੇ ਚਾਹੇ ਵਣਾਂ 'ਚ ਵਸਣ ਵਾਲੀ ਹਿਰਨੀ ਜਾਂ ਹਿਰਨ। ਇਸ ਮਨੁੱਖੀ ਦੇਹ ਦਾ ਕੀ ਭਰੋਸਾ, ਕਿਹੜੇ ਵੇਲੇ ਇਸ ਦੇਹ ਵਿੱਚੋਂ ਭੌਰ ਉੱਡ ਕੇ ਇਸ ਦੇਹ ਨੂੰ ਅਲਵਿਦਾ ਕਹਿ ਦੇਵੇ। ਜਿੰਨਾ ਚਿਰ ਇਨਸਾਨ ਦੀ ਦੇਹੀ 'ਚ ਪ੍ਰਾਣ ਬਾਕੀ ਹਨ, ਸ਼ਾਲਾ! ਇਹ ਕਪਾਹਾਂ ਖਿੜਦੀਆਂ ਰਹਿਣ।

- ਅਜੀਤ ਸਿੰਘ ਚੰਦਨ

# ਹੱਸਦੀ-ਮੁਸਕਰਾਉਂਦੀ ਜ਼ਿੰਦਗੀ

ਤੁਹਾਡੀ ਖ਼ੁਸ਼ੀ ਇਸ ਗੱਲ 'ਤੇ ਨਿਰਭਰ ਹੈ ਕਿ ਤੁਸੀਂ ਆਪਣੀ ਜ਼ਿੰਦਗੀ ਪ੍ਰਤੀ ਕਿਹੋ ਜਿਹਾ ਰਵੱਈਆ ਅਖ਼ਤਿਆਰ ਕੀਤਾ ਹੈ। ਜਿਹੜੇ ਇਨਸਾਨ ਜ਼ਿੰਦਗੀ ਨੂੰ ਹੱਸ ਕੇ ਜਿਊਂਦੇ ਹਨ, ਉਨ੍ਹਾਂ ਦੀ ਜ਼ਿੰਦਗੀ ਆਪੇ ਲੀਹ 'ਤੇ ਪੈ ਜਾਂਦੀ ਹੈ। ਹਰ ਵੇਲੇ ਖ਼ੁਸ਼ ਰਹਿਣਾ ਤੇ ਖ਼ੁਸ਼ੀ-ਖ਼ੁਸ਼ੀ ਆਪਣੇ ਕੰਮ ਨੂੰ ਕਰਨ ਵਾਲਾ ਇਨਸਾਨ ਕਦੇ ਉਦਾਸ ਹੋ ਹੀ ਨਹੀਂ ਸਕਦਾ। ਕਈ ਵਾਰ ਅਜਿਹੇ ਇਨਸਾਨ ਦੇ ਜੀਵਨ ਵਿੱਚ ਵੀ ਮੁਸ਼ਕਲਾਂ ਆਉਂਦੀਆਂ ਹਨ ਪਰ ਉਹ ਉਨ੍ਹਾਂ ਸਭ ਮੁਸ਼ਕਲਾਂ ਤੋਂ ਪਾਰ ਹੋ ਜਾਂਦਾ ਹੈ। ਇਨ੍ਹਾਂ ਮੁਸ਼ਕਲਾਂ ਤੋਂ ਪਾਰ ਹੋ ਜਾਣ ਲਈ ਦ੍ਰਿੜ੍ਹ ਇਰਾਦੇ ਤੇ ਅੰਦਰਲੀ ਸੂਝ ਦੀ ਜ਼ਰੂਰਤ ਪੈਂਦੀ ਹੈ। ਕੋਈ ਮੁਸ਼ਕਲ ਅਜਿਹੀ ਨਹੀਂ, ਜਿਸ ਨੂੰ ਤੁਸੀਂ ਕਦੇ ਹੱਲ ਨਾ ਕਰ ਸਕੋ। ਮੁਸ਼ਕਲ ਪ੍ਰਤੀ ਤੁਹਾਡਾ ਰਵੱਈਆ ਹੀ ਤੁਹਾਡੀ ਮੁਸ਼ਕਲ ਨੂੰ ਹੱਲ ਕਰਦਾ ਹੈ। ਕਿਸੇ ਮੁਸ਼ਕਲ ਤੋਂ ਪਾਰ ਜਾਣ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਮੁਸ਼ਕਲ ਨੂੰ ਸਮਝ ਰਹੇ ਹੋਵੋ ਕਿ ਇਸ ਨੂੰ ਹੱਲ ਕਿਵੇਂ ਕਰਨਾ ਹੈ। ਮਨ ਵਿੱਚ ਉਲਝਣਾਂ ਤੇ ਧੁੰਦਲਾਪਣ ਤੁਹਾਨੂੰ ਸਹੀ ਰਾਹ 'ਤੇ ਜਾਣ ਤੋਂ ਰੋਕਦਾ ਹੈ। ਕਿਸੇ ਵੀ ਸਮੱਸਿਆ ਨੂੰ ਹੱਲ ਕਰਨ ਲਈ ਮਨ ਸਪਸ਼ਟ ਹੋ ਜਾਵੇ ਤਾਂ ਹੱਲ ਆਪ ਹੀ ਨਿਕਲ ਆਉਂਦਾ ਹੈ। ਕਈ ਵਾਰ ਜ਼ਿੰਦਗੀ ਇਨਸਾਨ ਦੀ ਪ੍ਰੀਖਿਆ ਲੈਂਦੀ ਹੈ। ਜਦੋਂ ਇਨਸਾਨ ਦਾ ਮਨ ਕੰਵਲ ਦੇ ਫੁੱਲ ਵਾਂਗ ਖਿੜਿਆ ਹੋਵੇ ਤਾਂ ਮਨ ਦੀਆਂ ਸਭ ਗੁੰਝਲਾਂ ਵੀ ਆਪੇ ਹੀ ਖੁੱਲ੍ਹ ਜਾਂਦੀਆਂ ਹਨ। ਅੰਦਰਲੇ ਕੰਵਲ ਫੁੱਲ ਨੂੰ ਖਿੜਿਆ ਰੱਖਣ ਲਈ ਬੁੱਧ ਦੀਆਂ ਬਹੁਤ ਸਾਰੀਆਂ ਗੱਲਾਂ ਤੇ ਪ੍ਰੇਰਨਾਵਾਂ ਸਾਨੂੰ ਸਹੀ ਰਾਹ ਵਿਖਾ ਸਕਦੀਆਂ ਹਨ। ਗੌਤਮ ਬੁੱਧ ਨੇ ਕਿਹਾ ਹੈ ਕਿ ਈਰਖਾ, ਲਾਲਚ ਤੇ ਮੂਰਖਤਾ-ਭਰੀਆਂ ਸੋਚਾਂ ਤੋਂ ਇਨਸਾਨ ਨੂੰ ਉੱਪਰ ਉੱਠਣਾ ਚਾਹੀਦਾ ਹੈ। ਇਨ੍ਹਾਂ ਤੋਂ ਉੱਪਰ ਉੱਠ ਕੇ ਆਪਣੇ ਮਨ ਦੇ ਸ਼ੀਸ਼ੇ ਨੂੰ ਸਾਫ਼ ਰੱਖਣਾ ਪਵੇਗਾ। ਜੇ ਮਨ ਦਾ ਸ਼ੀਸ਼ਾ ਸਾਫ਼ ਨਹੀਂ ਤਾਂ ਤੁਸੀਂ ਜ਼ਿੰਦਗੀ ਦੀ ਸਹੀ ਤਸਵੀਰ ਵੀ ਨਹੀਂ ਵੇਖ ਸਕੋਗੇ। ਜ਼ਿੰਦਗੀ ਪ੍ਰਤੀ ਢਹਿੰਦੇ ਵਿਚਾਰ, ਉਲਝੀਆਂ ਸੋਚਾਂ ਤੇ ਮਨ ਦਾ ਉਲਾਰਪੁਣਾ ਸਾਨੂੰ ਗ਼ਲਤ ਰਾਹ ਪਾ ਦਿੰਦਾ ਹੈ। ਗ਼ਲਤ ਰਾਹ ਪੈਣ ਨਾਲ ਮੰਜ਼ਿਲਾਂ ਧੁੰਦਲੀਆਂ ਤੇ ਦੂਰ ਹੋ ਜਾਂਦੀਆਂ ਹਨ। ਢਹਿੰਦੇ ਵਿਚਾਰ, ਜ਼ਿੰਦਗੀ ਨੂੰ ਢਹਿੰਦੀ ਕਲਾ ਵੱਲ ਲੈ ਜਾਂਦੇ ਹਨ। ਜਦੋਂ ਵੀ ਤੁਸੀਂ ਜ਼ਿੰਦਗੀ ਦੇ ਹਨੇਰੇ ਰਾਹਾਂ ਵਿੱਚ ਘਿਰੇ ਹੋਵੋ ਤਾਂ ਪਹਿਲਾਂ ਆਪਣੇ ਮਨ ਦੇ ਹਨੇਰਿਆਂ ਨੂੰ ਦੂਰ ਕਰ ਦੇਵੋ। ਇਹ ਤਦ ਹੀ ਸੰਭਵ ਹੈ ਜੇ ਤੁਸੀਂ ਆਪਣੇ-ਆਪ ਨੂੰ ਸਮਝ ਲੈਂਦੇ ਹੋ। ਅੰਦਰਲਾ ਦੀਪ ਜਗਣ ਤੇ ਅੰਦਰਲੀ ਰੋਸ਼ਨੀ ਦੇ ਚਾਨਣ ਨਾਲ ਤੁਹਾਨੂੰ ਉਲਝੀ ਹੋਈ ਜ਼ਿੰਦਗੀ ਦੀ ਆਪੇ ਹੀ ਸਮਝ ਪੈ ਜਾਵੇਗੀ। ਜ਼ਿੰਦਗੀ ਦਾ ਅਸਲ ਰਾਹ, ਹੱਸਣਾ, ਮੁਸਕਰਾਉਣਾ ਤੇ ਖ਼ੁਸ਼ ਰਹਿਣਾ ਹੈ। ਜਿਹੜਾ ਇਨਸਾਨ ਹੱਸਣਾ, ਮੁਸਕਰਾਉਣਾ ਤੇ ਖ਼ੁਸ਼ ਰਹਿਣਾ ਸਿੱਖ ਲੈਂਦਾ ਹੈ, ਉਹ ਕਿਸੇ ਮੁਸ਼ਕਲ 'ਚ ਫਸਦਾ ਹੀ ਨਹੀਂ। ਜੇ ਕੋਈ ਮੁਸ਼ਕਲ ਆ ਵੀ ਜਾਵੇ ਤਾਂ ਉਸ ਨੂੰ ਸਹੀ ਸੋਚ ਤੇ ਸਹੀ ਵਿਚਾਰ ਉਸ ਮੁਸ਼ਕਲ ਤੋਂ ਪਾਰ ਲੈ ਜਾਂਦੇ ਹਨ। ਜ਼ਿੰਦਗੀ ਜਿਊਣ ਦਾ ਹੁਨਰ ਸਿੱਖਣ ਦੀ ਜ਼ਰੂਰਤ ਹੈ। ਧੁੱਪਾਂ ਤੇ ਛਾਵਾਂ ਮਾਣਦੀ ਇਹ ਜ਼ਿੰਦਗੀ ਆਪਣੀ ਮਟਕ ਚਾਲ ਤੁਰੀ ਜਾਂਦੀ ਹੈ। ਬਸ ਵੇਖਣਾ ਹੈ ਕਿ ਤੁਸੀਂ ਇਸ ਜ਼ਿੰਦਗੀ ਦੀ ਮਟਕ ਨੂੰ ਕਿਵੇਂ ਕਾਇਮ ਰੱਖ ਸਕਦੇ ਹੋ। ਹੱਸਦੇ, ਮੁਸਕਰਾਉਂਦੇ ਤੇ ਗਾਉਂਦੇ ਜ਼ਿੰਦਗੀ ਦਾ ਸਫ਼ਰ ਜਾਰੀ ਰੱਖੋ। ਮੰਜ਼ਿਲ ਤੁਹਾਡੇ ਪੈਰ ਚੁੰਮ ਲਵੇਗੀ।



# ਲੋਪ ਹੋ ਰਹੀ ਸਾਂਝੀ ਮਾਈ



ਪੰਜਾਬ ਵਿੱਚ ਅੱਜ ਵੀ ਲੋਕ ਦੇਵੀਆਂ ਵਿੱਚੋਂ ਸਾਂਝੀ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ। ਸਾਂਝੀ ਲੋਕ ਦੇਵੀ ਦਾ ਸਬੰਧ ਲੋਕ-ਮਾਨਸ, ਲੋਕ-ਵਿਸ਼ਵਾਸ, ਲੋਕ-ਧਰਮ ਅਤੇ ਲੋਕ ਕਲਾ ਨਾਲ ਹੈ। ਸਾਂਝੀ ਦੇਵੀ ਦੀ ਪੂਜਾ ਲੋਕ ਪੌਰਾਣਿਕ ਦੇਵੀ ਦੁਰਗਾ ਮਾਈ, ਬ੍ਰਹਮਾ ਦੀ ਪੁੱਤਰੀ ਸੰਧਿਆ ਅਤੇ ਗੌਰੀ ਦਾ ਰੂਪ ਸਮਝ ਕੇ ਕਰਦੇ ਹਨ।

ਪੰਜਾਬ ਦੇ ਪਿੰਡਾਂ ਵਿੱਚ ਸਾਂਝੀ ਦੀ ਆਕਿਰਤੀ ਸਰਾਧਾਂ ਦੀ ਸੱਤੇਂ ਨੂੰ ਸੱਤ ਟਿੱਕੀਆਂ ਬਣਾ ਕੇ ਸ਼ੁਰੂ ਕੀਤੀ ਜਾਂਦੀ ਹੈ। ਸਰਾਧਾਂ ਦੀ ਸੱਤੇਂ ਤੋਂ ਸਰਾਧਾਂ ਦੀ ਚੌਦੇਂ ਤਕ ਸਾਂਝੀ ਮਾਈ ਦੀ ਆਕਿਰਤੀ ਲਈ ਟਿੱਕੀਆਂ, ਚੰਦ, ਤਾਰੇ, ਸਾਂਝੀ ਮਾਈ ਦਾ ਮੂੰਹ, ਕਾਣਾ ਘੁੱਦੂ, ਧਰੂ ਤਾਰਾ, ਸਾਂਝੀ ਦੇ ਗਹਿਣੇ, ਹੱਥ-ਪੈਰ, ਮੋਰ ਚਿੜੀਆਂ, ਸਾਂਝੀ ਦੀ ਜੁੱਤੀ ਆਦਿ ਚੀਕਣੀ ਮਿੱਟੀ ਨਾਲ ਤਿਆਰ ਕੀਤੇ ਜਾਂਦੇ ਹਨ। ਸਾਂਝੀ ਦੀ ਆਕਿਰਤੀ ਨੂੰ ਘਰ ਦੇ ਬੱਚੇ ਅਤੇ ਔਰਤਾਂ ਇਕੱਠੇ ਬੈਠ ਕੇ ਬਣਾਉਂਦੇ ਹਨ। ਮੱਸਿਆ ਵਾਲੇ ਦਿਨ ਸਾਂਝੀ ਦੀ ਆਕਿਰਤੀ ਨਾਲ ਬਣਾਈਆਂ ਚੀਜ਼ਾਂ ਨੂੰ ਕਲੀ ਅਤੇ ਲਾਲ ਰੰਗ ਨਾਲ ਸਜਾ ਕੇ ਗੋਹੇ ਦੀ ਆਕਿਰਤੀ ਬਣਾ ਕੇ ਉਸ ਉੱਤੇ ਸਭ ਕੁਝ ਲਾ ਕੇ ਸਾਂਝੀ ਦੀ ਆਕਿਰਤੀ ਸਜਾ ਦਿੱਤੀ ਜਾਂਦੀ ਹੈ। ਸਾਂਝੀ ਮਾਈ ਦੀ ਆਕਿਰਤੀ ਵੱਖ-ਵੱਖ ਵਰਗਾਂ ਵਿੱਚ ਜਿਵੇਂ ਹਿੰਦੂ ਲੋਕ ਸਾਂਝੀ ਦੀ ਆਕਿਰਤੀ ਅਤੇ ਸਿੱਖ ਲੋਕ ਬਰੋਟੇ ਦੇ ਰੂਪ ਵਿੱਚ ਤਿਆਰ ਕਰਦੇ ਹਨ। ਸਾਂਝੀ ਦੀ ਤਿਆਰ ਆਕਿਰਤੀ ਤੋਂ ਬਾਅਦ ਪਹਿਲੇ ਨਰਾਤੇ ਤੋਂ ਲੈ ਕੇ ਨੌਂਵੇਂ ਨਰਾਤੇ ਤਕ ਪੂਜਾ ਕੀਤੀ ਜਾਂਦੀ ਹੈ, ਜਿਸ ਨੂੰ ਗਲੀ-ਮੁਹੱਲੇ ਦੇ ਬੱਚੇ ਰਲ਼ ਕੇ ਗੀਤ ਗਾ ਕੇ ਕਰਦੇ ਹਨ, ਜਿਵੇਂ ਸਾਂਝੀ ਦੀ ਆਰਤੀ ਹੈ-

ਪਹਿਲੀ ਆਰਤੀ ਕਰਾਂ ਕਸਾਰ<br>
ਜੀਵੇ ਮੇਰਾ ਵੀਰ ਪਿਆਰ<br>
ਵੀਰ ਪਿਆਰੇ ਦੀਆਂ ਅੜੀਆਂ<br>
ਦੋ ਸ਼ਿਵ ਦੁਆਰੇ ਖੜ੍ਹੀਆਂ<br>
ਤੂੰ ਖੋਲ੍ਹ ਮਾਤਾ ਹੱਟੜੀ<br>
ਮੈਂ ਪੂਜਾਂ ਤੇਰੀ ਪੱਟੜੀ<br>
ਮੈਂ ਪੂਜਾਂ ਤੇਰੇ ਪੈਰ<br>
ਨਿਰੰਜਨ ਤੇਰੀ ਕਾਇਆ<br>
ਛੜੱਪੇ ਲੈਂਦੀ ਮਾਇਆ<br>
ਤੂੰ ਖੋਲ੍ਹ ਮਾਇਆ ਕੁੰਡਾ<br>
ਮੈਂ ਹਰ ਕਾ ਦਰਸ਼ਨ ਪਾਇਆ

ਨੌਂ ਨਰਾਤਿਆਂ ਤੋਂ ਬਾਅਦ ਦੁਸਹਿਰੇ ਵਾਲੇ ਦਿਨ ਪ੍ਰਭਾਤ ਵੇਲੇ ਕੰਧ 'ਤੇ ਬਣਾਈ ਸਾਂਝੀ ਦੀ ਆਕਿਰਤੀ ਨੂੰ ਪੂਜਾ ਕਰ ਕੇ ਉਤਾਰਿਆ ਜਾਂਦਾ ਹੈ ਅਤੇ ਸਾਂਝੀ ਨੂੰ ਮਿੱਠੇ-ਮਿੱਠੇ ਗੀਤ ਗਾ ਕੇ ਜਲ ਪ੍ਰਵਾਹ ਕੀਤਾ ਜਾਂਦਾ ਹੈ। ਜਲ ਪ੍ਰਵਾਹ ਕਰਨ ਵੇਲੇ ਇਹ ਕਿਹਾ ਜਾਂਦਾ ਹੈ-

ਨ੍ਹਾਈਂ ਸਾਂਝੀ ਧੋਈਂ ਸਾਂਝੀ ਰੋਈਂ ਨਾ,<br>
ਵਰ੍ਹੇ ਦਿਨਾਂ ਨੂੰ ਫੇਰ ਲਾਵਾਂਗੇ।

ਭਾਵੇਂ ਅਜੋਕੇ ਸਮੇਂ ਸਿੱਖਿਆ ਦਾ ਪਸਾਰ ਹੋਣ ਕਰਕੇ ਸਾਂਝੀ ਬਣਾਉਣ ਦਾ ਰੁਝਾਨ ਘਟ ਗਿਆ ਹੈ ਪਰ ਇਹ ਲੋਪ ਨਹੀਂ ਹੋਈ, ਅੱਜ ਵੀ ਪੇਂਡੂ ਅਤੇ ਸ਼ਹਿਰੀ ਸੁਆਣੀਆਂ ਸਾਂਝੀ ਦੀ ਆਕਿਰਤੀ ਬਣਾਉਂਦੀਆਂ ਹਨ।

- ਡਾ. ਬਲਵਿੰਦਰ ਸਿੰਘ

# ਗਿਆਨ ਭਗਤੀ ਦੇ ਪੁੰਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ



ਮਨੋਹਰ ਲਾਲ ਪਵਾਰ

ਅਰਜਨ ਸੁਨਤਿ ਸੁ ਦਾਸਨ ਕੋ ਦਾਨ ਦੇਤਿ,
ਮੋਹ ਕੋ ਬਿਦਾਰਬੇ ਕੋ ਬਾਕ ਸਾਰ ਅਰਜਨ।
ਅਰਜਨ ਨਾ ਜਾਨਸੋ ਜਾਇ, ਕੇਤੋ ਹੈ ਬਿਥਾਰ ਤੇਰੋ
ਐਸੋ ਰੂਪ ਧਾਰਿ ਆਇ ਰਾਜੈ ਗੁਰੂ ਅਰਜਨ।

ਇਤਿਹਾਸ ਗਵਾਹ ਹੈ ਜਦੋਂ ਵੀ ਧਰਮ ਤੇ ਸੰਕਟ/ਅਤਿਆਚਾਰ ਹੁੰਦਾ ਰਿਹਾ ਉਦੋਂ ਅਵਤਾਰਾਂ , ਗੁਰੂਆਂ / ਸੰਤਾਂ ਧਰਮ ਦੀ ਰੱਖਿਆ ਲਈ ਸੰਤਪਤ ਮਾਨਵ ਜਾਤੀ ਨੂੰ ਉਬਾਰਿਆ ਅਤੇ ਜ਼ੁਲਮ ਜ਼ਾਬਰ ਦਾ ਸਾਹਮਣਾ ਕਰਦੇ ਹੋਏ ਆਪਣੇ ਪ੍ਰਾਣਾਂ ਦੀ ਅਹੂਤੀ ਦਿੱਤੀ । ਪੰਜਵੇਂ ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਦਾ ਬਲਿਦਾਨ ਭਾਰਤ ਦੇ ਇਤਿਹਾਸ ਵਿਚ ਅਜੋਕੀ ਮਿਸਾਲ ਹੈ।ਇਸੇ ਤਰ੍ਹਾਂ ਨੌਵੇਂ ਗੁਰੂ ਸਾਹਿਬ ਗੁਰੂ ਤੇਗ ਬਹਾਦਰ ਜੀ ਨੇ ਵੀ ਧਰਮ ਦੀ ਰੱਖਿਆ ਲਈ ਆਪਣਾ ਬਲਿਦਾਨ ਦਿੱਤਾ।

ਮੁੱਢਲਾ ਜੀਵਨ:– ਸਾਹਿਬ ਗੁਰੂ ਅਰਜਨ ਦੇਵ ਜੀ ਦਾ ਜਨਮ ਮਾਤਾ ਭਾਨੀ ਸਪੁੱਤਰੀ ਸ੍ਰੀ ਅਮਰਦਾਸ ਜੀ ਦੀ ਕੁੱਖੋਂ ਗੁਰੂ ਰਾਮ ਦਾਸ ਜੀ ਦੇ ਘਰ 15 ਅਪ੍ਰੈਲ 1563 ਈਸਵੀਂ ਵਿਚ ਹੋਇਆ ।ਗੋਇੰਦਵਾਲ ਵਿਖੇ ਆਪ 11 ਸਾਲ ਰਹੇ ਜਿਸ ਮਗਰੋਂ ਆਪ ਚੱਕ ਗੁਰੂ (ਅੰਮ੍ਰਿਤਸਰ) ਆਪਣੇ ਪਿਤਾ ਗੁਰੂ ਰਾਮ ਦਾਸ ਜੀ ਨਾਲ ਆ ਗਏ। ਗੁਰੂ ਅਮਰਦਾਸ ਜੀ ਇਨ੍ਹਾਂ ਦੇ ਨਾਨਾ ਜੀ ਲੱਗਦੇ ਸਨ ਅਤੇ ਉਹਨਾਂ ਨੇ ਇਨ੍ਹਾਂ ਦੇ ਜਨਮ ਸਮੇਂ ਭਵਿੱਖਵਾਣੀ ਕੀਤੀ ਸੀ, "ਦੋਹਤਾ ਬਾਣੀ ਦਾ ਬੋਹਥਾ" ਬਾਬਾ ਮੋਹਨ ਜੀ ਇਨ੍ਹਾਂ ਨੇ ਮਾਮਾ ਜੀ ਲਗਦੇ ਹਨ, ਜਿਨ੍ਹਾਂ ਨਾਲ ਇੰਨ੍ਹਾਂ ਦਾ ਡੂੰਘਾ ਪ੍ਰੇਮ ਸੀ ਗੁਰੂ ਜੀ ਦੇ ਦੋ ਵੱਡੇ ਭਰਾ ਪ੍ਰਿਥਵੀ ਚੰਦ ਅਤੇ ਮਹਾਂਦੇਵ ਹਮੇਸ਼ਾ ਸ੍ਰੀ ਅਰਜਨ ਦੇਵ ਜੀ ਦੇ ਨਾਲ ਈਰਖਾ ਕਰਦੇ ਰਹੇ।18 ਸਾਲ ਦੀ ਉਮਰ ਵਿਚ ਇਨ੍ਹਾਂ ਨੂੰ ਗੁਰ ਗੱਦੀ ਮਿਲੀ। ਮਹਾਂਦੇਵ ਜੀ ਦੀ ਪਤਨੀ ਕਰਮੋਂ ਨੇ ਇਨ੍ਹਾਂ ਦੇ ਸਪੁੱਤਰ ਬਾਲ ਹਰਗੋਬਿੰਦ ਰਾਏ ਜੀ ਨੂੰ ਦਹੀਂ ਵਿਚ ਜ਼ਹਿਰ ਮਿਲਾ ਕੇ ਮਾਰਨ ਦੀ ਕੋਸ਼ਿਸ਼ ਕੀਤੀ ਪ੍ਰੰਤੂ ਵਿਅਰਥ।ਪ੍ਰਿਥੀ ਚੰਦ ਨੇ ਤਾਂ ਇਥੋਂ ਤੱਕ ਇੱਕ ਸਪੋਲਾ ਇਨ੍ਹਾਂ ਨੂੰ ਮਾਰਨ ਲਈ ਹੱਥ ਵਿਚ ਫੜ੍ਹਾਇਆ ਗਿਆ ਪਰ ਗੁਰੂ ਪ੍ਰਮੇਸ਼ਵਰ ਨੂੰ ਕੌਣ ਮਾਰ ਸਕਦਾ ਹੈ। ਇਨ੍ਹਾਂ ਨੇ ਸਪੋਲਾ ਹੱਥ ਨਾਲ ਫੜ ਜ਼ਮੀਨ 'ਤੇ ਰਗੜ ਕੇ ਮਾਰ ਦਿੱਤਾ। ਪ੍ਰਿਥੀ ਚੰਦ ਹਮੇਸ਼ਾ ਦਿੱਲੀ ਦਰਬਾਰ ਵਿਚ ਇਨ੍ਹਾਂ ਖਿਲਾਫ ਝੂਠੀ ਸ਼ਿਕਾਇਤਾਂ ਕਰਦਾ ਰਿਹਾ ਅਤੇ ਪਿਤਾ ਗੁਰੂ ਰਾਮਦਾਸ ਵੱਲੋਂ ਲਿਖੀਆਂ ਚਿੱਠੀਆਂ ਵੀ ਲੁਕਾਉਂਦਾ ਰਿਹਾ।

ਜਦੋਂ ਬਾਲ ਹਰਗੋਬਿੰਦ ਜੀ ਨੂੰ ਸ਼ੀਤਲਾ ਦਾ ਪਰਕੋਪ ਹੋਇਆ ਤਾਂ ਆਪ ਨੇ ਬਚਨ ਫੁਰਮਾਏ;

ਡਰੋ ਨਾ ਉਹ ਬਾਲਕ ਕੇ ਰਖਵਾਰ ਰਮਾਪਤਿ
ਆਸ ਕਰੋ ਪਰਮੇਸਰ ਕੀ ਜਿਸ ਤੇ ਨਹਿ ਔਰ
ਬੜੇ ਦੁਖ ਦਾਹਿਤ॥
ਸੁਨ ਦੇਤਿ ਧੀਰ ਨਹੀਂ ਕਰਹੁ ਤ੍ਰਾਸ
ਇਕ ਪਾਰਬ੍ਰਹਮ ਕੀ ਧਰਹੁ ਆਸ।
ਗੁਰੂ ਨਾਨਕ ਇਨਕੇ ਨਿਤ ਸਹਾਏ
ਜਿਨ ਨਾਮ ਜਪੇ ਸਭ ਕਸ਼ਟ ਜਾਏ।

ਜਦੋਂ ਇਨ੍ਹਾਂ ਦੇ ਵੱਡੇ ਭਰਾ ਮਹਾਂਦੇਵ ਜੀ ਹਾਲ ਪੁੱਛਣ ਆਏ ਤਾਂ ਗੁਰੂ ਜੀ ਨੇ ਕਿਹਾ,

ਦੀਨਨ ਸਾਥ ਹੋਇ ਸਹਾਇ।
ਦ੍ਰਿਗ ਲਏ ਆਪ ਕਰ ਦੈ ਬਚਾਇ।
ਪ੍ਰਭ ਹੋਵਹਿ ਸਹਾਇ ਤੁਮਰੀ ਕ੍ਰਿਪਾ ਸੁ ਦੇ ਹੈ ਬਚਾਇ।

ਜਦ ਹਰਗੋਬਿੰਦ ਜੀ ਨਿਰੋਏ ਹੋਏ ਤਾਂ ਆਪ ਨੇ ਉਚਰਿਆ

ਸ੍ਰੀ ਨਾਨਕ ਗੁਰੂ ਦੇਵ ਨੇ ਕਰ ਸੁ ਨੈਨ ਪ੍ਰਕਾਸ਼
ਰਛਾ ਕੀਨਿਸ ਹਾਥਿ ਦੇ ਲਖਿ ਪੂਰੀ ਮਮਆਸ।

ਸਿੱਖੀ ਦਾ ਵਿਕਾਸ : ਸ੍ਰੀ ਗੁਰੂ ਅਰਜਨ ਦੇਵ ਜੀ ਵੇਲੇ ਸਿੱਖੀ ਦਾ ਪ੍ਰਚਾਰ ਪ੍ਰਸਾਰ ਖੂਬ ਹੋਇਆ ਜੋ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ ਉਹਨਾਂ ਵਲੋਂ ਹੇਠ ਲਿਖੇ ਮਹਾਨ ਕਾਰਜ ਕੀਤੇ ਗਏ;

ਸ੍ਰੀ ਆਦਿ ਗ੍ਰੰਥ ਦਾ ਸੰਕਲਨ:– ਗੁਰੂ ਜੀ ਵੇਲੇ ਕੁਝ ਸੰਤਾਂ ਨੇ ਆਪਣੀ ਹੀ ਗੁਰਬਾਣੀ ਦੀ ਰਚਨਾ ਕਰ ਦਿੱਤੀ ਜਿਸ ਨਾਲ ਸਿੱਖ ਜਗਤ ਅਸਮੰਜਸ ਵਿਚ ਪੈ ਗਿਆ।ਇਸ ਲਈ ਗੁਰੂ ਜੀ ਨੇ ਪਹਿਲੇ ਚਾਰ ਗੁਰੂਆਂ ਦੀ ਬਾਣੀ ਅਤੇ ਆਪਣੇ ਲਿਖੇ ਸਲੋਕ ਵੀ ਇੱਕਤਰ ਕਰਕੇ ਸੰਕਲਨ ਦਾ ਕੰਮ, ਭਾਈ ਗੁਰਦਾਸ ਜੀ ਤੋਂ ਕਰਵਾਇਆ ਜੋ ਇਹਨਾਂ ਦੇ ਮਾਮਾ ਜੀ ਲਗਦੇ ਸਨ। ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੇ 976, ਸ੍ਰੀ ਗੁਰੂ ਅੰਗਦ ਦੇਵ ਜੀ ਦੇ 62 ਸ੍ਰੀ ਗੁਰੂ ਅਮਰ ਦਾਸ ਜੀ ਦੇ 907 ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ 679 ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ 2216 ਸਲੋਕ ਜੋੜ ਕੇ 16 ਹੋਰ ਸੰਤਾਂ ਦੀ ਬਾਣੀ ਵੀ ਦਰਜ ਕੀਤੀ।ਇਹਨਾਂ ਸੰਤਾਂ ਵਿਚੋਂ ਕਬੀਰ , ਰਵਿਦਾਸ , ਭਗਤ ਨਾਮ ਦੇਵ , ਫਰੀਦ, ਜੈਦੇਵ, ਸੂਰਦਾਸ ਅਤੇ ਭਗਤ ਤ੍ਰਿਲੋਚਨ ਦੀ ਬਾਣੀਆਂ ਸ਼ਾਮਲ ਕੀਤੀਆਂ।

(2) ਤਰਨ ਤਾਰਨ ਅਤੇ ਕਰਤਾਰਪੁਰ ਦੀ ਨੀਂਹ:– ਗੁਰੂ ਜੀ ਨੇ ਅੰਮ੍ਰਿਤਸਰ ਤੋਂ 22 ਕਿ.ਮੀਟਰ ਦੂਰ ਇਕ ਤਲਾਬ ਦੀ ਖੁਦਾਈ ਕਰਵਾਈ ਜਿਸਦਾ ਨਾਂ ਤਰਨ ਤਾਰਨ ਰੱਖਿਆ।1539 ਈ. ਨੂੰ ਜਲੰਧਰ ਦੇ ਨੇੜੇ ਕਰਤਾਰਪੁਰ ਦੀ ਨੀਂਹ ਰੱਖੀ, ਇਥੇ ਹੀ ਗੰਗਸਰ ਨਾਂ ਦੇ ਕੂੰਏਂ ਦੀ ਖੁਦਾਈ ਕਰਵਾਈ ਅਤੇ ਬਚਨ ਫੁਰਮਾਏ ਕਿ ਇਸਦਾ ਪਾਣੀ ਗੰਗਾ ਦੇ ਸਮਾਨ ਪਵਿੱਤਰ ਹੋਵੇਗਾ।ਅੰਮ੍ਰਿਤਸਰ ਦੇ ਨੇੜੇ ਹੀ ਛੇਹਰਟਾ ਦੀ ਨੀਂਹ ਰੱਖੀ ਅਤੇ ਆਪਣੇ ਬੇਟੇ ਸ੍ਰੀ ਹਰਗੋਬਿੰਦ ਰਾਏ ਜੀ ਦੇ ਨਾਂ 'ਤੇ ਬਿਆਸ ਦੇ ਕਿਨਾਰੇ ਹਰਗੋਬਿੰਦਪੁਰ ਦੀ ਸਥਾਪਨਾ ਕੀਤੀ।

ਸ੍ਰੀ ਹਰਿਮੰਦਰ ਸਾਹਿਬ ਦਾ ਨਿਰਮਾਣ:– ਗੁਰੂ ਸਾਹਿਬ ਜੀ ਨੇ ਅੰਮ੍ਰਿਤਸਰ ਵਿਖੇ ਸ਼੍ਰੀ ਹਰਿਮੰਦਰ ਸਾਹਿਬ ਦਾ ਨਿਰਮਾਣ ਕਰਵਾਇਆ ਜੋ ਸਿੱਖ ਇਤਿਹਾਸ ਵਿਚ ਬਹੁਤ ਵੱਡੀ ਘਟਨਾ ਸੀ ਜਿਸ ਦਾ ਨੀਂਹ ਪੱਥਰ ਉਸ ਸਮੇਂ ਪ੍ਰਸਿੱਧ ਮੁਸਲਮਾਨ ਫ਼ਕੀਰ , ਮੀਆਂ ਮੀਰ ਨੇ 1588 ਈ.ਨੂੰ ਰੱਖੀ । ਗੁਰੂ ਜੀ ਨੇ ਹਰਿਮੰਦਰ ਸਾਹਿਬ ਦੀ ਉਸਾਰਨ ਦੀ ਸੇਵਾ – ਭਾਈ ਗੁਰਦਾਸ ਜੀ, ਬੁੱਲਾ, ਭਾਨਾ ਅਤੇ ਕਲਿਆਣਾ ਆਦਿ ਸਿੱਖਾਂ ਨੂੰ ਸੌਂਪੀ ।ਗੁਰੂ ਜੀ ਨੇ ਹਰਿਮੰਦਰ ਸਾਹਿਬ ਦੀ ਮਹਿਮਾ ਬਾਰੇ ਉਚਰਿਆ:–

ਰਾਮਦਾਸ ਸਰੋਵਰ ਨਾਤੇ, ਸਭਿ ਉਤਰੇ ਪਾਪ ਕਮਾਤੇ ।
ਨਿਰਮਲ ਹੋਏ ਕਰਿ ਇਸ਼ਨਾਨਾ। ਗੁਰ ਪੂਰੈ ਕੀਨੇ ਦਾਨਾ ॥

ਹਰਿਮੰਦਰ ਸਾਹਿਬ ਦਾ ਨਿਰਮਾਣ 1601 ਨੂੰ ਪੂਰਾ ਹੋਇਆ ।ਸੰਨ 1604 ਈ.ਨੂੰ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਵਿਰਾਜਮਾਨ ਹੋਏ, ਜਿਸਦੇ ਪਹਿਲੇ ਹੈੱਡ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਨਿਯੁਕਤ ਕੀਤਾ ਗਿਆ।ਹਰਿਮੰਦਰ ਸਾਹਿਬ ਬੀੜ ਨੂੰ ਸਜੇ ਹੋਏ ਤਖਤ 'ਤੇ ਟਿਕਾਇਆ ਗਿਆ ਤੇ ਗੁਰੂ ਮਹਾਰਾਜ ਨੇ ਬਾਬਾ ਬੁੱਢਾ ਜੀ ਨੂੰ ਵਾਕ ਲੈਣ ਲਈ ਕਿਹਾ, ਵਾਕ ਸੀ;

ਵਿਚਿ ਕਰਤਾ ਖਲੋਆ, ਵਾਲ ਨਾ ਵਿੰਗਾ ਹੋਆ।

ਗੁਰੂ ਜੀ ਦਾ ਬਲਿਦਾਨ :– ਸਿੱਖਾਂ ਦੇ ਇਮਤਿਹਾਨ ਦੀ ਕਠਿਨ ਪ੍ਰੀਖਿਆ ਦਾ ਸਮਾਂ ਆ ਪੁਜਾ।ਸ੍ਰੀ ਗੁਰੂ ਮਹਾਰਾਜ ਦਾ ਬਲਿਦਾਨ ਭਾਰਤ ਦੇ ਇਤਿਹਾਸ ਦੀ ਬਹੁਤ ਵੱਡੀ ਘਟਨਾ ਸੀ ਜਿਸਨੇ ਸਾਰੀ ਮਾਨਵਜਾਤੀ ਨੂੰ ਹਿਲਾ ਦਿੱਤਾ।ਜਿਸ ਮਗਰੋਂ ਸਿੱਖੀ ਦਾ ਸਰੂਪ ਹੀ ਬਦਲ ਗਿਆ ਅਤੇ ਛੇਵੇਂ ਪਾਤਿਸ਼ਾਹ ਸ਼੍ਰੀ ਗੁਰੂ ਹਰਗੋਬਿੰਦ ਰਾਏ ਜੀ ਨੇ ਦੋ ਤਲਵਾਰਾਂ ਧਾਰਨ ਕਰਕੇ ਸਿੱਖਾਂ ਨੂੰ ਸ਼ਸ਼ਤਰਧਾਰੀ ਬਣਾਇਆ। ਮੁਗਲ ਪਾਤਸ਼ਾਹ ਅਕਬਰ ਦੀ ਮੌਤ 17 ਅਕਤੂਬਰ 1605 ਈ: ਨੂੰ ਹੋਈ ਅਤੇ 7 ਦਿਨਾਂ ਦੇ ਸੋਗ ਮਗਰੋਂ ਉਸਦਾ ਪੁੱਤਰ ਜਹਾਂਗੀਰ (ਸਲੀਮ) 24.10.1605 ਨੂੰ ਗੱਦੀ 'ਤੇ ਬੈਠਾ ਉਹ ਅਕਬਰ ਦੀ ਤਰ੍ਹਾਂ ਉਦਾਰ ਹਿਰਦੈ ਨਹੀਂ ਸੀ ਸਗੋਂ ਸ਼ੁਰੂ ਤੋਂ ਹੀ ਸਿੱਖਾਂ ਅਤੇ ਹਿੰਦੂਆਂ ਦੇ ਖਿਲਾਫ ਸੀ ਅਤੇ ਗੁਰੂਆਂ ਦੀ ਪ੍ਰਸਿੱਧੀ ਤੋਂ ਬੇਚੈਨ ਸੀ ।ਜਿਸ ਕਾਰਨ ਗੁਰੂ ਜੀ ਨੂੰ ਸ਼ਹੀਦ ਕਰਨ ਦਾ ਫਰਮਾਨ ਜਾਰੀ ਕੀਤਾ ਉਹਨਾਂ ਦੇ ਬਲੀਦਾਨ ਦੇ ਪ੍ਰਮੁੱਖ ਕਾਰਨਾਂ ਦੇ ਬਾਰੇ ਰੋਸ਼ਨੀ ਪਾਉਣੀ ਬਹੁਤ ਜ਼ਰੂਰੀ ਹੈ, ਜੋ ਨਿਮਨ ਲਿਖਤ ਹਨ:–

ੳ. ਜਹਾਂਗੀਰ ਦੀ ਅਸਹਿਨਸ਼ੀਲਤਾ ਅਤੇ ਕੱਟੜਪੁਣਾ:– "ਤੁਜਕੇ ਜਹਾਂਗੀਰੀ" ਵਿਚ ਜਹਾਂਗੀਰ ਲਿਖਦਾ ਹੈ ਕਿ ਇਸ ਧਰਮ ਦੇ ਠੇਕੇਦਾਰ (ਗੁਰੂ ਅਰਜਨ ਦੇਵ ਜੀ) ਦੀ ਦੁਕਾਨ ਬੰਦ ਕਰਕੇ ਉਸਨੂੰ ਮੁਸਲਮਾਨ ਬਣਾ ਦਿੱਤਾ ਜਾਵੇ ਜਦੋਂ ਉਹਨਾਂ ਨੂੰ ਪਤਾ ਲਗਾ ਕਿ ਗੁਰੂ ਜੀ ਨੇ ਰਾਜਕੁਮਾਰ ਖੁਸਰੋ ਨੂੰ ਅਸੀਸ ਦਿੱਤੀ ਹੈ ਤਾਂ ਉਹ ਭੜਕ ਗਿਆ ਅਤੇ ਗੁਰੂ ਜੀ 'ਤੇ ਦੋ ਲੱਖ ਰੁਪਏ ਜੁਰਮਾਨਾ ਲੱਗਾ ਦਿੱਤਾ ਜੋ ਗੁਰੂ ਜੀ ਨੇ ਦੇਣ ਤੋਂ ਇੰਨਕਾਰ ਕਰ ਦਿੱਤਾ।

ਅ. ਗੁਰੂ ਜੀ ਖਿਲਾਫ਼ ਰਚੀ ਸਾਜਿਸ਼:– ਚੰਦੂ ਸ਼ਾਹ ਅਤੇ ਗੁਰੂ ਜੀ ਦੇ ਸਕੇ ਭਰਾ ਪ੍ਰਿਥੀ ਚੰਦ ਵੀ ਗੁਰੂ ਜੀ ਦੇ ਵਿਰੋਧੀ ਸਨ ਜੋ ਰਾਤ ਦਿਨ ਗੁਰੂ ਜੀ ਦੇ ਖਿਲਾਫ ਬਾਦਸ਼ਾਹ ਅਕਬਰ ਨੂੰ ਭੜਕਾ ਰਹੇ ਸਨ ਅਤੇ ਅਕਬਰ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਪੜ੍ਹਕੇ ਸੁਨਾਉਣ ਲਈ ਕਿਹਾ ਤਾਂ ਸ਼ਬਦ ਆਇਆ:–

" ਖਾਕ ਨੂੰਹ ਕਰਦੇ ਆਲਮ ਦੁਨੀਆਇ,
ਅਸਮਾਨ ਜਿੰਮੀ ਦਰੱਖਤ ਆਬ ਪੈਦਾਇਸ਼,
ਫਨਾਇ ਬੰਦੇ ਚਮਨ ਦੀਦਾਰੇ ਫਨਾਇ,
ਦੁਨੀਆ ਮੁਰਦਾਰ ਖੁਰਦਨੀ ਗਾਫ਼ਲ ਗਵਾਇ।"

ਅਕਬਰ ਸ਼ਬਦ ਸੁਣ ਕੇ ਬਹੁਤ ਪ੍ਰਭਾਵਤ ਅਤੇ ਪ੍ਰਸੰਨ ਹੋਇਆ ਅਤੇ ਅਕਬਰ ਨੇ ਬੜੇ ਅਦਬ ਨਾਲ ਗੁਰੂ ਜੀ ਨੂੰ ਪੰਜ ਸੌ ਅਸ਼ਰਫੀਆਂ ਭੇਟ ਕੀਤੀਆਂ ਅਤੇ ਸਜ਼ਦਾ ਕੀਤੀ।

ਚੰਦੂ ਦੀ ਈਰਖਾ:– ਪ੍ਰਿਥੀ ਚੰਦ ਅਤੇ ਚੰਦੂ ਸ਼ਾਹ ਦਿੱਲੀ ਸਲਤਨਤ ਕੋਲ ਗੁਰੂ ਜੀ ਖਿਲਾਫ਼ ਸ਼ਿਕਾਇਤਾਂ ਕਰਦੇਆ ਰਹੇ ਸਨ। ਚੰਦੂ ਨੇ ਆਪਣੀ ਲੜਕੀ ਦਾ ਰਿਸ਼ਤਾ ਕਰਨ ਲਈ ਗੁਰੂ ਜੀ ਕੋਲ ਪਰੋਹਤ ਨੂੰ ਭੇਜਿਆ ਅਤੇ ਹਰਗੋਬਿੰਦ ਰਾਏ ਜੀ ਨਾਲ ਰਿਸ਼ਤਾ ਪੱਕਾ ਹੋ ਗਿਆ ਤਾਂ ਚੰਦੂ ਹੰਕਾਰ ਭਰੇ ਸ਼ਬਦਾਂ ਵਿਚ ਬੋਲਿਆ, "ਪਰਹੋਤ ਜੀ ਚੰਗਾ ਨਹੀਂ ਕੀਤਾ। ਚੁਬਾਰੇ ਦੀ ਇੱਟ ਮੋਰੀ ਨੂੰ ਲਗਾ ਆਏ ਹੋ।" ਭਾਵੇਂ ਗੁਰੂ ਅਰਜਨ ਇਕ ਮਾਲਦਾਰ ਸਾਮੀ ਹੈ, ਪਰ ਭਿਖਾਰੀਆਂ ਦੇ ਟੱਬਰ ਵਿਚੋਂ ਹੈ।ਚੰਦੂ ਦੇ ਹੰਕਾਰ ਭਰੇ ਸ਼ਬਦਾਂ ਨਾਲ ਸੰਗਤਾਂ ਦੇ ਮਨਾਂ ਨੂੰ ਭਾਰੀ ਠੇਸ ਪੁੱਜੀ ਅਤੇ ਸੰਗਤਾਂ ਦੀ ਗੁਰੂ ਜੀ ਨੇ ਚੰਦੂ ਦੀ ਲੜਕੀ ਦਾ ਰਿਸ਼ਤਾ ਮੋੜ ਦਿੱਤਾ। ਚੰਦੂ ਨੇ ਲੱਖ ਮਿੰਨਤਾਂ ਕਰਨ ਦੇ ਬਾਵਜੂਦ ਵੀ ਗੁਰੂ ਜੀ ਨੇ ਰਿਸ਼ਤਾ ਵਾਪਸ ਕਰ ਦਿੱਤਾ।ਇਸ ਲਈ ਚੰਦੂ ਰਿਸ਼ਤਾ ਟੁੱਟਣ ਕਾਰਨ ਜਲ–ਭੁਜ ਗਿਆ।ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਪ੍ਰਿਥਵੀ ਚੰਦ ਨੂੰ ਸਮਝਾਉਣ ਲਈ ਭੇਜਿਆ ਪਰ ਉਸ ਨੇ ਨਾ ਕਰ ਦਿੱਤੀ ਅਤੇ ਜਹਾਂਗੀਰ ਕੋਲ ਝੂਠੀਆਂ ਸ਼ਿਕਾਇਤਾਂ ਕਰਦਾ ਰਿਹਾ ਸੁਹਲੀ ਖਾਨ ਵੱਲੋਂ ਗੁਰੂ ਜੀ ਦਾ ਵਿਰੋਧ :– ਸੁਲਹੀ ਖਾਨ ਬਟਾਲੇ ਦਾ ਇੱਕ ਪਠਾਣ ਜੋ ਜਹਾਂਗੀਰ ਦਾ ਅਹਿਲਕਾਰ ਅਤੇ ਲਾਹੌਰ ਦਾ ਸੂਬੇਦਾਰ ਅਤੇ ਮਾਮਲਾ ਅਫਸਰ ਵੀ ਸੀ ।ਪ੍ਰਿਥਵੀ ਚੰਦ ਨੇ ਉਸ ਨਾਲ ਮਿਲ ਕੇ ਗੁਰੂ ਜੀ ਵਿਰੁੱਧ ਵਿਉਂਤਾਂ ਰਚਾਉਣੀਆਂ ਸ਼ੁਰੂ ਕੀਤੀਆਂ।ਪ੍ਰੰਤੂ ਦੂਜੇ ਪਾਸੇ ਵਜ਼ੀਰ ਖਾਂ ਗੁਰੂ ਜੀ ਦਾ ਸ਼ਰਧਾਵਾਨ ਸੀ ਜਿਸਦਾ ਸੁੱਖਮਨੀ ਸਾਹਿਬ ਦਾ ਪਾਠ ਸੁਣਨ ਨਾਲ ਜਲੋਦਰ ਰੋਗ ਦੂਰ ਹੋ ਗਿਆ ਸੀ ਉਸ ਨੇ ਵੀ ਦੋਵਾਂ ਭਰਾਵਾਂ ਵਿਚ ਸਮਝੌਤਾ ਕਰਾਉਣਾ ਚਾਹਿਆ ਗੁਰੂ ਜੀ ਨੇ ਸੁਲਹੀ ਖਾਨ ਦੀ ਖੋਟੀ ਮਨਸਾ ਜਾਣਦੇ ਸਨ ਅਤੇ ਸ਼ਬਦ ਉਚਾਰਿਆ:

ਮਿਰਤੁ ਹਸੈ ਸਿਰ ਉਪਰੇ ਪਸ਼ੂਆ ਨਹੀਂ ਬੁਝੇ।
ਬਾਦਸ਼ਾਹ ਅੰਹਕਾਰ ਮਹਿ ਮਰਨਾ ਨਹੀਂ ਸੂਝੇ॥
ਸਤਿਗੁਰੂ ਸੇਵਹੁ ਅਪਨਾ ਕਾਹੇ ਫਿਰਹੁ ਅਭਾਗੇ।ਦੇਖਿ ਕਸੁੰਭਾ ਰੰਗੁਲਾ ਕਾਹੇ ਭੁਲਿ ਲਾਗੇ॥(ਬਿਲਾਵਲੁ ਮਹਲਾ 5)

ਖੁਸਰੋ ਦੀ ਸਹਾਇਤਾ ਅਤੇ ਆਸ਼ੀਰਵਾਦ :– ਖੁਸਰੋ ਜੋ ਕਿ ਜਹਾਂਗੀਰ ਦਾ ਪੁੱਤਰ ਸੀ, ਨੇ ਅਪ੍ਰੈਲ 1605 ਈ.ਨੂੰ ਬਗਾਵਤ ਕਰ ਦਿੱਤੀ ਅਤੇ ਉਸਨੇ ਗੁਰੂ ਜੀ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ ਅਤੇ ਉਹ ਗੁਰੂ ਜੀ ਨੂੰ ਤਰਨਤਾਰਨ ਮਿਲਿਆ ਅਤੇ ਗੁਰੂ ਜੀ ਕੋਲੋਂ ਇੱਕ ਲੱਖ ਰੁਪਏ ਦੀ ਮੰਗ ਕੀਤੀ ।ਗੁਰੂ ਜੀ ਨੇ ਕਿਹਾ, "ਸਾਡੇ ਫਕੀਰਾਂ ਕੋਲ ਰੁਪਏ ਕਿੱਥੇ ?" ਖੁਸਰੋ ਨੇ ਬਹੁਤ ਤਰਲੇ ਮਿੰਨਤਾਂ ਕੀਤੀਆਂ ।ਗੁਰੂ ਜੀ ਨੇ ਮੁਹਤਾਜ ਜਾਣ ਕੇ ਪੰਜ ਹਜਾਰ ਰੁਪਏ ਦੇ ਕੇ ਆਪਣੇ ਮਗਰੋਂ ਲਾਹਿਆ ਅਤੇ ਕਿਹਾ ਕਿ ਆਪਣੇ ਪਿਤਾ ਕੋਲੋਂ ਮਾਫੀ ਮੰਗੋ ਪਰ ਉਹ ਨਹੀਂ ਮੰਨਿਆਂ । ਇਸ ਕਾਰਨ ਵੀ ਜਹਾਂਗੀਰ ਬਹੁਤ ਖ਼ਫ਼ਾ ਸੀ। ਸੁਲਹੀ ਖਾਂ ਦੀ ਮੌਤ ਤਰੇਹੀ ਤੋਂ ਸੁਲਹੀ ਖਾਂ ਅਮ੍ਰਿਤਸਰ ਵੱਲ ਫੌਜਾਂ ਲੈਕੇ ਤੁਰਨ ਲਗਾ ਤਾਂ ਪ੍ਰਿਥੀ ਚੰਦ ਨੇ ਆਪਣੇ ਨਵੇਂ ਲਗਾਏ ਆਵੇ ਨੂੰ ਵੇਖਣ ਲਈ ਕਿਹਾ। ਉਸ ਨੇ ਹੰਕਾਰ ਵਿਚ ਘੋੜੇ ਨੂੰ ਅੱਡੀ ਲਗਾਈ, ਘੋੜਾ ਦੌੜ ਕੇ ਆਵੇ ਵਿਚ ਡਿੱਗ ਪਿਆ ਅਤੇ ਸੁਲਹੀ ਖਾਂ ਜੋ ਗੁਰੂ ਜੀ ਦਾ ਮਾੜਾ ਕਰਨ ਆਇਆ ਸੀ ਖੁਦ ਹੀ ਆਵੇ ਵਿਚ ਡਿੱਗ ਕੇ ਸੜ ਮਰਿਆ ਗੁਰ ਜੀ ਨੇ ਉਸ ਵੇਲੇ ਵਚਨ ਫਰਮਾਏ:

ਪਾਰਬ੍ਰਹਮ ਪ੍ਰਭ ਭਏ ਦਇਆਲਾ ਸ਼ਿਵ ਕੈ ਬਾਣਿ ਸਿਰ ਕਾਟਿਓ।
ਭਸਮ ਭੂਤ ਹੋਇਆ ਖਿਨ ਭੀਤਰਿ ਆਪਣਾ ਕੀਆ ਪਾਇਆ॥

ਗੁਰੂ ਜੀ ਖਿਲਾਫ਼ ਚੰਦੂ ਸ਼ਾਹ ਦੀ ਸ਼ਿਕਾਇਤਾਂ ਅਤੇ ਖੁਸਰੋ ਨੂੰ ਆਸ਼ੀਰਵਾਦ ਦੇਣਾ ਆਦਿ ਕਾਰਨ ਤਾਂ ਇਕ ਸਬਬ ਸੀ, ਪ੍ਰੰਤੂ ਭਾਣਾ ਅਕਾਲ ਪੁਰਖ ਦਾ ਅਤੇ ਧਰਮ ਦੀ ਰੱਖਿਆ, ਸੰਤਾਂ /ਭਗਤਾਂ ਨੂੰ ਉਬਾਰਨ ਵੱਜੋਂ ਆਪਣਾ ਬਲੀਦਾਨ ਦੇਣਾ ਪਿਆ। ਗੁਰੂ ਅਰਜਨ ਦੇਵ ਜੀ ਨੂੰ 22 ਮਈ 1606 ਈ. ਨੂੰ ਅਮ੍ਰਿਤਸਰ ਤੋਂ ਮੁਰਤਜਾਖਾਨ ਨੇ ਗ੍ਰਿਫਤਾਰ ਕੀਤਾ ਗੁਰੂ ਹੁਕਮ ਅਨੁਸਾਰ ਗੁਰੂ ਹਰਗੋਬਿੰਦ ਜੀ ਦੁਆਬਾ ਚਲੇ ਗਏ ਸਨ।ਗੁਰੂ ਜੀ ਨਾਲ ਉਸ ਵੇਲੇ ਪੰਜ ਪ੍ਰਸਿੱਧ ਸਿਖ– ਚੌਧਰੀ ਲੰਘਾ, ਭਾਈ ਬਿਧੀ ਚੰਦ, ਭਾਈ ਪੈੜਾ, ਭਾਈ ਜੇਠਾ ਅਤੇ ਭਾਈ ਪਿਰਾਣਾ ਜੀ ਆਪੂੰ ਚਲ ਪਏ।ਇਨਾਂ ਸਿੱਖਾਂ ਨੂੰ ਗੁਰੂ ਜੀ ਨੇ ਆਪ ਹੀ ਲਾਹੌਰ ਤੋਂ ਮੁੜਨ ਦਾ ਹੁਕਮ ਦੇ ਦਿੱਤਾ ਅਤੇ ਹਰਗੋਬਿੰਦ ਜੀ ਦੀ ਸ਼ਰਨ ਜਾਣ ਲਈ ਕਿਹਾ । ਆਖਿਰਕਾਰ 15 ਮਈ 1606 ਈ. ਨੂੰ ਗੁਰੂ ਜੀ ਨੂੰ ਗਿਰਫਤਾਰ ਕਰ ਲਿੱਤਾ। 30 ਮਈ 1606 ਈ: ਨੂੰ ਉਨ੍ਹਾਂ ਨੂੰ ਲਾਹੌਰ ਵਿਖੇ ਉਬਲਦੀ ਦੇਗ ਵਿੰਚ ਬਿਠਾਇਆ ਅਤੇ ਫਿਰ ਤੱਤੀ ਤਵੀ ਤੇ ਬਿਠਾ ਕੇ ਗਰਮ ਰੇਤ ਪਾਇਆ ਅਤੇ ਸ਼ਹੀਦੀ ਸਮੇਂ ਆਪ ਜੀ ਨੇ ਹੇਠ ਲਿਖੇ ਵਾਕ ਉਚਰੇ:

'ਸੁਣੀ ਅਰਦਾਸਿ ਸੁਆਮੀ ਮੇਰੇ ਸਰਬਕਲਾ ਬਣਿ ਆਈ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰੂ ਨਾਨਕ ਕੀ ਵਡਿਆਈ॥'

ਫਲਸਰੂਪ ਉਹਨਾਂ ਦਾ ਪਵਿੱਤਰ ਸ਼ਰੀਰ ਰਾਵੀ ਦਰਿਆ ਦੇ ਜਲ ਵਿਚ ਸਮਾ ਗਿਆ।ਗੁਰੂ ਜੀ ਨੇ ਧਰਮ ਦੀ ਖਾਤਿਰ ਦਿਤਾ ਬਲਿਦਾਨ ਸੰਸਾਰ ਦੇ ਇਤਿਹਾਸ ਵਿਚ ਅਜੋਕਿ ਮਿਸਾਲ ਹੈ ਜਿਸ ਦਾ ਮਤਲਬ ਹੈ ਧਰਮ ਦੀ ਰਾਹ ਬੇਹਦ ਕਠਿਨ ਹੈ, ਤਾਂ ਹੀ ਉਸ ਪ੍ਰਮੇਸ਼ਵਰ ਨੂੰ ਪਾਇਆ ਜਾ ਸਕਦਾ ਹੈ, ਜਦੋਂ ਇਹ ਭਾਵਨਾ ਪਰਿਪੱਕ ਹੋਵੇ–

ਮਾਨਸ ਕੀ ਜਾਤ ਸਭੈ ਇੱਕੋ ਪਚਿਾਨਬੋ

ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਸਿੱਟੇ:– ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਮਗਰੋਂ ਹਿੰਦੂ – ਸਿੱਖਾਂ ਦੇ ਦਿੱਲਾਂ ਵਿਚ ਮੁਗਲ ਸਲਤਨਤ ਦੇ ਵਿਰੁੱਧ ਨਫ਼ਰਤ ਦੀ ਲਹਿਰ ਫੈਲ ਗਈ ਅਤੇ ਸਿੱਖਾਂ ਨੂੰ ਸ਼ਸ਼ਤਰ ਚੁਕਣ ਲਈ ਮਜਬੂਰ ਕੀਤਾ ਅਤੇ ਉਹਨਾਂ ਸ਼ਹੀਦੀ ਮਗਰੋਂ, ਉਹਨਾਂ ਦੇ ਸਪੁੱਤਰ ਸਾਹਿਬ ਸ਼੍ਰੀ ਹਰਗੋਬਿੰਦ ਰਾਏ ਗੁਰ ਗੱਦੀ ਤੇ ਬੈਠੇ ਜਿਨਾਂ ਦੀ ਉਸ ਵੇਲੇ ਉਮਰ ਕੇਵਲ ਦੱਸ ਸਾਲ ਦੀ ਸੀ ਜਿਨ੍ਹਾਂ ਨੇ ਮੀਰੀ ਪੀਰੀ ਵੱਜੋਂ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਚਾਰ ਬਹੁਤ ਭਾਰੀ ਲੜਾਈਆਂ ਲੜੀਆਂ ਅਤੇ ਮੁੱਗਲਾਂ ਨੂੰ ਬੁਰੀ ਤਰ੍ਹਾਂ ਸ਼ਿਕਸ਼ਤ ਦਿੱਤੀ।ਸੰਨ 1627 ਈ: ਨੂੰ ਦਮੇਂ ਦੀ ਬਿਮਾਰੀ ਕਾਰਨ ਜਹਾਂਗੀਰ ਦੀ ਮੌਤ ਹੋ ਗਈ । ਸਿੱਖੀ ਦਾ ਸਰੂਪ ਬਦਲ ਗਿਆ ਜੋ ਦੀਨ ਦੁਖੀ ਦੀ ਰਖਿਆ ਲਈ ਹਮੇਸ਼ਾਂ ਤਿਆਰ ਰਹਿੰਦੀ।

# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਮੂਲ ਕਾਰਨ



ਡਾ. ਹਰਨਾਮ ਸਿੰਘ ਸ਼ਾਨ

ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ (1563–1606 ਈ.) ਦੇ ਇਕ ਸਮਕਾਲੀ ਮੁਸਲਮਾਨ ਇਤਿਹਾਸਕਾਰ, ਮੁਹਸਿਨ ਫਾਨੀ (1615–1670 ਈ.) ਦੇ ਤਵਾਰੀਖੀ ਬਿਆਨ ਅਨੁਸਾਰ "ਹਰ ਗੁਰੂ ਸਾਹਿਬ ਦੀ ਗੁਰਿਆਈ ਸਮੇਂ ਸਿੱਖਾਂ ਦੀ ਗਿਣਤੀ ਵੱਧਦੀ ਹੀ ਰਹੀ ਹੈ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਸਮੇਂ ਤਾਂ ਇਹ ਬਹੁਤ ਵੱਧ ਗਈ ਸੀ। ਉਹ ਅਕਸਰ ਸ਼ਹਿਰਾਂ ਵਿਚ ਰਹੇ ਸਨ ਅਤੇ ਕੋਈ ਵੀ ਅਜਿਹਾ ਸ਼ਹਿਰ ਨਹੀਂ ਸੀ ਜਿਸ ਵਿਚ ਕੁਝ ਨਾ ਕੁਝ ਸਿੱਖ ਨਾ ਵਸਦੇ ਹੋਣ।" (ਦੁਬਿਸਤਾਨੇ ਮੁਜ਼ਾਹਿਬ ਮਿਤੀ 1645 ਈ.,ਪੰਨਾ 233)

ਗੁਰੂ ਸਾਹਿਬ ਦਾ ਤੇਜ਼ ਪਰਤਾਪ ਅਤੇ ਗੁਰੂ ਦੀ ਸਿੱਖੀ ਦਾ ਇਉਂ ਦਿਨੋ ਦਿਨ ਵਧ ਰਿਹਾ ਪਾਸਾਰ ਉਨ੍ਹਾਂ ਦੇ ਵੱਡੇ ਭਰਾ ਸ੍ਰੀ ਪ੍ਰਿਥੀ ਚੰਦ ਦੇ ਹਿਰਦੇ ਅੰਦਰ ਈਰਖਾ ਤੇ ਦਵੈਖ ਦਾ ਭਾਂਬੜ ਬਾਲ ਰਿਹਾ ਸੀ। ਗੁਰਗੱਦੀ ਦੀ ਖੁੰਝਾਈ ਦਾ ਅਰਮਾਨ ਜੋ ਗੁਰੂ ਪਿਤਾ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਰਤ ਬਾਬਾ ਸ੍ਰੀ ਚੰਦ ਜੀ ਵਲੋਂ ਹੋਏ ਭਾਈ ਕੇਸਰ ਸਿੰਘ ਛਿੱਬਰ ਦੇ ਲਫਜ਼ਾਂ ਵਿਚ ਹੇਠ ਲਿਖੇ ਨਿਰਣੇ ਕਾਰਨ ਹੋਰ ਉਤੇਜਿਤ ਹੋ ਗਿਆ ਸੀ।ਉਸਨੂੰ ਉਸੇ ਦਿਨ ਤੋਂ ਬਹੁਤ ਕਲਪਾ ਤੇ ਤੜਫਾ ਰਿਹਾ ਸੀ :

ਸਿਰੀ ਚੰਦ ਸਾਹਿਬ ਜੀ
ਪੱਗ ਭਿਜਵਾਈ।
ਇਕ ਪ੍ਰਿਥੀਏ ਨੂੰ
ਇਕ ਅਰਜਨ ਨੂੰ ਆਈ।
ਮਰਨੇ ਦੀ ਪੱਗ ਪ੍ਰਿਥੀਏ ਬੱਧੀ
ਗੁਰਿਆਈ ਪੱਗ
ਗੁਰੂ ਅਰਜਨ ਬੱਧੀ।

(ਛਿੱਬਰ, ਬੰਸਾਵਲੀਨਾਮਾ, ਮਿਤੀ 1769 ਈ.)

ਉਹ ਮਸੰਦਾਂ, ਗੁਰੂ ਦੋਖੀਆਂ ਤੇ ਸਰਕਾਰੀ ਕਰਮਚਾਰੀਆਂ ਨਾਲ ਗੰਢ ਤੁਪ ਕਰਕੇ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਤੋਂ ਹਟਾਉਣ ਅਤੇ ਉਸ ਉੱਤੇ ਆਪਣਾ ਹੱਕ ਜਮਾਉਣ ਲਈ ਹਰ ਮੁਮਕਨ ਕੋਸ਼ਿਸ਼ ਕਰ ਰਿਹਾ ਸੀ ਅਤੇ ਨਿੱਤ ਨਵੀਆਂ ਰਿਕਤਾਂ ਵੀ ਛੇੜ ਰਿਹਾ ਸੀ।

ਸਮੇਂ ਦੇ ਸ਼ਹਿਨਸ਼ਾਹ ਜਲਾਲ–ਉਦ–ਦੀਨ ਅਕਬਰ (1556–1605 ਈ.) ਦੇ ਇਕ ਉੱਘੇ ਵਜ਼ੀਰ, ਰਾਜਾ ਬੀਰਬਲ ਦੀ ਈਰਖਾ ਤੇ ਵਿਰੋਧ ਦਾ ਕਾਰਨ ਵੀ ਸਿੱਖ ਲਹਿਰ ਦਾ ਬੜੀ ਤੇਜ਼ੀ ਨਾਲ ਵੱਧ ਰਿਹਾ ਅਸਰ ਤੇ ਰਸੂਖ ਹੀ ਸੀ। ਡਾ. ਸਮਿੱਥ ਅਨੁਸਾਰ "ਅਕਬਰ ਉਸ ਦੀ ਅਜਿਹੀ ਨੀਤ ਤੇ ਨੀਤੀ ਨਾਲ ਸਹਿਮਤ ਨਹੀਂ ਸੀ।ਉਸਨੂੰ ਤਾਂ ਸਿੱਖ ਸਿਧਾਂਤ ਭਰਵੀਂ ਸ਼ਲਾਘਾ ਦੇ ਹੱਕਦਾਰ ਜਾਪਦੇ ਸਨ।" (ਅਕਬਰ, ਮਿਤੀ 1923, ਪੰਨਾ 171)

ਇਸ ਦੇ ਬਾਵਜੂਦ, ਬੀਰਬਲ ਨੇ ਸੰਨ 1586 ਵਿਚ ਅੰਮ੍ਰਿਤਸਰ ਵੱਲ ਕੂਚ ਕਰਦਿਆਂ ਸਾਰੇ ਸ਼ਹਿਰ ਨੂੰ ਉਜਾੜ ਦੇਣ ਦੀ ਧਮਕੀ ਦਿਤੀ ਸੀ।ਪਰ ਉਸਨੂੰ ਯੂਸਫਜ਼ਈਆਂ ਦੀ ਬਗਾਵਤ ਦਬਾਉਣ ਲਈ ਬਾਦਸ਼ਾਹ ਵਲੋਂ ਆਏ ਫੌਰੀ ਹੁਕਮ ਮੁਤਾਬਿਕ ਆਪਣੀ ਮੁਹਾਰ ਅਚਾਨਕ ਉਧਰ ਮੋੜਨੀ ਪੈ ਗਈ ਸੀ ਜਿਸ ਕਰਕੇ ਪੰਜਾਬ ਅਤੇ ਗੁਰੂ ਘਰ ਉਤੇ ਮੰਡਲਾ ਰਿਹਾ ਉਹ ਹੱਲਾ ਵੀ ਟੱਲ ਗਿਆ ਸੀ। (ਮੈਕਾਲਿਫ ਸਿੱਖ ਰਿਲਿਜ਼ਨ, ਮਿਤੀ 1909 ਈ. ਪੰਨਾ 15– 17)

ਉਹੀ ਸ਼ਹਿਨਸ਼ਾਹ ਅਕਬਰ ਜਦੋਂ ਸੰਨ 1600 ਦੇ ਲਾਗੇ ਚਾਗੇ ਖੁਦ ਪੰਜਾਬ ਆਇਆ ਸੀ ਤਾਂ ਗੁਰੂ ਦੋਖੀਆਂ ਨੇ ਇਕ ਮੇਜਰਨਾਮੇ ਦੁਆਰਾ ਇਸ ਗੱਲ ਦੀ ਸ਼ਿਕਾਇਤ ਕੀਤੀ ਸੀ ਕਿ ਗੁਰੂ ਸਾਹਿਬ ਨੇ ਆਪਣੀ ਉਮਤ ਲਈ ਇਕ ਅਜਿਹੀ ਨਿਵੇਕਲੀ ਜਿਹੀ ਧਰਮ–ਪੁਸਤਕ ਤਿਆਰ ਕਰ ਲਈ ਹੈ ਜਿਸ ਵਿਚ ਇਸਲਾਮ ਬਾਰੇ ਨਿੰਦਾ ਤੇ ਬੇਅਦਬੀ ਭਰੇ ਸ਼ਬਦ ਸੰਚਿਤ ਹਨ ਪਰ ਅਕਬਰ ਨੇ ਜਦੋਂ ਉਸ ਪਾਵਨ ਪੁਸਤਕ (ਗੁਰੂ) ਗ੍ਰੰਥ ਸਾਹਿਬ ਦੇ ਕੁਝ ਵਿਕੋਲਿਤਰੇ ਸ਼ਬਦ ਥਾਂਉਂ–ਥਾਂਈ ਸੁਣੇ ਸਨ ਤਾਂ ਉਸ ਦੀ ਖੁਸ਼ੀ ਤੇ ਤਸੱਲੀ ਦੀ ਕੋਈ ਹੱਦ ਨਹੀਂ ਸੀ ਰਹੀ ਤੇ ਉਸਨੇ ਝੂਠੀ ਸ਼ਿਕਾਇਤ ਨੂੰ ਉਸ ਵੇਲੇ ਖਾਰਜ ਕਰਨ ਵੱਜੋਂ 51 ਮੋਹਰਾਂ ਭੇਟਾਂ ਕਰਦਿਆਂ ਗੁਰੂ ਸਾਹਿਬ ਦੇ ਸਰਬ ਸਾਂਝੇ ਸੰਦੇਸ਼ ਤੇ ਪਰਉਪਕਾਰੀ ਕਾਰਜਾਂ ਦੀ ਭਰਪੂਰ ਸ਼ਲਾਘਾ ਵੀ ਕੀਤੀ ਸੀ। (ਗੁ ਪਤਾ– ਹਿਸਟਰੀ ਆਫ ਦੀ ਸਿੱਖਜ਼, ਮਿਤੀ 1984, ਪੰ. 143–144)

ਗੁਰੂ ਅਰਜਨ ਦੇਵ ਜੀ ਨੇ ਆਪਣੀ ਹਸਬ ਮਾਮੂਲ 'ਚੜ੍ਹਦੀਕਲਾ' ਵਿਚ ਹੀ ਵਿਚਰਦਿਆਂ ਇਸ ਕ੍ਰਿਪਾਲਤਾ ਤੇ 'ਪੈਜ–ਰਖਾਈ' ਲਈ ਵੀ ਕੇਵਲ ਵਾਹਿਗੁਰੂ ਦਾ ਹੀ ਧੰਨਵਾਦ ਕਰਦਿਆਂ ਫੁਰਮਾਇਆ ਸੀ :

ਮਹਜਰੁ ਝੂਠਾ ਕੀਤੋਨੁ ਆਪਿ ॥
ਪਾਪੀ ਕਉ ਲਾਗਾ ਸੰਤਾਪੁ ॥੧॥

ਅਜਿਹੇ ਸੁਲਹਕੁਲ ਤੇ ਸਹਿਨਸ਼ੀਲ ਬਾਦਸ਼ਾਹ ਦੇ ਸੰਨ 1605 ਵਿਚ ਹੋਏ ਦੇਹਾਂਤ ਤੋਂ ਬਾਅਦ ਜਦੋਂ ਉਸ ਦਾ ਪੁੱਤਰ ਨੂਰ–ਉਦ ਦੀਨ ਜਹਾਂਗੀਰ (1605 - 1627 ਈ.) ਤਖਤ ਨਸ਼ੀਨ ਹੋਇਆ ਸੀ ਤਾਂ ਮੁਗਲੀਆ ਸਰਕਾਰ ਦੀ ਨੀਤ ਤੇ ਨੀਤੀ ਬਦਲਣੀ ਸ਼ੁਰੂ ਹੋ ਗਈ ਸੀ। ਆਪਣੇ ਆਪ ਨੂੰ 'ਰੱਬ ਦਾ ਨਾਇਬ' ਤੇ 'ਮਜੱਦਦ ਅਲਫ ਸਾਨੀ' ਅਖਵਾਉਣ ਵਾਲੇ ਅਤੇ ਗੁਰੂ ਅਰਜਨ ਦੇਵ ਜੀ ਨੂੰ 'ਇਮਾਮੇ ਕੁਫਰ' ਆਖਣ ਵਾਲੇ ਸ਼ੇਖ ਅਹਿਮਦ ਸਰਹੰਦੀ (1569 - 1624 ਈ.) ਅਤੇ ਉਸ ਦੀਆਂ ਤੁਅੱਸਬੀ ਸਰਗਰਮੀਆਂ ਦਾ ਬੋਲ–ਬਾਲਾ ਹੋ ਗਿਆ ਸੀ। (ਪੰਜਾਬ ਪਾਸਟ ਐਂਡ ਪਰੈਜ਼ੈਂਟ ਜਿ. 12, ਮਿਤੀ 1978, ਪੰਨਾ 163)

ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਉਸ ਤੋਂ ਭਾਵ ਜਹਾਂਗੀਰੀ ਦੀ ਤਾਜਪੋਸ਼ੀ ਤੋਂ ਵਰ੍ਹਾ ਕੁ ਬਾਅਦ 30 ਮਈ 1606 ਈ. ਨੂੰ ਹੋਈ ਸ਼ਹੀਦੀ ਦਾ ਮੂਲ ਤੇ ਮੁੱਖ ਕਾਰਨ ਮੁਗਲ ਰਾਜ ਦੀ ਨੀਤ ਤੇ ਨੀਤੀ ਵਿਚ ਇਕਦਮ ਆਈ ਇਹੋ ਅਨਿਆਈ ਤੇ ਪੱਖਪਾਤੀ ਤਬਦੀਲੀ ਹੀ ਸੀ।

ਸਿੱਖ ਸਿਧਾਂਤ ਦੇ ਆਚਾਰ ਵਿਹਾਰ ਦਾ ਨਿਆਰਾਪਣ ਅਤੇ ਉਸ ਦਾ ਦਿਨੋ ਦਿਨ ਵਧ ਰਿਹਾ ਅਸਰ ਰਸੂਖ ਸਮੇਂ ਦੀ ਇਸਲਾਮੀ ਸਰਕਾਰ ਉਸ ਦੇ ਤੁਅੱਸਬੀ ਬਾਦਸ਼ਾਹ, ਕਰਮਕਾਂਡੀ ਧਰਮ ਅਤੇ ਕੱਟੜਪੰਥੀ ਸਲਾਹਕਾਰਾਂ ਦੀ ਬਰਦਾਸ਼ਤ ਤੋਂ ਬਾਹਰ ਹੋ ਚੁੱਕਾ ਸੀ। ਗੁਰੂ ਅਰਜਨ ਦੇਵ ਜੀ ਦੁਆਰਾ ਹੇਠ ਲਿਖਿਆ 'ਚੜ੍ਹਦੀਕਲਾ ਪੂਰਤ' ਬੇਬਾਕ ਬਿਆਨ ਤੇ ਨਿਧੱੜਕ ਐਲਾਨ ਜਿੱਥੇ ਉਨ੍ਹਾਂ ਦੇ ਧਰਮ ਕਰਮ ਦੀ ਵਿਲੱਖਣਤਾ, ਆਚਾਰ ਸਦਾਚਾਰ ਦੀ ਨਿਆਰਤਾ ਕਥਨੀ ਕਰਨੀ ਦੀ ਸੁਤੰਤਰਤਾ, ਸੁਭਾਅ ਦੀ ਨਿਰਭੈਤਾ ਅਤੇ ਸਿੱਖ ਲਹਿਰ ਦੀ ਅੱਗੇ ਵੱਧਦਾ ਦਾ ਸੂਚਕ ਸੀ। ਮਜ਼ਬੀ ਤੁਅੱਸਬ ਨਾਲ ਭਰਿਆ ਪੀਤਾ ਜਹਾਂਗੀਰ ਅਤੇ ਉਸ ਦ ਧਾਰਮਿਕ ਸਰਪ੍ਰਸਤ ਤੇ ਕੱਟੜਪੰਥੀ ਸਲਾਹਕਾਰ ਆਪਣੇ ਰਾਜ ਭਾਗ ਤੇ ਧਰਮ ਖੇਤਰ ਵਿਚ ਅਜਿਹੇ ਬੇਬਾਕ ਵੱਖਰਤ ਬਰਦਾਸ਼ਤ ਨਹੀਂ ਕਰ ਸਕੇ ਸਨ ਅਤੇ ਉਨ੍ਹਾਂ ਨੇ ਇਸ ਲਹਿਰ ਨੂੰ ਉਥੇ ਹੀ ਰੋਕ ਦੇਣ ਤੇ ਇਸ ਦੇ ਪਾਵਨ ਸੰਚਾਲਕ ਛੇਤੀ ਤੋਂ ਛੇਤੀ ਮਾਰ ਮੁਕਾਉਣ ਦਾ ਪੱਕਾ ਫੈਸਲਾ ਕਰ ਲਿਆ ਸੀ। ਸਿੱਖ ਲਹਿਰ ਨੂੰ 'ਦੁਕਾਨੇ ਬਾਤਲ' (ਕੂੜ ਦਾ ਵਪਾਰ) ਕਹਿ ਕੇ ਦਬਾਉਣ ਤੇ ਸਾਹਿਬ ਗੁਰੂ ਅਰਜਨ ਦੇਵ ਜੀ ਨੂੰ ਮਾਰ ਮੁਕਾਉਣ ਤੋਂ ਕੇਵਲ ਵੀ 20 ਦਿਨ ਬਾਅਦ ਜਹਾਂਗੀਰ ਨੇ ਆਪਣੀ ਸ੍ਵੈਜੀਵਨੀ 'ਤੁਜ਼ਕੇ ਜਹਾਂਗੀਰੀ' ਵਿਚ 19 ਜੂਨ 1606 ਨੂੰ ਇਹ ਆਪ ਲਿਖਿਆ ਸੀ :

'ਗੋਇੰਦਵਾਲ ਵਿਚ ਜੋ ਦਰਿਆ ਬਿਆਸ ਦੇ ਕੰਡੇ ਸਥਿਤ ਹੈ, ਅਰਜਨ ਨਾਂ ਦਾ ਇਕ ਹਿੰਦੂ ਪੀਰਾਂ ਸ਼ੇਖਾਂ ਦੇ ਸਰੂਪ ਵਿਚ ਰਹਿ ਰਿਹਾ ਸੀ।ਉਸਨੇ ਬਹੁਤ ਸਾਰੇ ਸਿੱਧੇ ਸਾਦੇ ਹਿੰਦੂਆਂ ਸਗੋਂ ਮੂਰਖ ਅਤੇ ਨੀਚ ਮੁਸਲਮਾਨਾਂ ਨੂੰ ਵੀ ਆਪਣੇ ਧਰਮ ਕਰਮ ਦਾ ਸ਼ਰਧਾਲੂ ਬਣਾ ਕੇ ਆਪਣੀ ਪੀਰੀ ਤੇ ਪਦਵੀ ਦਾ ਢੋਲ ਉੱਚੀ ਆਵਾਜ਼ ਨਾਲ ਵਜਾਇਆ ਹੋਇਆ ਸੀ। ਲੋਕ ਉਸ ਨੂੰ 'ਗੁਰੂ' ਆਖਦੇ ਸਨ ਅਤੇ ਕਈ ਪਾਸਿਆਂ ਤੇ ਦਿਸ਼ਾਵਾਂ ਦੇ ਭੋਲੇ ਭਾਲੇ ਤੇ ਪਾਖੰਡ ਪੂਜ ਲੋਕ ਉਸ ਵਲ ਰੁਹਿਤ ਸਨ ਅਤੇ ਉਸ ਦੀ ਜਾਤ ਵਿਚ ਸੰਪੂਰਨ ਨਿਸ਼ਚਾ ਰਖਦੇ ਰਹਿੰਦੇ ਸਨ।ਉਨ੍ਹਾਂ ਨੇ ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਭਾਵ ਸਿੱਖ ਲਹਿਰ ਚਲਾਈ ਹੋਈ ਸੀ।

ਮੇਰੇ ਦਿਲ ਵਿਚ ਇਹ ਖਿਆਲ ਚੌਖੇ ਚਿਰ ਤੋਂ ਆ ਜਾ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ (ਭਾਵ ਸਿੱਖ ਧਰਮ) ਨੂੰ ਬੰਦ ਕਰ ਦਿਤਾ ਜਾਵੇ ਜਾਂ ਉਸ ਗੁਰੂ ਅਰਜਨ ਦੇਵ ਜੀ ਦੇ ਧਰਮ ਮੰਡਲ ਵਿਚ ਦਾਖਲ ਕਰ ਲਿਆ ਜਾਵੇ।ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਏ ਜਾਂ ਉਸ ਨੂੰ ਇਸਲਾਮ ਦੇ ਘੇਰੇ ਵਿਚ ਦਾਖਲ ਕਰ ਲਿਆ ਜਾਵੇ।ਉਸ ਦਾ ਘਰ ਘਾਟ ਤੇ ਬੱਚੇ ਮੈਂ ਮੁਰਤਜ਼ਾ ਖਾਨ ਦੇ ਹਵਾਲੇ ਕੀਤੇ ਜਾਣ ਅਤੇ ਉਸ ਦਾ ਮਾਲ ਅਸਬਾਬ, ਕੈਦ, ਸਹਿਤ ਜਜ਼ਬ ਕਰਕੇ ਮੈਂ ਹੁਕਮ ਦਿਤਾ ਕਿ ਉਸ ਨੂੰ ਸਿਆਸਤ ਅਤੇ ਯਾਸਾ ਦੀ ਰਾਜ ਡੰਡਾਵਲੀ ਅਨੁਸਾਰ ਮਾਰ ਮੁਕਾ ਦਿੱਤਾ ਜਾਵੇ।' (ਤੁਜੁਕਿ ਜਹਾਂਗੀਰੀ ਮਿਤੀ 1606 ਈ. ਪੰਨਾ 35)

ਉਸੇ ਨਿਰਦਈ ਡੰਡਾਵਲੀ ਅਨੁਸਾਰ ਦੈਵੀ, ਕੋਮਲ ਚਿਤ ਤੇ ਮਹਾਨ ਆਤਮਾ ਦੇ ਸੁਆਮੀ ਅੰਮ੍ਰਿਤਸਰ ਤੇ ਕਈ ਹੋਰ ਨਗਰਾਂ ਦੇ ਉਸੱਰਈਏ ਗੁਰੂ ਗ੍ਰੰਥ ਸਾਹਿਬ ਦੇ ਰਚਨਾਹਾਰ, ਮਨੁੱਖੀ ਅਧਿਕਾਰਾਂ ਦੇ ਅਲਮ ਬਰਦਾਰ ਅਤੇ ਧਰਮ ਕਰਮ ਦੇ ਅਨੂਠੇ ਪਹਿਰੇਦਾਰ ਗੁਰੂ ਅਰਜਨ ਦੇਵ ਜੀ ਲਗਾਤਾਰ ਕਈ ਦਿਨ ਤੱਤੀ ਤਵੀ ਉਤੇ ਤਾਇਆ ਗਿਆ, ਭਖਦੀ ਰੇਤ ਪਾ ਪਾ ਕੇ ਦੁਖਾਇਆ ਗਿਆ, ਖੌਲਦੇ ਪਾਣੀ ਵਿਚ ਉਬਾਲਿਆ ਗਿਆ ਅਤੇ ਅਖੀਰ ਰਾਵੀ ਦੇ ਠੰਢੇ ਪਾਣੀ ਵਿਚ ਡੁਬੋ ਕੇ ਸ਼ਹੀਦ ਕਰ ਦਿਤਾ ਗਿਆ ਸੀ।

ਇਕ ਸਮਕਾਲੀ ਬਦੇਸੀ ਯਮੂਈ ਮਿਸ਼ਨਰੀ ਫਾਦਰ ਫਰਦੀਨੰਦ ਗੁਇਰੈਰੋ ਦੀ 25 ਸਤੰਬਰ 1606 ਨੂੰ ਲਾਹੌਰ ਤੋਂ ਆਪਣੇ ਦੇਸ਼ ਵਲ ਚਿੱਠੀ ਲਿਖ ਭੇਜੀ ਅਤੇ ਸੰਨ 1609 ਵਿਚ ਲਿਜ਼ਬਨ ਵਿਖੇ ਪ੍ਰਕਾਸ਼ਤ ਹੋ ਇਕ ਚਿੱਠੀ ਅਨੁਸਾਰ : "ਜਦੋਂ ਬਾਦਸਾਹ ਜਹਾਂਗੀਰ ਨੇ ਸ਼ਹਿਜ਼ਾਦਾ ਖੁਸਰੋ ਨੂੰ ਫੜ ਲਿਆ ਸੀ ਤਾਂ ਉਸ ਨੇ ਗੁਰੂ ਨੂੰ ਬੁਲਵਾ ਕੇ ਇਕ ਅਮੀਰ ਮੂਰਤੀ ਪੂਜ ਦੇ ਹਵਾਲੇ ਕਰ ਦਿਤਾ ਸੀ। ਉਹ ਉਨ੍ਹਾਂ ਨੂੰ ਨਿੱਤ ਨਵੇਂ ਕਸ਼ਟ ਦੇਂਦਾ ਰਿਹਾ ਸੀ।ਇਸ ਤਰ੍ਹਾਂ ਸਿਖਾਂ ਦੇ ਉਹ ਨੇਕ ਪੋਪ ਗੁਰੂ ਅਰਜਨ ਦੇਵ ਜੀ ਦੁਖ, ਤਸੀਹੇ ਤੇ ਨਿਰਾਦਰੀਆਂ ਸਹਾਰਦੇ ਹੋਏ ਸੁਰਗਵਾਸ ਹੋ ਗਏ ਸਨ।" (ਐਨੁਅਲ ਰੀਲੇਸ਼ਨਜ਼ ਮਿਤੀ 1609 ਈ. ਜਿ. 2, ਪੰਨਾ 366)

ਉਨ੍ਹਾਂ ਦੇ ਇਕ ਹੋਰ ਸਮਕਾਲੀ ਅਤੇ ਜਹਾਂਗੀਰ ਨੂੰ ਚੁੱਕਾਂ ਦੇਣ ਵਾਲੇ ਤੁਅੱਸਬੀ ਉਲਮਾਵਾਂ ਦੇ ਮੁੱਖੀ ਉਕਤ ਸ਼ੇਖ ਅਹਿਮਦ ਸਰਹਿੰਦੀ ਉਰਫ ਮਜੱਦਦੇ ਅਲਫ ਸਾਨੀ ਨੇ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿੰਦਿਆਂ ਅਤੇ ਸ਼ੁਕਰਾਨਿਆਂ ਭਰੀ ਚੜ੍ਹਦੀਕਲਾ ਵਿਚ ਵਿਗਸਦਿਆਂ ਦਿਤੀ ਗਈ ਇਸ ਮਹਾਨ ਸ਼ਹਾਦਤ ਨੂੰ ਲਾਹੌਰ ਦੇ ਉਕਤ ਗਵਰਨਰ ਮੁਰਤਜ਼ਾ ਖਾਨ ਵਲ ਲਿਖੀ ਮੁਬਾਰਕੀ ਚਿਠੀ ਵਿਚ ਗੋਇੰਦਵਾਲ ਦੇ ਫਿਟਕਾਰ ਯੋਗ ਕਾਫਰ ਦਾ ਕਤਲ ਇਸਲਾਮ ਦੇ ਸ਼ਰਧਾਲੂਆਂ ਲਈ ਉੱਚਤਮ ਸ਼ੋਭਾ ਵਾਲਾ ਕੰਮ ਦੱਸਿਆ ਸੀ। (ਮਕਤੂਬਾਤੇ ਇਮਾਮੇ ਰੱਬਾਨੀ, ਜਿ. 1–3, ਮਿਤੀ 16–9–4।, ਪੰਨਾ 193) ਸੋ, ਉਪਰੋਕਤ ਸਮਕਾਲੀ ਤੇ ਭਰੋਸੇਯੋਗ ਇਤਿਹਾਕ ਗਵਾਈਆਂ (ਸਮਕਾਲੀ ਬਾਦਸ਼ਾਹ ਜਹਾਂਗੀਰ, ਬਦੇਸੀ ਮਿਸ਼ਨਰੀਆਂ ਫਰੀਨੰਦ ਤੇ ਸ਼ੇਖ ਅਹਿਮਦ ਸਰਹਿੰਦੀ ਦੀਆਂ) ਨੂੰ ਮੁੱਖ ਰਖਦਿਆਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਅਸਲ ਕਾਰਨ ਤੇ ਅਸਲ ਦੋਸ਼ੀ ਪ੍ਰਿਥੀਚੰਦ ਤੇ ਉਸ ਦੀ ਖਾਨਦਾਨੀ ਈਰਖਾ, ਚੰਦੂ ਤੇ ਉਸ ਦੀ ਜਾਤੀ ਰੰਜਸ਼, ਖੁਸਰੋ ਅਤੇ ਉਸ ਦੀ ਗੋਇੰਦਵਾਲ ਆਵੰਦ ਜਾਂ ਇਸ ਤਰ੍ਹਾਂ ਦੀਆਂ ਆਮ ਦੱਸੀਆਂ ਜਾਂਦੀਆਂ ਗੱਲਾਂ ਜਾਂ ਘਟਨਾਵਾਂ ਨਹੀਂ ਸਨ। ਸਿੱਖ ਇਤਿਹਾਸ ਦੀ ਇਹ ਪਹਿਲੀ ਤੇ ਅਦੁੱਤੀ ਸ਼ਹੀਦੀ, ਸਮੇਂ ਦੇ ਮੁਗਲ ਬਾਦਸ਼ਾਹ ਜਹਾਂਗੀਰ ਦੇ ਉਪਰੋਕਤ ਲਿਖਤੀ ਬਿਆਨ ਮੁਤਾਬਕ ਉਸ ਦੇ ਆਪਣੇ ਹੁਕਮ ਅਧੀਨ ਅਤੇ ਉਸ ਦੀ ਤੁਅੱਸਬੀ ਵਿਧੀ ਅਨੁਸਾਰ ਹੀ ਹੋਈ ਸੀ।

ਇਸੇ ਸ਼ਹੀਦੇ ਨੇ ਸਿੱਖ ਧਰਮ ਦੀ ਉਸਾਰੀ ਦੀਆਂ ਨੀਹਾਂ, ਹੇਠ ਲਿਖੇ ਮਕੂਲਿਆਂ ਅਨੁਸਾਰ ਏਨੀਆਂ ਪੱਕੀਆਂ ਕਰ ਦਿਤੀਆਂ ਸਨ ਕਿ ਉਨ੍ਹਾਂ ਉਤੇ ਉਨ੍ਹਾਂ ਤੇ ਪਾਵਨ ਪੋਤੇ ਗੁਰੂ ਤੇਗ ਬਹਾਦਰ ਜੀ ਪੜ ਪੋਤੇ, ਗੁਰੂ ਗੋਬਿੰਦ ਸਿੰਘ ਜੀ ਤੇ ਨਕੜਪੋਤਿਆਂ ਚਾਰ ਸਾਹਿਬਜ਼ਾਦਿਆਂ ਨੇ ਆਪੋ ਆਪਣੀ ਬਲਿਦਾਨਾਂ ਰਾਹੀਂ ਇਕ ਅਜਿਹਾ ਅਮਰ ਤੇ ਅੱਦੁਤੀ ਮਹਿਲ ਉਸਾਰ ਦਿਤਾ ਸੀ। ਜਿਸ ਨੂੰ 'ਸਿੱਖ ਕੌਮ' ਅਤੇ ਪੰਥ ਖ਼ਾਲਸਾ ਅਖਵਾਉਣ ਦਾ ਮਾਣ ਪ੍ਰਾਪਤ ਹੈ।

ਸ਼ਹੀਦ ਕੀ ਜੋ ਮੌਤ ਹੈ, ਵੋਹ ਕੌਮ ਕੀ ਹਯਾਤ ਹੈ
ਹਯਾਤ ਭੀ ਹਯਾਤ ਹੈ, ਔਰ ਮੌਤ ਭੀ ਹਯਾਤ ਹੈ।

# ਸਫ਼ਾਈ ਲਈ ਹਰ ਨਾਗਰਿਕ ਆਪਣੀ ਜ਼ਿੰਮੇਵਾਰੀ ਨਿਭਾਏ, ਕੂੜਾ ਸੜਕਾਂ 'ਤੇ ਨਹੀਂ, ਨਿਰਧਾਰਤ ਪੁਆਇੰਟਾਂ 'ਤੇ ਸੁੱਟਣ ਲੋਕ ਅਜੀਤਪਾਲ ਸਿੰਘ ਕੋਹਲੀ, ਮੇਅਰ ਕੁੰਦਨ ਗੋਗੀਆ



ਪਟਿਆਲਾ, 12 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ 10 ਦਿਨਾਂ ਦੇ ਮਿਸ਼ਨ ਕਲੀਨ ਪੰਜਾਬ ਤਹਿਤ ਸ਼ਹਿਰ ਵਿੱਚ ਸਫਾਈ ਮੁਹਿੰਮ ਜ਼ੋਰਾਂ-ਸ਼ੋਰਾਂ ਨਾਲ ਚਲਾਈ ਗਈ। ਇਸ ਸਬੰਧੀ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸ਼ਹਿਰ ਨੂੰ ਸਾਫ਼-ਸੁਥਰਾ ਬਣਾਉਣ ਲਈ ਪ੍ਰਸ਼ਾਸਨ ਅਤੇ ਨਗਰ ਨਿਗਮ ਦਾ ਸਹਿਯੋਗ ਕਰਨ।

ਵਿਧਾਇਕ ਕੋਹਲੀ ਨੇ ਕਿਹਾ ਕਿ ਸ਼ਹਿਰ ਦੀ ਸਫਾਈ ਸਿਰਫ਼ ਪ੍ਰਸ਼ਾਸਨ ਦੀ ਹੀ ਜ਼ਿੰਮੇਵਾਰੀ ਨਹੀਂ, ਸਗੋਂ ਹਰ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਵੱਲੋਂ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਕੂੜਾ ਇਕੱਠਾ ਕਰਨ ਲਈ ਪੁਆਇੰਟ ਬਣਾਏ ਗਏ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਕੂੜਾ ਸੜਕਾਂ ਜਾਂ ਜਨਤਕ ਥਾਵਾਂ 'ਤੇ ਸੁੱਟਣ ਦੀ ਬਜਾਏ ਨਿਰਧਾਰਤ ਪੁਆਇੰਟਾਂ 'ਤੇ ਹੀ ਸੁੱਟਿਆ ਜਾਵੇ।

ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਸਫਾਈ ਅਭਿਆਨ ਤਹਿਤ ਲੋਕਾਂ ਨੂੰ ਸਫਾਈ ਪ੍ਰਤੀ ਜਾਗਰੂਕ ਕਰਨ ਦੇ ਨਾਲ-ਨਾਲ ਇਸ ਮੁਹਿੰਮ ਨਾਲ ਜੋੜਿਆ ਜਾ ਰਿਹਾ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ-ਦੁਆਲੇ ਦੀ ਸਫਾਈ ਦਾ ਖਾਸ ਧਿਆਨ ਰੱਖਣ ਅਤੇ ਸ਼ਹਿਰ ਨੂੰ ਸਾਫ਼ ਰੱਖਣ ਵਿੱਚ ਆਪਣਾ ਯੋਗਦਾਨ ਪਾਉਣ।

ਪੀ.ਪੀ.ਸੀ.ਬੀ. ਦੀ ਚੇਅਰਪਰਸਨ ਰੀਨਾ ਗੁਪਤਾ ਨੇ ਕਿਹਾ ਕਿ ਸਫਾਈ ਅਤੇ ਵਾਤਾਵਰਣ ਦੀ ਸੰਭਾਲ ਲਈ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਪਲਾਸਟਿਕ ਦੀ ਦੁਰਵਰਤੋਂ ਕਰਨ ਵਾਲਿਆਂ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਰੇਹੜੀ-ਫੜ੍ਹੀ ਵਾਲਿਆਂ ਦੇ ਚਲਾਨ ਕੱਟੇ ਜਾਣਗੇ।

ਉਨ੍ਹਾਂ ਕਿਹਾ ਕਿ ਸ਼ਹਿਰ ਨੂੰ ਸਾਫ਼-ਸੁਥਰਾ ਅਤੇ ਵਾਤਾਵਰਣ ਪੱਖੋਂ ਬਿਹਤਰ ਬਣਾਉਣ ਲਈ ਹਰ ਵਿਅਕਤੀ ਨੂੰ ਆਪਣੀ ਜ਼ਿੰਮੇਵਾਰੀ ਖੁਦ ਨਿਭਾਉਣੀ ਪਵੇਗੀ। ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਯਤਨਾਂ ਨੂੰ ਲੋਕਾਂ ਦੇ ਸਹਿਯੋਗ ਨਾਲ ਹੀ ਸਫਲ ਬਣਾਇਆ ਜਾ ਸਕਦਾ ਹੈ।

ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਮੇਅਰ ਕੁੰਦਨ ਗੋਗੀਆ ਅਤੇ ਪੀ.ਪੀ.ਸੀ.ਬੀ. ਚੇਅਰਪਰਸਨ ਰੀਨਾ ਗੁਪਤਾ ਨੇ ਸਾਂਝੇ ਤੌਰ 'ਤੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਫਾਈ ਮੁਹਿੰਮ ਦਾ ਹਿੱਸਾ ਬਣਨ ਅਤੇ ਪਟਿਆਲਾ ਨੂੰ ਸਾਫ਼, ਸੁੰਦਰ ਤੇ ਪ੍ਰਦੂਸ਼ਣ ਮੁਕਤ ਬਣਾਉਣ ਲਈ ਆਪਣਾ ਬਣਦਾ ਯੋਗਦਾਨ ਪਾਉਣ।

ਇਸ ਮੌਕੇ ਵਧੀਕ ਕਮਿਸ਼ਨਰ ਸਿਮਰਪ੍ਰੀਤ ਕੌਰ, ਐਮ ਸੀ ਹਰਮਨ ਸੰਧੂ, ਜਗਤਾਰ ਜੱਗੀ, ਸੋਨੀਆ ਦਾਸ, ਸਟੇਟ ਜੁਆਇੰਟ ਸੈਕਟਰੀ ਵੋਮੈਨ ਵਿੰਗ ਮੋਨਿਕਾ ਸ਼ਰਮਾ, ਰਜਿੰਦਰ ਮੋਹਨ ਪ੍ਰੈਜ਼ੀਡੈਂਟ,ਵਾਰਡ ਨੰਬਰ 58 ਤੋਂ ਬਲਵਿੰਦਰ ਸਿੰਘ ਸਿੱਧੂ, ਵਾਰਡ ਨੰਬਰ 59 ਤੋਂ ਇੰਚਾਰਜ ਘੁੰਮਣ ਸਿੰਘ ਫੌਜੀ ਵਾਰਡ ਨੰਬਰ 60 ਇੰਚਾਰਜ ਰੁਪਿੰਦਰ ਸਿੰਘ ਕੋਚ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

# ਸਿਹਤਮੰਦ, ਨਸ਼ਾ-ਮੁਕਤ 'ਰੰਗਲਾ ਪੰਜਾਬ' ਬਣਾਉਣ ਲਈ ਖੇਡਾਂ ਨੂੰ ਅਪਣਾਓ: ਕੁਲਤਾਰ ਸਿੰਘ ਸੰਧਵਾਂ

ਚੰਡੀਗੜ੍ਹ, 12 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਅੱਜ ਸੂਬੇ ਦੇ ਨੌਜਵਾਨਾਂ ਨੂੰ ਖੇਡਾਂ ਵਿੱਚ ਸਰਗਰਮੀ ਨਾਲ ਭਾਗ ਲੈਣ ਦੀ ਅਪੀਲ ਕੀਤੀ ਤਾਂ ਜੋ ਉਨ੍ਹਾਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ ਅਤੇ ਪੰਜਾਬ ਦੀ ਸਦੀਆਂ ਤੋਂ ਚਲੀ ਆ ਰਹੀ ਖੇਡ ਵਿਰਾਸਤ ਦੀ ਸ਼ਾਨ ਬਹਾਲੀ ਕੀਤੀ ਜਾ ਸਕੇ।

ਸਪੀਕਰ ਨੇ ਕਿਹਾ ਕਿ ਸਾਡੀ ਸਰਕਾਰ ਖੇਡਾਂ ਵਿੱਚ ਸੂਬੇ ਦੀ ਸ਼ਾਨ ਨੂੰ ਬਹਾਲ ਕਰਨ ਦੇ ਉਦੇਸ਼ ਨਾਲ 'ਖੇਡਾਂ ਵਤਨ ਪੰਜਾਬ ਦੀਆ' ਕਰਵਾ ਰਹੀ ਹੈ। ਉਹਨਾਂ ਕਿਹਾ, ਇਸ ਪਹਿਲਕਦਮੀ ਰਾਹੀਂ ਪੰਜਾਬ ਦੇ ਨੌਜਵਾਨ ਖੇਡਾਂ ਵੱਲ ਪ੍ਰੇਰਿਤ ਹੋਣਗੇ, ਜਿਸ ਨਾਲ ਉਹਨਾਂ ਦੀ ਖੇਡਾਂ ਵਿੱਚ ਭਾਗੀਦਾਰੀ ਹੋਰ ਵਧੇਗੀ। ਉਨ੍ਹਾਂ ਅੱਗੇ ਕਿਹਾ ਕਿ ਇਹ ਉਪਰਾਲਾ ਹਰ ਪਿੰਡ, ਕਸਬੇ ਅਤੇ ਸ਼ਹਿਰ ਵਿੱਚੋਂ ਛੁਪੀ ਹੋਈ ਖੇਡ ਪ੍ਰਤਿਭਾ ਦੀ ਪਛਾਣ ਕਰਨ, ਉਭਾਰਨ ਅਤੇ ਨਿਖਾਰਨ ਲਈ ਇੱਕ ਉੱਤਮ ਮੰਚ ਵਜੋਂ ਕੰਮ ਕਰਦਾ ਹੈ, ਜਿਸ ਨਾਲ ਖਿਡਾਰੀਆਂ ਨੂੰ ਅੰਤਰਰਾਸ਼ਟਰੀ ਪੱਧਰ ਤੇ ਖੇਡਾਂ ਚ ਅੱਗੇ ਵਧਣ ਅਤੇ ਉੱਤਮਤਾ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਮਿਲਦਾ ਹੈ।

ਸਪੀਕਰ ਸੰਧਵਾਂ ਨੇ ਜ਼ੋਰ ਦੇ ਕੇ ਕਿਹਾ ਕਿ ਖੇਡਾਂ ਵਿਅਕਤੀ ਨੂੰ ਸਰੀਰਕ ਤੌਰ 'ਤੇ ਸਰਗਰਮ ਅਤੇ ਮਾਨਸਿਕ ਤੌਰ 'ਤੇ ਸੁਚੇਤ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਹਨਾਂ ਕਿਹਾ,ਖੇਡਾਂ ਨਾ ਸਿਰਫ਼ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਜ਼ਰੂਰੀ ਹਨ ਬਲਕਿ ਇੱਕ ਲੰਬੀ, ਸਿਹਤਮੰਦ ਜ਼ਿੰਦਗੀ ਵਿੱਚ ਵੀ ਇਹਨਾਂ ਦਾ ਵਡਮੁੱਲਾ ਯੋਗਦਾਨ ਹੈ। ਇਹ ਜ਼ਰੂਰੀ ਹੈ ਕਿ ਅਸੀਂ ਖੇਡਾਂ ਨੂੰ ਆਪਣੇ ਰੋਜ਼ਮਰਾ ਕੰਮਾਂ ਵਿੱਚ ਸ਼ਾਮਲ ਕਰੀਏ੭

ਖੇਡਾਂ ਰਾਹੀਂ ਸਿਖਾਏ ਗਏ ਜੀਵਨ ਦੇ ਸਬਕਾਂ ਦਾ ਜ਼ਿਕਰ ਕਰਦਿਆਂ ਸਪੀਕਰ ਨੇ ਕਿਹਾ ਕਿ ਖੇਡਾਂ ਨਾਲ ਜੂਝਦੇ ਰਹਿਣ,ਲਚਕੀਲਾਪਣ ਅਤੇ ਤਰੱਕੀ ਲਈ ਪ੍ਰੇਰਣਾ ਮਿਲਦੀ ਹੈ।ਉਹਨਾਂ ਕਿਹਾ,ਖੇਡਾਂ ਸਾਨੂੰ ਸਿਖਾਉਂਦੀਆਂ ਹਨ ਕਿ ਜੀਵਨ ਦੀਆਂ ਚੁਣੌਤੀਆਂ ਨੂੰ ਕਿਵੇਂ ਪਾਰ ਕਰਨਾ ਹੈ। ਉਹ ਦਰਸਾਉਂਦੀਆਂ ਹਨ ਕਿ ਸਫਲਤਾ ਸਿਰਫ ਨਿਰੰਤਰ ਸਖ਼ਤ ਮਿਹਨਤ ਅਤੇ ਅਣਥੱਕ ਯਤਨਾਂ ਦੁਆਰਾ ਪ੍ਰਾਪਤ ਕੀਤੀ ਜਾਂਦੀ ਹੈ। ਇਹੀ ਸਮਰਪਣ ਹੀ ਹੈ, ਜੋ ਅੰਤ ਵਿੱਚ ਸਾਡੇ ਨੌਜਵਾਨਾਂ ਨੂੰ ਵਿਸ਼ਵ ਪੱਧਰ 'ਤੇ ਮੁਕਾਬਲਾ ਕਰਨ ਅਤੇ ਦੇਸ਼ ਲਈ ਤਗਮੇ ਜਿੱਤਣ ਦੇ ਯੋਗ ਬਣਾਉਂਦਾ ਹੈ।

ਐਥਲੈਟਿਕ ਉੱਤਮਤਾ ਪ੍ਰਤੀ ਸੂਬੇ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਸ.ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਦੇ ਵਿਕਾਸ ਅਤੇ ਖਿਡਾਰੀਆਂ ਦੀ ਭਲਾਈ ਲਈ ਅਣਥੱਕ ਮਿਹਨਤ ਕਰ ਰਹੀ ਹੈ। ਇਹਨਾਂ ਨਿਰੰਤਰ ਯਤਨਾਂ ਸਦਕਾ ਇੱਕ ਸਕਾਰਾਤਮਕ ਤਬਦੀਲੀ ਦਿਖਾਈ ਦੇ ਰਹੀ ਹੈ, ਜਿਸ ਵਿੱਚ ਪੰਜਾਬ ਦੇ ਨੌਜਵਾਨ ਖੇਡਾਂ ਵਿੱਚ ਨਵੀਂ ਅਤੇ ਡੂੰਘੀ ਦਿਲਚਸਪੀ ਦਿਖਾ ਰਹੇ ਹਨ।

ਸਪੀਕਰ ਨੇ ਕਿਹਾ,ਜੇਕਰ ਅਸੀਂ ਆਪਣੇ ਸੂਬੇ ਨੂੰ ਜੀਵੰਤ, 'ਰੰਗਲਾ ਪੰਜਾਬ' ਬਣਾਉਣਾ ਚਾਹੁੰਦੇ ਹਾਂ ਤਾਂ ਸਾਡੇ ਨੌਜਵਾਨਾਂ ਨੂੰ ਖੇਡਾਂ ਨੂੰ ਅਪਣਾਉਣ ਦੀ ਲੋੜ? ਹੈ ਤਦ ਹੀ ਅੰਤਰਰਾਸ਼ਟਰੀ ਪੱਧਰ 'ਤੇ ਮੁਕਾਬਲਾ ਕਰਕੇ ਦੇਸ਼ ਲਈ ਨਾਮਣਾ ਖੱਟਣਾ ਸੰਭਵ ਹੋ ਸਕਦਾ ਹੈ।

ਉਨ੍ਹਾਂ ਅੱਗੇ ਜ਼ੋਰ ਦਿੱਤਾ ਕਿ ਖੇਡਾਂ ਸਮਾਜਿਕ ਬੁਰਾਈਆਂ ਵਿਰੁੱਧ ਸ਼ਕਤੀਸ਼ਾਲੀ ਢਾਲ ਵਜੋਂ ਕੰਮ ਕਰਦੀਆਂ ਹਨ, ਨੌਜਵਾਨਾਂ ਨੂੰ ਨਸ਼ਿਆਂ ਤੋਂ ਪੂਰੀ ਤਰ੍ਹਾਂ ਦੂਰ ਰਹਿਣ ਦੀ ਸਿੱਖਿਆ ਦਿੰਦੀਆਂ ਹਨ।

ਇੱਕ ਸਰਗਰਮ ਜੀਵਨ ਸ਼ੈਲੀ ਅਪਣਾ ਕੇ, ਨੌਜਵਾਨ ਪੀੜ੍ਹੀ ਆਪਣੇ ਆਪ ਨੂੰ ਨਸ਼ਿਆਂ ਦੀ ਦੁਰਵਰਤੋਂ ਤੋਂ ਦੂਰ ਕਰ ਸਕਦੀ ਹੈ ਅਤੇ ਸਿਹਤਮੰਦ, ਸ਼ਾਂਤੀਪੂਰਨ ਅਤੇ ਉਦੇਸ਼ਪੂਰਨ ਜੀਵਨ ਜੀ ਸਕਦੀ ਹੈ।

# ਸੀਟੀ ਯੂਨੀਵਰਸਿਟੀ ਨੇ ?2,000 ਤੋਂ ਘੱਟ ਲਾਗਤ ਵਿੱਚ ਬਣਾਇਆ ਸਮਾਰਟ ਪਜਾਮਾ



ਲੁਧਿਆਣਾ, 12 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੀਟੀ ਯੂਨੀਵਰਸਿਟੀ ਦੀ ਰੋਬੋਟਿਕਸ ਲੈਬ ਨੇ ਰਚਨਾ ਅਤੇ ਨਵੀਨਤਾ ਵਿਦਿਆਲਾ ਅਤੇ ਮਿਸਰ ਦੇ ਵਿਦਿਆਰਥੀ ਇਸਮਾਈਲ ਅਸ਼ਰਫ਼ ਦੇ ਸਹਿਯੋਗ ਨਾਲ ਘੱਟ ਲਾਗਤ ਵਾਲਾ ਸਮਾਰਟ ਪਜਾਮਾ ਤਿਆਰ ਕੀਤਾ ਹੈ। ਇਸ ਦਾ ਉਦੇਸ਼ ਲੰਬੇ ਸਮੇਂ ਤੱਕ ਬੈਠਣ ਦੌਰਾਨ ਹੇਠਲੀ ਕਮਰ ਨੂੰ ਆਰਾਮ ਦੇਣਾ ਅਤੇ ਗੋਡਿਆਂ ਦੀ ਸਹੀ ਸਥਿਤੀ ਬਣਾਈ ਰੱਖਣ ਵਿੱਚ ਮਦਦ ਕਰਨਾ ਹੈ।

ਪਜਾਮੇ ਵਿੱਚ ਹੇਠਲੀ ਕਮਰ ਲਈ ਗਰਮਾਹਟ ਦੇਣ ਵਾਲਾ ਪੱਟਾ ਅਤੇ ਦੋ ਕੰਪਨ ਯੰਤਰ ਲਗਾਏ ਗਏ ਹਨ। ਕੰਪਨ ਦੀ ਤੀਬਰਤਾ ਦੇ ਤਿੰਨ ਪੱਧਰ ਹਨ, ਜਿਨ੍ਹਾਂ ਨੂੰ ਬਟਨਾਂ ਰਾਹੀਂ ਨਿਯੰਤਰਿਤ ਕੀਤਾ ਜਾ ਸਕਦਾ ਹੈ।

ਰੋਬੋਟਿਕਸ ਟੀਮ ਦੇ ਇੰਜੀਨੀਅਰ ਪੁਲਕਿਤ ਸਾਂਗਰ, ਧਰਮਪ੍ਰੀਤ ਸਿੰਘ ਅਤੇ ਗੁਰਕੀਰਤ ਸਿੰਘ ਨੇ ਇਸ ਦਾ ਨਮੂਨਾ ਸਿਰਫ਼ ਇੱਕ ਹਫ਼ਤੇ ਵਿੱਚ ?2,000 ਤੋਂ ਵੀ ਘੱਟ ਲਾਗਤ ਨਾਲ ਤਿਆਰ ਕੀਤਾ।

ਕੁਲਪਤੀ ਸ. ਚਰਨਜੀਤ ਸਿੰਘ ਚੰਨੀ ਅਤੇ ਪ੍ਰੋ. ਕੁਲਪਤੀ ਡਾ. ਮਨਬੀਰ ਸਿੰਘ ਨੇ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਕਾਢ ਵਿਦਿਆਰਥੀਆਂ ਦੀ ਨਵੀਨਤਮ ਸੋਚ ਅਤੇ ਰੋਜ਼ਾਨਾ ਜੀਵਨ ਦੀਆਂ ਸਮੱਸਿਆਵਾਂ ਲਈ ਕਿਫਾਇਤੀ ਹੱਲ ਵਿਕਸਿਤ ਕਰਨ ਦੀ ਸਮਰੱਥਾ ਦਾ ਪ੍ਰਮਾਣ ਹੈ।

# ਹੁਣ ਬਿਜਲੀ ਦੀ ਸਮੱਸਿਆ ਕਾਰਨ ਫਸਲ ਪ੍ਰਭਾਵਿਤ ਹੋਈ ਤਾਂ ਇਸ ਦਾ ਸਿੱਧਾ ਆਰਥਿਕ ਬੋਝ ਕਿਸਾਨਾਂ

ਸਨੌਰ,12 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਂਖਰ ਗਰਿੱਡ ਅਧੀਨ ਆਉਂਦੇ ਪਿੰਡਾਂ ਵਿੱਚ ਬਿਜਲੀ ਸਪਲਾਈ ਦੀ ਵਿਗੜੀ ਵਿਵਸਥਾ ਨੂੰ ਲੈ ਕੇ ਕਿਸਾਨਾਂ ਦਾ ਗੁੱਸਾ ਲਗਾਤਾਰ ਵਧਦਾ ਜਾ ਰਿਹਾ ਹੈ। ਖੇਤਾਂ ਲਈ ਲੋੜੀਂਦੀ ਬਿਜਲੀ ਸਮੇਂ ਸਿਰ ਨਾ ਮਿਲਣ ਕਾਰਨ ਕਿਸਾਨਾਂ ਨੂੰ ਝੋਨੇ ਦੀ ਫਸਲ ਬਚਾਉਣ ਲਈ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸਾਨਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਬਿਜਲੀ ਸਪਲਾਈ ਵਿੱਚ ਤੁਰੰਤ ਸੁਧਾਰ ਨਾ ਕੀਤਾ ਗਿਆ ਤਾਂ ਉਹ ਭਾਂਖਰ ਗਰਿੱਡ ਦੇ ਬਾਹਰ ਵੱਡੇ ਪੱਧਰ 'ਤੇ ਰੋਸ਼ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਗੇ। ਪ੍ਰਮੁੱਖ ਕਿਸਾਨ ਆਗੂ ਪੰਜਾਬ ਜਸਵਿੰਦਰ ਸਿੰਘ ਮੋਨੀ ਭਾਂਖਰ ਨੇ ਸਾਥੀ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਖੇਤੀਬਾੜੀ ਦੇ ਇਸ ਅਹਿਮ ਸਮੇਂ ਦੌਰਾਨ ਲੰਮੇ ਬਿਜਲੀ ਕੱਟ ਕਿਸਾਨਾਂ ਲਈ ਵੱਡੀ ਮੁਸੀਬਤ ਬਣੇ ਹੋਏ ਹਨ। ਉਨ੍ਹਾਂ ਕਿਹਾ ਕਿ ਕਈ ਵਾਰ ਲਗਾਤਾਰ 3-3 ਘੰਟਿਆਂ ਤੱਕ ਬਿਜਲੀ ਬੰਦ ਰਹਿਣ ਕਾਰਨ ਟਿਊਬਵੈੱਲ ਨਹੀਂ ਚੱਲ ਪਾਉਂਦੇ, ਜਿਸ ਨਾਲ ਖੇਤਾਂ ਨੂੰ ਸਮੇਂ ਸਿਰ ਪਾਣੀ ਦੇਣਾ ਔਖਾ ਹੋ ਰਿਹਾ ਹੈ।ਕਿਸਾਨਾਂ ਅਨੁਸਾਰ ਬਿਜਲੀ ਦੀ ਅਣਨਿਯਮਿਤ ਸਪਲਾਈ ਕਾਰਨ ਉਨ੍ਹਾਂ ਦੀ ਦਿਨ-ਰਾਤ ਦੀ ਖੇਤੀ ਮਿਹਨਤ ਪ੍ਰਭਾਵਿਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਪਹਿਲਾਂ ਹੀ ਝੋਨੇ ਦੀ ਫਸਲ 'ਤੇ ਭਾਰੀ ਖਰਚਾ ਕਰ ਚੁੱਕੇ ਹਨ ਅਤੇ ਹੁਣ ਬਿਜਲੀ ਦੀ ਸਮੱਸਿਆ ਕਾਰਨ ਫਸਲ ਪ੍ਰਭਾਵਿਤ ਹੋਈ ਤਾਂ ਇਸ ਦਾ ਸਿੱਧਾ ਆਰਥਿਕ ਬੋਝ ਕਿਸਾਨਾਂ 'ਤੇ ਪਵੇਗਾ। ਭਾਂਖਰ ਗਰਿੱਡ ਨਾਲ ਜੁੜੇ ਬੱਲਾ, ਬਲਮਗੜ੍ਹ, ਬੋਲੜੀ ਖਾਲਸਪੁਰ, ਪੁਰ ਮੰਡੀ, ਦੀਵਾਨਵਾਲਾ, ਸਰੁਸਤੀਗੜ੍ਹ, ਰੰਗਰੋਲਾ, ਗੰਗਰੋਲੀ, ਕਾਨਾਹੇੜੀ, ਸਾਦੀਪੁਰ ਅਤੇ ਮੰਡੀ ਸਮੇਤ ਕਈ ਪਿੰਡਾਂ ਦੇ ਕਿਸਾਨ ਬਿਜਲੀ ਸਪਲਾਈ ਨੂੰ ਲੈ ਕੇ ਪ੍ਰੇਸ਼ਾਨ ਦੱਸੇ ਜਾ ਰਹੇ ਹਨ।ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਅਤੇ ਬਿਜਲੀ ਵਿਭਾਗ ਦੇ ਅਧਿਕਾਰੀਆਂ ਨੂੰ ਸਖ਼ਤ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਹਾਲਾਤਾਂ ਵਿੱਚ ਤੁਰੰਤ ਸੁਧਾਰ ਕਰਕੇ ਕਿਸਾਨਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਨਾ ਦਿੱਤੀ ਗਈ ਤਾਂ ਭਾਂਖਰ ਗਰਿੱਡ ਦੇ ਬਾਹਰ ਵੱਡੇ ਪੱਧਰ 'ਤੇ ਰੋਸ਼ ਪ੍ਰਦਰਸ਼ਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਸੰਘਰਸ਼ ਨੂੰ ਹੋਰ ਵਿਸ਼ਾਲ ਰੂਪ ਦੇਣ ਲਈ ਇਲਾਕੇ ਦੇ ਵੱਡੀ ਗਿਣਤੀ ਕਿਸਾਨਾਂ ਨੂੰ ਇਕੱਠਾ ਕੀਤਾ ਜਾਵੇਗਾ। ਕਿਸਾਨਾਂ ਨੇ ਸਪੱਸ਼ਟ ਕੀਤਾ ਕਿ ਫਸਲਾਂ ਨੂੰ ਬਿਜਲੀ ਦੀ ਘਾਟ ਕਾਰਨ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਆਪਣੀਆਂ ਮੰਗਾਂ ਲਈ ਉਹ ਡਟ ਕੇ ਸੰਘਰਸ਼ ਕਰਨਗੇ। ਇਸ ਮੌਕੇ ਇਸ ਮੌਕੇ ਦਰਸ਼ਨ ਸਿੰਘ ਕਾਨਾਹੇੜੀ,ਬਲਦੇਵ ਸਿੰਘ ਨੰਬਰਦਾਰ, ਪ੍ਰਦੀਪ ਸਿੰਘ ਕਾਨਾਹੇੜੀ, ਜਗਦੀਸ਼ ਸਿੰਘ , ਸਪਰੂਨ ਸਿੰਘ,ਨਰੇਸ਼ ਪੰਡਿਤ, ਸੋਨੂੰ ਸਾਬਕਾ ਸਰਪੰਚ,ਲਵਪ੍ਰੀਤ ਸਿੰਘ ਭਾਂਖਰ ਤੇ

# ਵਿਆਹ ਪੁਰਬ ਸਮਾਗਮ ਨੂੰ ਮੁੱਖ ਰੱਖਦਿਆਂ ਸ਼ਹਿਰ ਅੰਦਰ ਵੱਖ ਵੱਖ ਕਾਰਜ ਜਾਰੀ-ਚੇਅਰਮੈਨ ਮਾਨਿਕ ਮਹਿਤਾ

ਬਟਾਲਾ, 12 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਨਹਿਰੂ ਗੇਟ ਵਿਖੇ ਬਾਬਾ ਜੀ ਦੇ ਵਿਆਹ ਸਮਾਗਮ ਨੂੰ ਮੱਦੇਨਜ਼ਰ ਰੱਖਦਿਆਂ ਸੰਗਤਾਂ ਦੀ ਆਵਾਜਾਈ ਦੀ ਸਹੂਲਤ ਤਹਿਤ ਨਹਿਰੂ ਗੇਟ ਦੇ ਰਸਤੇ ਵਿੱਚ ਆ ਰਹੇ ਟਰਾਂਸਫਾਰਮਰ ਨੂੰ ਸਾਈਡ 'ਤੇ ਕਰਵਾਇਆ ਗਿਆ।ਇਸ ਮੌਕੇ ਗੱਲ ਕਰਦਿਆਂ ਚੇਅਰਮੈਨ ਮਾਨਿਕ ਮਹਿਤਾ ਨੇ ਕਿਹਾ ਕਿ ਇਸ ਉਪਰਾਲੇ ਦਾ ਮੁੱਖ ਮਕਸਦ ਸਮਾਗਮ ਦੌਰਾਨ ਆਉਣ ਵਾਲੀ ਸੰਗਤ ਲਈ ਰਸਤਾ ਖੁੱਲ੍ਹਾ ਅਤੇ ਸੁਚੱਜਾ ਬਣਾਉਣਾ ਹੈ, ਤਾਂ ਜੋ ਸੰਗਤ ਨੂੰ ਆਉਣ-ਜਾਣ ਸਮੇਂ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਅੱਗੇ ਕਿਹਾ ਕਿ ਵਿਆਹ ਪੁਰਬ ਸਮਾਗਮ ਦੇ ਸਬੰਧ ਵਿੱਚ ਵਿਧਾਇਕ ਸ਼ੈਰੀ ਕਲਸੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਬਟਾਲਾ ਸ਼ਹਿਰ ਅੰਦਰ ਵੱਖ ਵੱਖ ਵਿਕਾਸ ਕਾਰਜ ਜਾਰੀ ਹਨ ਅਤੇ ਸੰਗਤਾਂ ਦੀ ਸਹੂਲਤ ਲਈ ਸੁਚਾਰੂ ਢੰਗ ਨਾਲ ਪਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸ਼ਹਿਰ ਵਿੱਚ ਸੀਵਰੇਜ਼ ਦੀ ਸਫਾਈ, ਗਲੀਆਂ ਦਾ ਨਿਰਮਾਣ ਅਤੇ ਸਫਾਈ ਸਮੇਤ ਵੱਖ ਵੱਖ ਕਾਰਜ ਜਾਰੀ ਹਨ।ਉਨ੍ਹਾਂ ਕਿਹਾ ਕਿ ਸ਼ਹਿਰ ਦੀਆਂ ਸਾਰੀਆਂ ਵਾਰਡਾਂ ਵਿੱਚ ਵੱਖ ਵੱਖ ਵਿਕਾਸ ਕੰਮ ਪਾਰਦਰਸ਼ੀ ਢੰਗ ਨਾਲ ਚੱਲ ਰਹੇ ਹਨ ਅਤੇ ਪਿਛਲੇ ਸਾਢੇ ਚਾਰ ਸਾਲਾਂ ਅੰਦਰ ਹਰ ਵਰਗ ਦੀ ਭਲਾਈ ਲਈ ਵਿਕਾਸ ਕੰਮ ਕੀਤੇ ਗਏ ਹਨ

# ਖੇਡਾਂ ਵਤਨ ਪੰਜਾਬ ਦੀਆਂ-2026' ਦੇ ਬਲਾਕ ਪੱਧਰੀ ਮੁਕਾਬਲਿਆਂ ਦਾ ਉਤਸ਼ਾਹ ਨਾਲ ਆਗਾਜ਼



ਹੁਸ਼ਿਆਰਪੁਰ, 12 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੇ ਖੇਡ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ-2026, ਸੀਜ਼ਨ-4' ਤਹਿਤ ਅੱਜ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿੱਚ ਬਲਾਕ ਪੱਧਰੀ ਖੇਡ ਮੁਕਾਬਲਿਆਂ ਦੀ ਸ਼ੁਰੂਆਤ ਹੋਈ। ਪਹਿਲੇ ਦਿਨ ਖਿਡਾਰੀਆਂ ਨੇ ਐਥਲੈਟਿਕਸ, ਖੋ-ਖੋ, ਕਬੱਡੀ (ਸਰਕਲ ਸਟਾਈਲ), ਕਬੱਡੀ (ਨੈਸ਼ਨਲ ਸਟਾਈਲ), ਵਾਲੀਬਾਲ (ਸ਼ੂਟਿੰਗ ਅਤੇ ਸਮੈਸ਼ਿੰਗ) ਅਤੇ ਫੁੱਟਬਾਲ ਸਮੇਤ ਵੱਖ-ਵੱਖ ਖੇਡਾਂ ਵਿੱਚ ਪੂਰੇ ਉਤਸ਼ਾਹ ਨਾਲ ਭਾਗ ਲਿਆ।

ਜ਼ਿਲ੍ਹਾ ਖੇਡ ਅਫ਼ਸਰ ਹੁਸ਼ਿਆਰਪੁਰ ਸੁਰਜੀਤ ਸਿੰਘ ਨੇ ਦੱਸਿਆ ਕਿ ਬਲਾਕ ਪੱਧਰੀ ਖੇਡ ਮੁਕਾਬਲੇ 7 ਤੋਂ 9 ਸਤੰਬਰ ਤੱਕ ਕਰਵਾਏ ਜਾ ਰਹੇ ਹਨ। ਪਹਿਲੇ ਦਿਨ ਜ਼ਿਲ੍ਹੇ ਵਿੱਚ ਕਰੀਬ 1500 ਖਿਡਾਰੀਆਂ ਨੇ ਭਾਗ ਲਿਆ, ਜੋ ਕਿ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਵੱਧ ਰਹੇ ਉਤਸ਼ਾਹ ਨੂੰ ਦਰਸਾਉਂਦਾ ਹੈ।

ਬਲਾਕ ਹੁਸ਼ਿਆਰਪੁਰ-2 ਦੇ ਪਿੰਡ ਬੋਹਣ ਸਥਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਖੇਡ ਮੁਕਾਬਲਿਆਂ ਦਾ ਉਦਘਾਟਨ ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਮੁੱਖ ਮਹਿਮਾਨ ਵਜੋਂ ਕੀਤਾ। ਇੱਥੇ ਅੰਡਰ-21 ਐਥਲੈਟਿਕਸ ਦੀ 100 ਮੀਟਰ ਦੌੜ ਵਿੱਚ ਗੋਪੀ ਨੇ ਪਹਿਲਾ, ਜਸਕਰਨ ਸਿੰਘ ਨੇ ਦੂਜਾ ਅਤੇ ਹਰਮਨਦੀਪ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।

ਬਲਾਕ ਗੜ੍ਹਸ਼ੰਕਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਖੇਡ ਮੁਕਾਬਲਿਆਂ ਦਾ ਉਦਘਾਟਨ ਪੰਜਾਬ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੋੜੀ ਤੇ ਓਐਸਡੀ ਚਰਨਜੀਤ ਸਿੰਘ ਚੰਨੀ ਨੇ ਕੀਤਾ। ਇਸ ਮੌਕੇ ਐਸਡੀਐਮ ਗੜ੍ਹਸ਼ੰਕਰ ਸੰਜੀਵ ਕੁਮਾਰ ਵੀ ਮੌਜੂਦ ਰਹੇ। ਅੰਡਰ-17 ਲੜਕਿਆਂ ਦੀ 100 ਮੀਟਰ ਦੌੜ ਵਿੱਚ ਰੋਹਿਤ ਸ਼ਰਮਾ ਨੇ ਪਹਿਲਾ, ਹਰਜਾਪ ਸਿੰਘ ਨੇ ਦੂਜਾ ਅਤੇ ਤੁਸ਼ਾਰ ਚੌਧਰੀ ਨੇ ਤੀਜਾ ਸਥਾਨ ਹਾਸਲ ਕੀਤਾ।

ਬਲਾਕ ਟਾਂਡਾ ਦੇ ਗਿਆਨੀ ਕਰਤਾਰ ਸਿੰਘ ਮੈਮੋਰੀਅਲ ਕਾਲਜ ਵਿੱਚ ਵਿਧਾਇਕ ਟਾਂਡਾ ਜਸਬੀਰ ਸਿੰਘ ਰਾਜਾ ਨੇ ਖੇਡਾਂ ਦਾ ਉਦਘਾਟਨ ਕੀਤਾ। ਅੰਡਰ-14 ਲੜਕੀਆਂ ਦੀ 600 ਮੀਟਰ ਦੌੜ ਵਿੱਚ ਦੀਪਿਕਾ ਨੇ ਪਹਿਲਾ, ਮਾਨਵੀ ਸੈਣੀ ਨੇ ਦੂਜਾ ਅਤੇ ਮਨਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।

ਇਸੇ ਤਰ੍ਹਾਂ ਬਲਾਕ ਮੁਕੇਰੀਆਂ ਦੇ ਕੈਂਪ ਗਰਾਊਂਡ ਵਿੱਚ ਹਲਕਾ ਇੰਚਾਰਜ ਮੁਕੇਰੀਆਂ ਸਰਬਜੀਤ ਸਿੰਘ ਸਾਬੀ ਨੇ ਖੇਡ ਮੁਕਾਬਲਿਆਂ ਦਾ ਉਦਘਾਟਨ ਕੀਤਾ। ਅੰਡਰ-21 ਤੋਂ 30 ਸਾਲ ਉਮਰ ਵਰਗ ਦੇ ਲੜਕਿਆਂ ਦੀ 800 ਮੀਟਰ ਦੌੜ ਵਿੱਚ ਸਾਹਿਲਪ੍ਰੀਤ ਸਿੰਘ ਨੇ ਪਹਿਲਾ, ਰਾਹੁਲ ਸਿੰਘ ਨੇ ਦੂਜਾ ਅਤੇ ਮਨਹਰਦੀਪ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।

ਵਾਲੀਬਾਲ ਅੰਡਰ-17 ਲੜਕਿਆਂ ਦੇ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਰਸੇ ਕਲੋਤਾ ਦੀ ਟੀਮ ਨੇ ਪਹਿਲਾ, ਹਰਦੋ ਖੁੰਦਪੁਰ ਨੇ ਦੂਜਾ ਅਤੇ ਹਰਸੇ ਮਾਨਸਰ ਕਲੱਬ ਨੇ ਤੀਜਾ ਸਥਾਨ ਹਾਸਲ ਕੀਤਾ।

ਜ਼ਿਲ੍ਹਾ ਖੇਡ ਅਫ਼ਸਰ ਨੇ ਕਿਹਾ ਕਿ 'ਖੇਡਾਂ ਵਤਨ ਪੰਜਾਬ ਦੀਆਂ' ਦਾ ਉਦੇਸ਼ ਸੂਬੇ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ, ਉਨ੍ਹਾਂ ਦੀ ਪ੍ਰਤਿਭਾ ਨੂੰ ਮੰਚ ਪ੍ਰਦਾਨ ਕਰਨਾ ਅਤੇ ਸਿਹਤਮੰਦ ਤੇ ਖੇਡ ਭਾਵਨਾ ਨਾਲ ਭਰਪੂਰ ਮਾਹੌਲ ਤਿਆਰ ਕਰਨਾ ਹੈ।

# ਗਊਸ਼ਾਲਾਵਾਂ ਨੂੰ ਹਰ ਗਾਂ ਲਈ ਮਿਲਣਗੇ ਰੋਜ਼ਾਨਾ 61 ਰੁਪਏ, ਜਲਦ ਸ਼ੁਰੂ ਹੋਵੇਗੀ ਵੰਡ ਪ੍ਰਕਿਰਿਆ



ਗੁਰਦਾਸਪੁਰ, 12 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਗਊ ਸੇਵਾ ਕਮਿਸ਼ਨ ਦੇ ਉਪ ਚੇਅਰਮੈਨ ਕੀਮਤੀ ਭਗਤ ਗੁਰਦਾਸਪੁਰ ਪਹੁੰਚੇ ਅਤੇ ਬੇਸਹਾਰਾ ਗਊਧੰਨ ਦੀ ਸੇਵਾ ਸੰਭਾਲ ਲਈ ਸਬੰਧਤ ਵਿਭਾਗਾਂ ਅਤੇ ਵੱਖ-ਵੱਖ ਗਊਸ਼ਾਲਾਵਾਂ ਦੇ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਰਮਨ ਬਹਿਲ,ਹਲਕਾ ਇੰਚਾਰਜ ਗੁਰਦਾਸਪੁਰ ਗੁਰਪ੍ਰੀਤ ਸਿੰਘ ਗਿੱਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਰੌਬਨਜੀਤ ਕੌਰ ਆਰ ਟੀ ਏ ਗੁਰਦਾਸਪੁਰ, ਜਸਪ੍ਰੀਤ ਸਿੰਘ ਨਾਗਪਾਲ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਡਾ.ਰਮੇਸ਼ ਅੱਤਰੀ, ਹਰਵਿੰਦਰ ਸੈਨੀ, ਸਮੂਹ ਈ. ਓਜ਼, ਬੀ.ਡੀ.ਪੀ.ਓ ਸਮੇਤ ਵੱਖ-ਵੱਖ ਗਊਸ਼ਾਲਾਵਾਂ ਦੇ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਮੌਜੂਦ ਸਨ।

ਮੀਟਿੰਗ ਦੌਰਾਨ ਉੱਪ ਚੇਅਰਮੈਨ ਕੀਮਤੀ ਭਗਤ ਨੇ ਕਿਹਾ ਕਿ ਪੰਜਾਬ ਗਊ ਸੇਵਾ ਕਮਿਸ਼ਨ ਗਊਧਨ ਦੀ ਸੇਵਾ ਸੰਭਾਲ ਅਤੇ ਗਊਸ਼ਾਲਾਵਾਂ ਨੂੰ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨ ਕਰ ਰਿਹਾ ਹੈ। ਕਮਿਸ਼ਨ ਵੱਲੋਂ ਸੂਬੇ ਦੀਆਂ 518 ਗਊਸ਼ਾਲਾਵਾਂ ਦੇ ਬਿਜਲੀ ਬਿੱਲ ਮੁਆਫ਼ ਕਰਵਾਏ ਗਏ ਹਨ, ਜਿਨ੍ਹਾਂ ਵਿੱਚ ਗੁਰਦਾਸਪੁਰ ਜ਼ਿਲ੍ਹੇ ਦੀ 01 ਗਊਸ਼ਾਲਾ ਵੀ ਸ਼ਾਮਲ ਹੈ।

ਇਸ ਮੌਕੇ ਉਨ੍ਹਾਂ ਵੱਖ-ਵੱਖ ਗਊਸ਼ਾਲਾਵਾਂ ਦੇ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੂੰ ਕਿਹਾ ਕਿ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਅਤੇ ਸਹੂਲਤਾਂ ਦਾ ਲਾਭ ਲੈਣ ਲਈ ਉਹ ਆਪਣੀਆਂ ਗਊਸ਼ਾਲਾਵਾਂ ਨੂੰ ਪੰਜਾਬ ਗਊ ਸੇਵਾ ਕਮਿਸ਼ਨ ਨਾਲ ਰਜਿਸਟਰਡ ਕਰਵਾਉਣ। ਉਨ੍ਹਾਂ ਸਾਰੇ ਗਊਸ਼ਾਲਾ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਉਹ ਜਲਦ ਤੋਂ ਜਲਦ ਆਪਣੀਆਂ ਗਊਸ਼ਾਲਾਵਾਂ ਦਾ ਪੰਜਾਬ ਗਊ ਸੇਵਾ ਕਮਿਸ਼ਨ ਨਾਲ ਰਜਿਸਟ੍ਰੇਸ਼ਨ ਕਰਵਾਉਣ ਤਾਂ ਜੋ ਉਨ੍ਹਾਂ ਨੂੰ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਵੱਖ-ਵੱਖ ਸਹੂਲਤਾਂ ਦਾ ਲਾਭ ਮਿਲ ਸਕੇ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਗਊਸ਼ਾਲਾਵਾਂ ਦੇ 100 ਕਰੋੜ ਰੁਪਏ ਤੋਂ ਵੱਧ ਦੇ ਬਿਜਲੀ ਬਿੱਲ ਮੁਆਫ਼ ਕੀਤੇ ਜਾ ਚੁੱਕੇ ਹਨ। ਇਸ ਲਈ ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜ਼ਖ਼ਮੀ ਗਊਧਨ ਦੇ ਇਲਾਜ ਲਈ ਵੀ ਕਮਿਸ਼ਨ ਦੀ ਸਿਫ਼ਾਰਸ਼ 'ਤੇ ਸਰਕਾਰ ਵੱਲੋਂ ਕਾਓ ਲਿਫਟਰ ਮੁਹੱਈਆ ਕਰਵਾਏ ਗਏ ਹਨ। ਸੂਬੇ ਦੀਆਂ ਗਊਸ਼ਾਲਾਵਾਂ ਨੂੰ 3 ਕਰੋੜ 6 ਲੱਖਾਂ ਰੁਪਏ ਦੀ ਲਾਗਤ 500 ਕਾਓ ਲਿਫਟਰ ਮਿਲੇ ਹਨ, ਜਿਨ੍ਹਾਂ ਵਿੱਚੋਂ ਗੁਰਦਾਸਪੁਰ ਜ਼ਿਲ੍ਹੇ ਨੂੰ 09 ਮੁਹੱਈਆ ਕਰਵਾਏ ਗਏ ਹਨ।

ਉਪ ਚੇਅਰਮੈਨ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਗਊਸ਼ਾਲਾਵਾਂ ਵਿੱਚ ਰੱਖੀ ਹਰੇਕ ਗਾਂ ਲਈ ਰੋਜ਼ਾਨਾ 61 ਰੁਪਏ ਦੇਣ ਸਬੰਧੀ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਗਿਆ ਹੈ। ਜਲਦ ਹੀ ਇਸ ਸਬੰਧੀ ਮੀਟਿੰਗ ਕਰਕੇ ਗਊਸ਼ਾਲਾਵਾਂ ਨੂੰ ਇਹ ਰਾਸ਼ੀ ਮੁਹੱਈਆ ਕਰਵਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਸਹੂਲਤ ਵੀ ਸਿਰਫ਼ ਕਮਿਸ਼ਨ ਨਾਲ ਰਜਿਸਟਰਡ ਗਊਸ਼ਾਲਾਵਾਂ ਨੂੰ ਹੀ ਮਿਲੇਗੀ।

ਇੱਕ ਸਵਾਲ ਦੇ ਜਵਾਬ ਵਿੱਚ ਕੀਮਤੀ ਭਗਤ ਨੇ ਕਿਹਾ ਕਿ ਸੂਬੇ ਵਿੱਚ ਇਸ ਸਮੇਂ ਕਰੀਬ 80 ਹਜ਼ਾਰ ਗਊਧਨ ਸੜਕਾਂ 'ਤੇ ਬੇਸਹਾਰਾ ਘੁੰਮ ਰਿਹਾ ਹੈ। ਇਸ ਨਾਲ ਜਿੱਥੇ ਕਿਸਾਨਾਂ ਦੀਆਂ ਫਸਲਾਂ ਨੂੰ ਨੁਕਸਾਨ ਪਹੁੰਚ ਰਿਹਾ ਹੈ, ਉੱਥੇ ਸੜਕ ਹਾਦਸਿਆਂ ਅਤੇ ਆਵਾਜਾਈ ਸਬੰਧੀ ਸਮੱਸਿਆਵਾਂ ਦਾ ਖ਼ਤਰਾ ਵੀ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਬੇਸਹਾਰਾ ਗਊਧਨ ਦੀ ਸਮੱਸਿਆ ਦੇ ਸਥਾਈ ਹੱਲ ਅਤੇ ਗਊਸ਼ਾਲਾਵਾਂ ਦੀ ਸਮਰੱਥਾ ਵਧਾਉਣ ਲਈ ਉਹ ਲਗਾਤਾਰ ਵੱਖ-ਵੱਖ ਜ਼ਿਲ੍ਹਿਆਂ ਦਾ ਦੌਰਾ ਕਰ ਰਹੇ ਹਨ ਅਤੇ ਡਿਪਟੀ ਕਮਿਸ਼ਨਰਾਂ ਤੇ ਹੋਰ ਸਬੰਧਤ ਅਧਿਕਾਰੀਆਂ ਨਾਲ ਮੀਟਿੰਗਾਂ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਚਾਰ ਮਹੀਨਿਆਂ ਦੌਰਾਨ ਇਸ ਸਬੰਧੀ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ 62 ਮੀਟਿੰਗਾਂ ਕੀਤੀਆਂ ਜਾ ਚੁੱਕੀਆਂ ਹਨ।

ਇਸ ਮੌਕੇ ਪੱਤਰਕਾਰਾਂ ਦੇ ਇੱਕ ਸਵਾਲ ਦੇ ਜਵਾਬ ਵਿੱਚ ਪਿਛਲੇ ਦਿਨੀਂ ਕਲਾਨੌਰ ਗਊਸ਼ਾਲਾ ਵਿੱਚ ਗਊਧੰਨ ਦੀ ਮੌਤਾਂ 'ਤੇ ਦੁੱਖ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ ਕਿ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਗਈ। ਉਨ੍ਹਾਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਦਾਸਪੁਰ ਦੀ ਅਗਵਾਈ ਵਿੱਚ ਤਿੰਨ ਮੈਂਬਰੀ ਟੀਮ, ਜਿਸ ਐੱਸ ਪੀ (ਐੱਚ) ਅਤੇ ਐੱਸ ਡੀ ਐੱਮ ਸ਼ਾਮਲ ਹਨ, ਦਾ ਗਠਨ ਕਰਨ ਦੇ ਆਦੇਸ਼ ਦਿੱਤੇ , ਜੋ ਅਗਲੇ 15 ਦਿਨਾਂ ਵਿੱਚ ਆਪਣੀ ਰਿਪੋਰਟ ਦੇਣਗੇ।

ਕੀਮਤੀ ਭਗਤ ਨੇ ਗਊਸ਼ਾਲਾ ਪ੍ਰਬੰਧਕਾਂ ਨੂੰ ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਚਲਾਏ ਜਾ ਰਹੇ ਐਨ-ਗ੍ਰਾਮ ਪੋਰਟਲ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ 20 ਅਗਸਤ ਨੂੰ ਪੋਰਟਲ 'ਤੇ 6 ਕਰੋੜ ਰੁਪਏ ਦੀ ਰਾਸ਼ੀ ਉਪਲਬੱਧ ਹੋਈ ਹੈ, ਜਿਸ ਦੀ ਵਰਤੋਂ ਗਊਸ਼ਾਲਾਵਾਂ ਵਿੱਚ ਸ਼ੈੱਡ, ਵਾਹਨ, ਚਾਰਾ, ਪਾਣੀ ਦੀਆਂ ਟੈਂਕੀਆਂ ਅਤੇ ਹੋਰ ਲੋੜੀਂਦੇ ਸਰੋਤਾਂ ਦੀ ਵਿਵਸਥਾ ਲਈ ਕੀਤੀ ਜਾ ਸਕਦੀ ਹੈ। ਉਨ੍ਹਾਂ ਗਊਸ਼ਾਲਾ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਉਹ ਪੋਰਟਲ 'ਤੇ ਜਲਦ ਤੋਂ ਜਲਦ ਅਰਜ਼ੀ ਦੇਣ। ਉਨ੍ਹਾਂ ਕਿਹਾ ਕਿ ਮਨਜ਼ੂਰਸ਼ੁਦਾ ਸਹਾਇਤਾ ਰਾਸ਼ੀ ਸਬੰਧਤ ਗਊਸ਼ਾਲਾ ਦੇ ਬੈਂਕ ਖਾਤੇ ਵਿੱਚ ਸਿੱਧੀ ਭੇਜੀ ਜਾਵੇਗੀ।

ਮੀਟਿੰਗ ਦੌਰਾਨ ਉਨ੍ਹਾਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੂੰ ਗਊ ਸੇਵਾ ਸੈੱਸ ਸਬੰਧੀ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਨ ਲਈ ਕਿਹਾ, ਤਾਂ ਜੋ ਗਊ ਸੇਵਾ ਸੈੱਸ ਨੂੰ ਗਊਧੰਨ ਦੀ ਸੇਵਾ ਸੰਭਾਲ ਲਈ ਵਰਤਿਆ ਜਾ ਸਕੇ। ਨਾਲ ਹੀ ਉਨ੍ਹਾਂ ਕਿਹਾ ਕਿ ਸ਼ਹਿਰਾਂ ਵਿੱਚ ਈ.ਓਜ਼ ਅਤੇ ਪਿੰਡਾਂ ਵਿੱਚ ਬੀ.ਡੀ.ਪੀ.ਓਜ਼ ਗਊਧੰਨ ਦੀ ਸੇਵਾ ਸੰਭਾਲ ਲਈ ਜ਼ਿੰਮੇਵਾਰ ਹੋਣਗੇ। ਇਸ ਮੌਕੇ ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਆਪਣੀ ਡਿਊਟੀ ਇਮਾਨਦਾਰੀ ਤੇ ਜ਼ਿੰਮੇਵਾਰੀ ਨਾਲ ਕਰਨ ਲਈ ਦਿਸ਼ਾ-ਨਿਰਦੇਸ਼ ਦਿੱਤੇ।

ਇਸ ਮੌਕੇ ਹਲਕਾ ਇੰਚਾਰਜ ਰਮਨ ਬਹਿਲ ਨੇ ਉੱਪ ਚੇਅਰਮੈਨ ਕੀਮਤੀ ਭਗਤ ਦਾ ਗੁਰਦਾਸਪੁਰ ਵਿਖੇ ਪਹੁੰਚਣ 'ਤੇ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ, ਬੇਸਹਾਰਾ ਗਊਧੰਨ ਦੀ ਸੇਵਾ ਸੰਭਾਲ ਲਈ ਵਚਨਬੱਧ ਹੈ।

# ਗੁਰਦਾਸਪੁਰ ਪੁਲਿਸ ਵੱਲੋਂ ਡਰੋਨ ਰਾਹੀਂ ਮੰਗਵਾਈ 02 ਕਿਲੋ 760 ਗ੍ਰਾਮ ਹੈਰੋਇਨ ਸਮੇਤ ਦੋਸ਼ੀ ਗ੍ਰਿਫਤਾਰ



ਗੁਰਦਾਸਪੁਰ, 12 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ, ਪੰਜਾਬ ਭਗਵੰਤ ਮਾਨ ਵੱਲੋਂ ਸ਼ੁਰੂ ਕੀਤੀ ਗਈ ਯੁੱਧ ਨਸ਼ੇ ਦੇ ਵਿਰੁੱਧ੍ਹ ਮੁਹਿੰਮ ਤਹਿਤ ਅਤੇ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਗੁਰਦਾਸਪੁਰ ਪੁਲਿਸ ਨੇ ਇੰਸਪੈਕਟਰ ਜਨਰਲ ਪੁਲਿਸ, ਬਾਰਡਰ ਰੇਂਜ, ਅੰਮ੍ਰਿਤਸਰ ਦੀ ਨਿਗਰਾਨੀ ਹੇਠ ਸਰਹੱਦੀ ਖੇਤਰ ਵਿੱਚ ਸਰਗਰਮ ਨਸ਼ਾ ਤਸਕਰੀ ਦੇ ਨੈੱਟਵਰਕ ਨੂੰ ਇੱਕ ਵੱਡਾ ਝਟਕਾ ਦਿੰਦੇ ਹੋਏ 01 ਦੋਸ਼ੀ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 2 ਕਿਲੋ 760 ਗ੍ਰਾਮ ਹੈਰੋਇੰਨ ਅਤੇ 01 ਮੋਟਰਸਾਈਕਲ ਬ੍ਰਾਮਦ ਕੀਤਾ ਹੈ। ਹੈਰੋਇੰਨ ਦੀ ਇਹ ਖੇਪ ਡਰੋਨ ਰਾਹੀਂ ਮੰਗਵਾਈ ਗਈ ਸੀ।

ਸ੍ਰੀ ਆਦਿੱਤਯ, ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਰਹੱਦੀ ਖੇਤਰ ਵਿੱਚ ਡਰੋਨ ਐਕਟੀਵਿਟੀ ਦੇਖੀ ਗਈ ਸੀ। ਇਸ ਖੁਫੀਆ ਜਾਣਕਾਰੀ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਸਪੈਸ਼ਲ ਬ੍ਰਾਂਚ, ਗੁਰਦਾਸਪੁਰ ਅਤੇ ਥਾਣਾ ਬਹਿਰਾਮਪੁਰ ਦੀ ਪੁਲਿਸ ਟੀਮ ਵੱਲੋਂ ਰਾਵੀ ਦਰਿਆ ਦੇ ਕੰਢੇ 'ਤੇ ਨਾਕਾਬੰਦੀ ਕਰਕੇ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਸੀ। ਇਸ ਚੈਕਿੰਗ ਦੌਰਾਨ, ਮੋਟਰਸਾਈਕਲ 'ਤੇ ਸਵਾਰ ਇੱਕ ਸ਼ੱਕੀ ਨੌਜਵਾਨ ਨੂੰ ਪੁਲਿਸ ਪਾਰਟੀ ਵੱਲੋਂ ਕਾਬੂ ਕੀਤਾ ਗਿਆ। ਉਪ ਕਪਤਾਨ ਪੁਲਿਸ, ਦੀਨਾਨਗਰ ਦੀ ਹਾਜ਼ਰੀ ਵਿੱਚ ਕੀਤੀ ਗਈ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ ਵਿੱਚੋਂ 05 ਪੈਕਟ ਹੈਰੋਇੰਨ, ਜਿਸ ਦਾ ਵਜ਼ਨ 2 ਕਿਲੋ 760 ਗ੍ਰਾਮ ਸੀ, ਬ੍ਰਾਮਦ ਕੀਤੀ ਗਈ। ਇਸ ਦੇ ਆਧਾਰ 'ਤੇ ਮੁਕੱਦਮਾ ਨੰਬਰ 131, ਮਿਤੀ ਤਹਿਤ ਥਾਣਾ ਬਹਿਰਾਮਪੁਰ ਵਿਖੇ ਦਰਜ ਕੀਤਾ ਗਿਆ ਹੈ।

ਮੁੱਢਲੀ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਦੋਸ਼ੀ ਨੇ ਹੈਰੋਇੰਨ ਦੀ ਇਹ ਖੇਪ ਡਰੋਨ ਰਾਹੀਂ ਮੰਗਵਾਈ ਸੀ। ਪੁਲਿਸ ਵੱਲੋਂ ਗ੍ਰਿਫਤਾਰ ਦੋਸ਼ੀ ਦਾ ਪੁਲਿਸ ਰਿਮਾਂਡ ਹਾਸਿਲ ਕਰਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ ਤਾਂ ਜੋ ਵੱਡੇ ਨਸ਼ਾ ਤਸਕਰੀ ਨੈੱਟਵਰਕ ਨਾਲ ਉਸ ਦੇ ਬੈਕਵਰਡ ਅਤੇ ਫਾਰਵਰਡ ਲਿੰਕਾਂ ਦਾ ਪਤਾ ਲਗਾਇਆ ਜਾ ਸਕੇ। ਇਸ ਨੈੱਟਵਰਕ ਦੇ ਹੋਰ ਮੈਂਬਰਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਅਤੇ ਪੂਰੀ ਸਪਲਾਈ ਚੇਨ ਨੂੰ ਤੋੜਨ ਲਈ ਠੋਸ ਯਤਨ ਕੀਤੇ ਜਾਣਗੇ।ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਨੇ ਦੱਸਿਆ ਕਿ ਇਹ ਬ੍ਰਾਮਦਗੀ ਨਸ਼ਾ ਤਸਕਰਾਂ ਲਈ ਇੱਕ ਵੱਡਾ ਝਟਕਾ ਹੈ। ਪਿਛਲੇ ਇੱਕ ਹਫ਼ਤੇ ਦੌਰਾਨ ਗੁਰਦਾਸਪੁਰ ਪੁਲਿਸ ਨੇ ਨਸ਼ਾ ਤਸਕਰਾਂ ਦੇ ਨੈੱਟਵਰਕ ਵਿਰੁੱਧ ਲਗਾਤਾਰ ਅਤੇ ਸਖ਼ਤ ਕਾਰਵਾਈ ਕੀਤੀ ਹੈ, ਜਿਸ ਦੇ ਨਤੀਜੇ ਵਜੋਂ ਵਪਾਰਕ ਮਾਤਰਾ ਦੀ ਹੈਰੋਇੰਨ ਦੇ 06 ਮੁਕੱਦਮੇ ਦਰਜ ਕੀਤੇ ਗਏ ਹਨ, 07 ਦੋਸ਼ੀ ਗ੍ਰਿਫਤਾਰ ਕੀਤੇ ਗਏ ਹਨ ਅਤੇ ਲਗਭਗ 7.2 ਕਿਲੋ ਹੈਰੋਇੰਨ ਬ੍ਰਾਮਦ ਕੀਤੀ ਗਈ ਹੈ। ਇਸ ਤੋਂ ਇਲਾਵਾ ਇਨ੍ਹਾਂ ਕਾਰਵਾਈਆਂ ਦੌਰਾਨ 01 ਪਿਸਤੌਲ ਅਤੇ 01 ਰਿਵਾਲਵਰ ਵੀ ਬ੍ਰਾਮਦ ਕੀਤਾ ਗਿਆ ਹੈ।

# ਖੇਡਾਂ ਵਤਨ ਪੰਜਾਬ ਦੀਆਂ ਦੇ ਬਲਾਕ ਪੱਧਰੀ ਖੇਡਾਂ 'ਚ ਪਹਿਲੇ ਦਿਨ ਹੋਏ ਦਿਲਚਸਪ ਮੁਕਾਬਲੇ



ਪਟਿਆਲਾ, 12 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਖੇਡ ਵਿਭਾਗ ਪਟਿਆਲਾ ਵੱਲੋਂ ਅੱਜ ਪਟਿਆਲਾ ਖੇਡਾਂ ਵਤਨ ਪੰਜਾਬ ਦੀਆਂ 2026 ਤਹਿਤ ਬਲਾਕ ਪੱਧਰੀ ਖੇਡਾਂ ਦਾ ਆਗਾਜ ਕਰਵਾਇਆ ਗਿਆ, ਇਸ ਦੌਰਾਨ ਪਹਿਲੇ ਦਿਨ ਦਿਲਚਸਪ ਮੁਕਾਬਲੇ ਹੋਏ। ਪਹਿਲੇ ਦਿਨ, ਪਟਿਆਲਾ ਦੇ ਚਾਰ ਬਲਾਕਾਂ ਪਟਿਆਲਾ ਸ਼ਹਿਰੀ, ਪਟਿਆਲਾ ਦਿਹਾਤੀ, ਰਾਜਪੁਰਾ ਅਤੇ ਨਾਭਾ ਵਿਖੇ ਬਲਾਕ ਪੱਧਰੀ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਜਿਹਨਾਂ ਵਿੱਚ ਵੱਖ-ਵੱਖ ਉਮਰ ਵਰਗ ਵਿੱਚ ਐਥਲੈਟਿਕਸ, ਫੁੱਟਬਾਲ, ਖੋ-ਖੋ, ਕਬੱਡੀ, ਵਾਲੀਬਾਲ ਸ਼ੂਟਿੰਗ ਅਤੇ ਵਾਲੀਬਾਲ ਸਮੈਸ਼ਿੰਗ ਖੇਡਾਂ ਕਰਵਾਈਆਂ ਜਾ ਰਹੀਆਂ ਹਨ।

ਇਹਨਾਂ ਖੇਡਾਂ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫਸਰ, ਨਵਜੋਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਬਲਾਕ ਪੱਧਰੀ ਖੇਡਾਂ ਦੀ ਸ਼ੁਰੂਆਤ ਸਮੇਂ ਬਲਾਕ ਪਟਿਆਲਾ ਸ਼ਹਿਰੀ ਦੀਆਂ ਖੇਡਾਂ ਵਤਨ ਪੰਜਾਬ ਦੀਆਂ 2026 (ਬਲਾਕ) ਦਾ ਉਦਘਾਟਨ ਐਮ.ਐਲ.ਏ. ਪਟਿਆਲਾ ਸ਼ਹਿਰੀ ਅਜੀਤਪਾਲ ਸਿੰਘ ਕੋਹਲੀ, ਬਲਾਕ ਪਟਿਆਲਾ ਦਿਹਾਤੀ ਦੀਆਂ ਬਲਾਕ ਖੇਡਾਂ ਦਾ ਉਦਘਾਟਨ ਯੂਥ ਆਗੂ ਐਡਵੋਕੇਟ ਰਾਹੁਲ ਸਿੰਘ ਵੱਲੋਂ ਕੀਤਾ ਗਿਆ। ਪਟਿਆਲਾ ਰੂਰਲ ਬਲਾਕ ਵਿੱਚ ਫੁੱਟਬਾਲ ਗੇਮ ਵਿੱਚ ਅੰਡਰ-14 ਲੜਕਿਆਂ ਵਿੱਚ ਦ ਮਿਲੇਨੀਅਮ ਸਕੂਲ ਦੀ ਟੀਮ ਨੂੰ 0/4 ਸਕੋਰਾਂ ਨਾਲ ਹਰਾ ਕੇ ਅਜਾਦ ਫੁੱਟਬਾਲ ਕਲੱਬ ਦੀ ਟੀਮ ਜੇਤੂ ਰਹੀ।

ਰਾਜਪੁਰਾ ਬਲਾਕ ਵਿੱਚ ਐਥਲੈਟਿਕਸ ਗੇਮ ਲੌਂਗ ਜੰਪ ਅੰਡਰ-17 ਲੜਕਿਆਂ ਵਿੱਚ ਜਸਕਰਨਜੋਤ ਸਿੰਘ ਨੇ ਪਹਿਲਾ ਸਥਾਨ, ਗੁਰਾਂਸ਼ ਸਿੰਘ ਨੇ ਦੂਸਰਾ ਸਥਾਨ, ਪ੍ਰਭਸਹਾਇ ਨੇ ਤੀਸਰਾ ਸਥਾਨ ਅਤੇ ਅਗਮ ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਅੰਡਰ-17 ਕਬੱਡੀ ਲੜਕਿਆਂ ਵਿੱਚ ਸਰਕਾਰੀ ਸਕੂਲ ਧੁੰਮਾਂ ਨੇ ਗੁਰੂ ਰਾਮਦਾਸ ਬਸੰਤਪੁਰਾ ਨੂੰ ਹਰਾਇਆ। ਇਸੇ ਤਰ੍ਹਾਂ ਅੰਡਰ-14 ਲੜਕਿਆਂ ਵਿੱਚ ਐਸ.ਡੀ. ਪਬਲਿਕ ਸਕੂਲ ਨੇ ਗੁਰੂ ਰਾਮਦਾਸ ਬਸੰਤਪੁਰਾ ਨੂੰ ਹਰਾ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਫੁੱਟਬਾਲ ਗੇਮ ਅੰਡਰ 14 ਲੜਕਿਆਂ ਅਤੇ ਲੜਕੀਆਂ ਵਿੱਚ ਸ੍ਰੀ ਚੇਤਨਿਆ ਸਕੂਲ ਰਾਜਪੁਰਾ ਨੇ ਬਾਜੀ ਮਾਰੀ। ਵਾਲੀਬਾਲ ਗੇਮ ਅੰਡਰ -17 ਆਧਾਰਸ਼ਿਲਾ ਫਾਊਨਟੇਨ ਪਬਲਿਕ ਸਕੂਲ ਦੀ ਟੀਮ ਪਹਿਲੇ ਦਰਜੇ ਤੇ ਰਹੀ। ਖੋ-ਖੋ ਅੰਡਰ-14 ਲੜਕਿਆਂ ਵਿੱਚ ਪੈਪਸੂ ਸਟੇਡੀਅਮ ਰਾਜਪੁਰਾ ਨੇ ਜਿੱਤ ਹਾਸਲ ਕੀਤੀ।\

ਪਟਿਆਲਾ ਦਿਹਾਤੀ ਬਲਾਕ ਵਿੱਚ ਐਥਲੈਟਿਕਸ ਗੇਮ 400 ਮੀਟਰ ਮੈਨ ਉਮਰ ਵਰਗ 21-30 ਵਿੱਚ ਪਹਿਲਾ ਸਥਾਨ ਆਯੂਸ਼ਪਾਲ ਅਤੇ ਦੂਸਰਾ ਸਥਾਨ ਜਸਪ੍ਰੀਤ ਸਿੰਘ ਨੇ ਪ੍ਰਾਪਤ ਕੀਤਾ। ਇਸੇ ਤਰ੍ਹਾਂ ਉਮਰ ਵਰਗ 31-40 ਵਿੱਚ ਸਰਬਜੀਤ ਸਿੰਘ ਨੇ ਪਹਿਲਾ ਸਥਾਨ ਅਤੇ 41-50 ਉਮਰ ਵਰਗ ਵਿੱਚ ਮਨਪ੍ਰੀਤ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਨਾਭਾ ਬਲਾਕ ਵਿੱਚ ਕਬੱਡੀ ਗੇਮ ਅੰਡਰ-14 ਲੜਕਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢੀਂਗੀ ਦੀ ਟੀਮ ਨੇ ਪਹਿਲਾ ਸਥਾਨ, ਹਾਈ ਸਕੂਲ ਅਚਲ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਵਾਲੀਬਾਲ ਗੇਮ ਵਿੱਚ ਅੰਡਰ-14 ਲੜਕੀਆਂ ਵਿੱਚ ਕਲਗੀਧਰ ਮੂੰਗੋ ਟੀਮ ਨੇ ਪਹਿਲਾ ਅਤੇ ਕੋਚਿੰਗ ਸੈਂਟਰ ਨਾਭਾ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।

# ਅਮਨ ਅਰੋੜਾ ਵੱਲੋਂ ਦੁਬਈ ਸੰਮੇਲਨ ਵਿੱਚ ਯੂ.ਏ.ਈ. ਨਿਵੇਸਕਾਂ ਨੂੰ ਪੰਜਾਬ ਵਿੱਚ ਨਿਵੇਸ਼ ਦਾ ਸੱਦਾ; ਸੁਚਾਰੂ ਪ੍ਰਵਾਨਗੀਆਂ, ਮਜ਼ਬੂਤ ਬੁਨਿਆਦੀ ਢਾਂਚੇ ਅਤੇ ਪੂਰਨ ਸਹਿਯੋਗ ਦਾ ਦਿੱਤਾ ਭਰੋਸਾ




**ਦੁਬਈ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਮਾਨ ਦੀ ਦੂਰਅੰਦੇਸ਼ ਸੋਚ ਅਨੁਸਾਰ ਆਲਮੀ ਨਿਵੇਸ਼ ਨੂੰ ਆਕਰਸ਼ਿਤ ਕਰਨ ਅਤੇ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਦੇ ਵੱਡੇ ਯਤਨ ਤਹਿਤ ਪੰਜਾਬ ਦੇ ਉਦਯੋਗ ਅਤੇ ਵਣਜ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਅੱਜ ਦੁਬਈ ਵਿੱਚ ਸਾਲਾਨਾ ਨਿਵੇਸ਼ ਮੀਟਿੰਗ (ਏ.ਆਈ.ਐੱਮ.) ਮੌਕੇ ਯੂ.ਏ.ਈ. ਇੰਟਰਨੈਸ਼ਨਲ ਇਨਵੈਸਟਮੈਂਟ ਕੌਂਸਲ (ਯੂ.ਏ.ਈ.ਆਈ.ਆਈ.ਸੀ.) ਦੇ ਸਕੱਤਰ ਜਨਰਲ ਮਹਾਮਹਿਮ ਅਬਦੁੱਲਾ ਅਹਿਮਦ ਅਲ ਸੁਵੈਦੀ ਨਾਲ ਮੁਲਾਕਾਤ ਕਰਕੇ ਸੂਬੇ ਵਿੱਚ ਨਿਵੇਸ਼ ਲਿਆਉਣ ਦੇ ਅਥਾਹ ਤੇ ਵਿਆਪਕ ਮੌਕਿਆਂ ਬਾਰੇ ਚਰਚਾ ਕੀਤੀ।

ਇਸ ਉੱਚ-ਪੱਧਰੀ ਮੀਟਿੰਗ ਦੌਰਾਨ ਉਦਯੋਗ ਮੰਤਰੀ ਨੇ ਮਹਾਮਹਿਮ ਅਬਦੁੱਲਾ ਅਹਿਮਦ ਅਲ ਸੁਵੈਦੀ ਨੂੰ ਪੰਜਾਬ ਦੀਆਂ ਵਿਸ਼ਾਲ ਆਰਥਿਕ ਸੰਭਾਵਨਾਵਾਂ ਬਾਰੇ ਜਾਣੂ ਕਰਵਾਇਆ ਅਤੇ ਯੂ.ਏ.ਈ. ਦੇ ਨਿਵੇਸ਼ਕਾਂ ਨੂੰ ਸਰਕਾਰੀ, ਅਰਧ-ਸਰਕਾਰੀ ਅਤੇ ਨਿੱਜੀ ਖੇਤਰ ਦੀਆਂ ਭਾਈਵਾਲੀਆਂ ਰਾਹੀਂ ਉੱਚ-ਵਿਕਾਸ ਵਾਲੇ ਖੇਤਰਾਂ ਵਿੱਚ ਨਿਵੇਸ਼ ਕਰਨ ਦਾ ਸੱਦਾ ਦਿੱਤਾ।

ਸੂਬਾ ਸਰਕਾਰ ਦੇ ਸਨਅਤੀ ਵਿਕਾਸ ਸਬੰਧੀ ਅਹਿਦ ਨੂੰ ਦੁਹਰਾਉਂਦਿਆਂ ਸ਼੍ਰੀ ਅਮਨ ਅਰੋੜਾ ਨੇ ਯੂ.ਏ.ਈ.ਆਈ.ਆਈ.ਸੀ. ਨੂੰ ਭਰੋਸਾ ਦਿੱਤਾ ਕਿ ਸੂਬੇ ਵਿੱਚ ਆਪਣੇ ਕਾਰੋਬਾਰ ਸਥਾਪਤ ਕਰਨ ਜਾਂ ਕਾਰੋਬਾਰ ਵਿਸਥਾਰ ਦੇ ਚਾਹਵਾਨ ਨਿਵੇਸ਼ਕਾਂ ਨੂੰ ਪੰਜਾਬ ਸਰਕਾਰ ਵੱਲੋਂ ਪੂਰਾ ਪ੍ਰਸ਼ਾਸਕੀ ਸਹਿਯੋਗ, ਮਾਰਗਦਰਸ਼ਨ ਅਤੇ ਮਾਲ-ਢੁਆਈ ਤੇ ਹੋਰ ਪ੍ਰਬੰਧਕੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਅਗਵਾਈ ਹੇਠ ਪੰਜਾਬ, ਯੂ.ਏ.ਈ. ਆਧਾਰਤ ਨਿਵੇਸ਼ਕਾਂ ਅਤੇ ਸੰਸਥਾਗਤ ਫੰਡਿੰਗ ਸੰਗਠਨਾਂ ਨਾਲ ਦੀਰਘਕਾਲੀ ਅਤੇ ਆਪਸੀ ਲਾਭਕਾਰੀ ਸਬੰਧ ਬਣਾਉਣ ਦਾ ਚਾਹਵਾਨ ਹੈ।

ਸੂਬੇ ਦੇ ਨਿਵੇਸ਼ਕ-ਪੱਖੀ ਸੁਧਾਰਾਂ ਬਾਰੇ ਜਾਣੂ ਕਰਵਾਉਂਦਿਆਂ ਕੈਬਨਿਟ ਮੰਤਰੀ ਨੇ 'ਇਨਵੈਸਟ ਪੰਜਾਬ' ਰਾਹੀਂ ਆਸਾਨੀ ਨਾਲ ਕਾਰੋਬਾਰ ਕਰਨ ਦੀ ਪ੍ਰਕਿਰਿਆ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ, ਜੋ ਸੁਚਾਰੂ ਅਤੇ ਮੁਸ਼ਕਲ ਰਹਿਤ ਨਿਵੇਸ਼ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਅਤੇ ਤੁਰੰਤ ਕਾਨੂੰਨੀ ਪ੍ਰਵਾਨਗੀਆਂ ਅਤੇ ਮਨਜ਼ੂਰੀਆਂ ਪ੍ਰਦਾਨ ਲਈ ਸੂਬੇ ਦਾ ਇੱਕ ਸਿੰਗਲ-ਵਿੰਡੋ ਪਲੇਟਫਾਰਮ ਹੈ।

ਸ੍ਰੀ ਅਮਨ ਅਰੋੜਾ ਨੇ ਕਿਹਾ, ਪੰਜਾਬ ਵਧੇਰੇ ਅਨੁਕੂਲ ਉੱਦਮੀ ਮਾਹੌਲ, ਸ਼ਾਨਦਾਰ ਮਲਟੀਮਾਡਲ ਸੰਪਰਕ, ਹੁਨਰਮੰਦ ਤਕਨੀਕੀ ਕਾਮੇ ਅਤੇ ਇੱਕ ਪਾਰਦਰਸ਼ੀ ਪ੍ਰਸ਼ਾਸਨਿਕ ਢਾਂਚਾ ਪੇਸ਼ ਕਰਦਾ ਹੈ। ਅਸੀਂ ਯੂ.ਏ.ਈ. ਦੇ ਕਾਰੋਬਾਰੀ ਆਗੂਆਂ ਨੂੰ ਪੰਜਾਬ ਦੀ ਇਸ ਪ੍ਰਭਾਵੀ ਆਰਥਿਕ ਵਿਕਾਸ ਯਾਤਰਾ ਵਿੱਚ ਸਰਗਰਮ ਭਾਈਵਾਲ ਬਣਨ ਦਾ ਸੱਦਾ ਦਿੰਦੇ ਹਾਂ।

ਯੂ.ਏ.ਈ. ਇੰਟਰਨੈਸ਼ਨਲ ਇਨਵੈਸਟਮੈਂਟ ਕੌਂਸਲ (ਯੂ.ਏ.ਈ.ਆਈ.ਆਈ.ਸੀ.), ਜੋ ਵਿਦੇਸ਼ੀ ਪ੍ਰਤੱਖ ਨਿਵੇਸ਼ (ਐੱਫ.ਡੀ.ਆਈ.) ਨੂੰ ਚੈਨਲਾਈਜ਼ ਕਰਨ ਲਈ ਯੂ.ਏ.ਈ. ਦੀਆਂ ਜਨਤਕ ਅਤੇ ਨਿੱਜੀ ਸੰਸਥਾਵਾਂ ਨੂੰ ਇਕਜੁੱਟ ਕਰਦੀ ਹੈ, ਨੇ ਪੰਜਾਬ ਦੇ ਵਫ਼ਦ ਦੀ ਇਸ ਸਰਗਰਮ ਪਹਿਲਕਦਮੀ ਦਾ ਸਵਾਗਤ ਕੀਤਾ।

ਮੀਟਿੰਗ ਦੌਰਾਨ ਯੂ.ਏ.ਈ. ਅਤੇ ਪੰਜਾਬ ਦਰਮਿਆਨ ਸਿੱਧੇ ਪੂੰਜੀ ਪ੍ਰਵਾਹ ਅਤੇ ਸਾਂਝੇ ਉੱਦਮਾਂ ਨੂੰ ਸਮਰੱਥ ਬਣਾਉਣ ਲਈ ਮਜ਼ਬੂਤ ਸੰਸਥਾਗਤ ਸੰਪਰਕ ਸਥਾਪਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਗਿਆ।

ਦੁਵੱਲੀ ਗੱਲਬਾਤ 'ਤੇ ਤਸੱਲੀ ਪ੍ਰਗਟਾਉਂਦਿਆਂ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਮੁਲਾਕਾਤ ਅਹਿਮ ਮੀਲ ਪੱਥਰ ਸਾਬਤ ਹੋਵੇਗੀ, ਜੋ ਦੁਵੱਲੇ ਆਰਥਿਕ ਸਹਿਯੋਗ, ਮਜ਼ਬੂਤ ਵਪਾਰਕ ਸਬੰਧਾਂ ਅਤੇ ਪੰਜਾਬ ਵਿੱਚ ਵੱਡੀ ਪੱਧਰ 'ਤੇ ਨਿਵੇਸ਼ ਦਾ ਰਾਹ ਪੱਧਰਾ ਕਰੇਗੀ।

# ਭਾਰਗਵ ਚਾਨਣਾ ਦੇ ਜਨਮ ਦਿਨ ਦੀ ਖ਼ੁਸ਼ੀ 'ਚ ਖ਼ੂਨਦਾਨ ਕੈਂਪ, 55 ਖ਼ੂਨਦਾਨੀਆਂ ਨੇ ਕੀਤਾ ਖ਼ੂਨਦਾਨ

**ਮਾਛੀਵਾੜਾ ਸਾਹਿਬ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਸੁਸਾਇਟੀ (ਐਨਜੀਓ) ਵੱਲੋਂ ਜਗਦੀਸ਼ ਕੁਮਾਰ ਜੋਸ਼ੀ ਦੇ ਸਪੁੱਤਰ ਅਤੇ ਹਰਬੰਸ ਲਾਲ ਚਾਨਣਾ ਦੇ ਪੋਤਰੇ ਭਾਰਗਵ ਚਾਨਣਾ ਦੇ ਜਨਮ ਦਿਨ ਦੀ ਖ਼ੁਸ਼ੀ ਵਿੱਚ ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ ਗਿਆ।

ਸੁਸਾਇਟੀ ਦੇ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਦੀ ਅਗਵਾਈ ਹੇਠ ਲਗਾਏ ਗਏ ਇਸ ਕੈਂਪ ਵਿੱਚ ਕਰਨ ਹਸਪਤਾਲ ਦੇ ਬਲੱਡ ਸੈਂਟਰ ਦੀ ਟੀਮ ਵੱਲੋਂ 55 ਖ਼ੂਨਦਾਨੀਆਂ ਦਾ ਖ਼ੂਨ ਇਕੱਤਰ ਕੀਤਾ ਗਿਆ। ਕੈਂਪ ਦੌਰਾਨ ਖ਼ੂਨਦਾਨੀਆਂ ਨੇ ਉਤਸ਼ਾਹ ਨਾਲ ਭਾਗ ਲੈਂਦਿਆਂ ਆਪਣਾ ਕੀਮਤੀ ਖ਼ੂਨ ਦਾਨ ਕਰਕੇ ਮਨੁੱਖਤਾ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਇਆ। ਇਸ ਮੌਕੇ ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ, ਕਾਂਗਰਸ ਦੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਗਿੱਲ ਅਤੇ ਭਾਜਪਾ ਆਗੂ ਨੀਸ਼ੂ ਚਹਿਲਾਂ ਨੇ ਕਿਹਾ ਗਿਆ ਕਿ ਜਨਮ ਦਿਨ ਵਰਗੇ ਖ਼ੁਸ਼ੀ ਦੇ ਮੌਕਿਆਂ ਨੂੰ ਸਮਾਜ ਸੇਵਾ ਨਾਲ ਜੋੜਨਾ ਇੱਕ ਸ਼ਲਾਘਾਯੋਗ ਉਪਰਾਲਾ ਹੈ, ਜਿਸ ਨਾਲ ਹੋਰਨਾਂ ਨੂੰ ਵੀ ਲੋਕ ਭਲਾਈ ਦੇ ਕਾਰਜਾਂ ਲਈ ਪ੍ਰੇਰਨਾ ਮਿਲਦੀ ਹੈ। ਉਨ੍ਹਾਂ ਅਜਿਹੇ ਉਪਰਾਲੇ ਸਮਾਜ ਵਿੱਚ ਮਨੁੱਖਤਾ, ਸੇਵਾ ਅਤੇ ਸਹਿਯੋਗ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਦੇ ਹਨ। ਕੈਂਪ ਦੌਰਾਨ ਆਪਣੀ ਜ਼ਿੰਦਗੀ ਦੇ 85ਵੀਂ ਵਾਰ ਖ਼ੂਨਦਾਨ ਕਰਨ ਵਾਲੇ ਨੌਜਵਾਨ ਐਂਬੂਲੈਂਸ ਚਾਲਕ ਸਤੀਸ਼ ਕੁਮਾਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਕੈਂਪ 'ਚ ਹਰਬੰਸ ਲਾਲ ਚਾਨਣਾ, ਅੰਮ੍ਰਿਤਪਾਲ, ਜਗਤਾਰ ਸਿੰਘ ਜੱਸੋਵਾਲ, ਨਰਿੰਦਰਪਾਲ ਸਿੰਘ ਅਹਿਆਣਾ, ਜਰਨੈਲ ਸਿੰਘ, ਪ੍ਰਿੰ. ਨਿਰੰਜਣ ਸੁਖਮ, ਪਰਮਦੀਪਪਾਲ ਸਿੰਘ, ਹਰੀਸ਼ ਕੁਮਾਰ ਬੰਟੀ, ਸਤੀਸ਼ ਕੁਮਾਰ ਭੋਸੀ ਸਮੇਤ ਅਨੇਕਾਂ ਨੇ ਸ਼ਿਰਕਤ ਕੀਤੀ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਕੋਦਰ ਵਿਖੇ ਹੋਇਆ ਡ੍ਰੋਨ ਸ਼ੋਅ



**ਨਕੋਦਰ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ਸੋਮਵਾਰ ਸ਼ਾਮ ਨੂੰ ਨਕੋਦਰ ਵਿਖੇ ਗੁਰੂ ਜੀ ਦੇ ਜੀਵਨ, ਫਲਸਫੇ ਅਤੇ ਸਿੱਖਿਆਵਾਂ 'ਤੇ ਆਧਾਰਿਤ ਡ੍ਰੋਨ ਸ਼ੋਅ ਕਰਵਾਇਆ ਗਿਆ।

ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਵੱਲੋਂ ਨਵੀਂ ਅਨਾਜ ਮੰਡੀ ਵਿਖੇ ਕਰਵਾਏ ਗਏ ਡ੍ਰੋਨ ਸ਼ੋਅ ਦੌਰਾਨ ਹਲਕਾ ਵਿਧਾਇਕ ਇੰਦਰਜੀਤ ਕੌਰ ਮਾਨ ਅਤੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਵੱਲੋਂ ਸ਼ਿਰਕਤ ਕੀਤੀ ਗਈ।

ਡ੍ਰੋਨ ਸ਼ੋਅ ਵਿੱਚ ਸ਼ਾਮਲ ਵੱਡੀ ਗਿਣਤੀ ਸੰਗਤ ਨੂੰ ਆਧੁਨਿਕ ਤਕਨੀਕ, ਅਧਿਆਤਮਕਤਾ ਅਤੇ ਬਿਰਤਾਂਤ ਵਰਨਣ ਦਾ ਸ਼ਾਨਦਾਰ ਸੁਮੇਲ ਦੇਖਣ ਨੂੰ ਮਿਲਿਆ। ਸ਼ੋਅ ਦੌਰਾਨ 500 ਡ੍ਰੋਨਾਂ ਰਾਹੀਂ ਆਸਮਾਨ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਅਤੇ ਉਨ੍ਹਾਂ ਦੇ ਸਮਾਜਿਕ ਬਰਾਬਰੀ, ਦਇਆ, ਸਮਾਜਿਕ ਨਿਆਂ, ਮਨੁੱਖਤਾ ਅਤੇ ਆਪਸੀ ਸਾਂਝ ਦੇ ਸੰਦੇਸ਼ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾਂ ਪ੍ਰਕਾਸ਼ ਪੁਰਬ ਮਨਾਉਣ ਲਈ ਵੱਡੇ ਪੱਧਰ 'ਤੇ ਸਮਾਗਮ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਦੀਵੀਂ ਸਿੱਖਿਆਵਾਂ ਤੋਂ ਜਾਣੂ ਕਰਵਾਉਣ ਅਤੇ ਆਪਣੀ ਅਮੀਰ ਸਮਾਜਿਕ ਤੇ ਅਧਿਆਤਮਕ ਵਿਰਾਸਤ ਨਾਲ ਜੋੜਨ ਲਈ ਇਹ ਵਿਲੱਖਣ ਪਹਿਲਕਦਮੀ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਮਹਾਨ ਸਿੱਖਿਆਵਾਂ ਨੂੰ ਘਰ-ਘਰ ਪਹੁੰਚਾਉਣ ਲਈ ਜਿਥੇ ਕੀਰਤਨ ਦਰਬਾਰ ਕਰਵਾਏ ਜਾ ਰਹੇ ਹਨ ਉਥੇ ਵਿੱਦਿਅਕ ਸੰਸਥਾਵਾਂ ਵਿੱਚ ਸੈਮੀਨਾਰਾਂ ਰਾਹੀਂ ਨੌਜਵਾਨਾਂ ਨੂੰ ਗੁਰੂ ਜੀ ਦੇ ਜੀਵਨ ਤੇ ਦਰਸ਼ਨ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਗੁਰੂ ਜੀ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਡਾਕੂਮੈਂਟਰੀ ਵੈਨਾਂ, ਮੈਰਾਥਨ ਅਤੇ ਹੋਰ ਉਪਰਾਲੇ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਬਾਣੀ ਅਧਿਐਨ ਕੇਂਦਰ ਦਾ ਨੀਂਹ ਪੱਥਰ ਰੱਖਿਆ ਗਿਆ ਹੈ, ਜੋ ਕਿ ਡੇਰਾ ਸੱਚਖੰਡ ਬੱਲਾਂ ਨੇੜੇ 10 ਏਕੜ ਤੋਂ ਵੱਧ ਰਕਬੇ ਵਿੱਚ ਵਿਕਸਿਤ ਕੀਤਾ ਜਾਵੇਗਾ।

ਵਿਧਾਇਕ ਨੇ ਕਿਹਾ ਕਿ ਇਹ ਜ਼ਿਲ੍ਹੇ ਦਾ ਪਹਿਲਾ ਸ਼ੋਅ ਹੈ, ਜੋ ਕਿ ਨਕੋਦਰ ਵਿਖੇ ਕਰਵਾਇਆ ਜਾ ਰਿਹਾ ਹੈ। ਆਉਣ ਵਾਲੇ ਦਿਨਾਂ ਵਿੱਚ ਜ਼ਿਲ੍ਹੇ ਦੇ ਹੋਰ ਇਲਾਕਿਆਂ ਵਿੱਚ ਵੀ ਅਜਿਹੇ ਡ੍ਰੋਨ ਸ਼ੋਅ ਕਰਵਾਏ ਜਾਣਗੇ।

ਡਰੋਨ ਸ਼ੋਅ ਦੌਰਾਨ ਪ੍ਰਸਿੱਧ ਰਾਗੀ ਭਾਈ ਜਸਬੀਰ ਸਿੰਘ ਜਲੰਧਰ ਵਾਲਿਆਂ ਦੇ ਜੱਥੇ ਵੱਲੋਂ ਸ਼ਬਦ ਕੀਰਤਨ ਅਤੇ ਗੁਰਬਾਣੀ ਨਾਲ ਸੰਗਤ ਨੂੰ ਜੋੜਿਆ ਗਿਆ।

ਜ਼ਿਕਰਯੋਗ ਹੈ ਕਿ 8 ਸਤੰਬਰ ਨੂੰ ਲਾਇਲਪੁਰ ਖਾਲਸਾ ਕਾਲਜ, ਜਲੰਧਰ, 9 ਸਤੰਬਰ ਨੂੰ ਸ਼ਾਹਕੋਟ, 10 ਸਤੰਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰੰਧਾਵਾ ਮਸੰਦਾ ਅਤੇ 11 ਸਤੰਬਰ ਨੂੰ ਨਵੀਂ ਦਾਣਾ ਮੰਡੀ ਫਿਲੌਰ ਵਿਖੇ ਡ੍ਰੋਨ ਸ਼ੋਅ ਕਰਵਾਏ ਜਾਣਗੇ।

ਇਸ ਮੌਕੇ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਦਰਸ਼ਨ ਸਿੰਘ ਟਾਹਲੀ, ਪ੍ਰਧਾਨ ਨਗਰ ਕੌਂਸਲ ਪ੍ਰਦੀਪ ਸਿੰਘ, ਚੇਅਰਮੈਨ ਮਾਰਕੀਟ ਕਮੇਟੀ ਜਸਵੀਰ ਸਿੰਘ ਧੰਜਲ, ਚੇਅਰਮੈਨ ਮਾਰਕੀਟ ਕਮੇਟੀ ਬਿਲਗਾ ਜਸਵੀਰ ਸਿੰਘ ਸੰਗੋਵਾਲ, ਚੇਅਰਮੈਨ ਮਾਰਕੀਟ ਕਮੇਟੀ ਨੂਰਮਹਿਲ ਲਖਵੀਰ ਸਿੰਘ, ਐਸ.ਡੀ.ਐਮ. ਨਕੋਦਰ ਸਿਮਰਨਜੀਤ ਸਿੰਘ, ਡੀ.ਐਸ.ਪੀ. ਸਰਵਣ ਸਿੰਘ ਬੱਲ, ਬੀ.ਡੀ.ਪੀ.ਓ. ਅਭੈ ਚੰਦਰ ਤੋਂ ਇਲਾਵਾ ਕੌਂਸਲਰ, ਬਲਾਕ ਪ੍ਰਧਾਨ, ਪਿੰਡਾਂ ਦੇ ਸਰਪੰਚਾਂ-ਪੰਚਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤ ਮੌਜੂਦ ਸੀ।

# ਪੰਜਾਬ ਪੁਲਿਸ ਪੰਜਾਬ ਨੂੰ ਸੁਰੱਖਿਅਤ ਅਤੇ ਸੁਰੱਖਿਅਤ ਸੂਬਾ ਬਣਾਉਣ ਲਈ ਵਚਨਬੱਧ




**ਫਾਜ਼ਿਲਕਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਣਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ, ਡਾਇਰੈਕਟਰ ਜਨਰਲ ਆਫ਼ ਪੁਲਿਸ, ਪੰਜਾਬ ਅਤੇ ਐਡੀਸ਼ਨਲ ਡਾਇਰੈਕਟਰ ਜਨਰਲ ਆਫ਼ ਪੁਲਿਸ, ਕਾਊਂਟਰ ਇੰਟੈਲੀਜੈਂਸ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਸ਼੍ਰੀ ਨਰੇਸ਼ ਕੁਮਾਰ ਡੋਗਰਾ, ਪੀ.ਪੀ.ਐਸ., ਏ.ਆਈ.ਜੀ., ਐਸ.ਐਸ.ਓ.ਸੀ. ਫਾਜ਼ਿਲਕਾ ਦੀ ਨਿਗਰਾਨੀ ਹੇਠ ਐਸ.ਐਸ.ਓ.ਸੀ. ਫਾਜ਼ਿਲਕਾ ਨੇ ਸਰਹੱਦ ਪਾਰੋਂ ਨਸ਼ਾ ਅਤੇ ਹਥਿਆਰਾਂ ਦੀ ਤਸਕਰੀ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਵੱਡੀ ਸਫਲਤਾ ਹਾਸਲ ਕੀਤੀ ਹੈ।

ਮਿਤੀ 06/07.09.2026 ਨੂੰ ਕੀਤੇ ਗਏ ਦੋ ਵੱਖ-ਵੱਖ ਆਪ੍ਰੇਸ਼ਨਾਂ ਦੌਰਾਨ ਐਸ.ਐਸ.ਓ.ਸੀ. ਫਾਜ਼ਿਲਕਾ ਨੇ ਕੁੱਲ 2.029 ਕਿਲੋ ਹੈਰੋਇਨ, 05 ਨਜਾਇਜ਼ ਪਿਸਤੌਲ ਅਤੇ 05 ਮੈਗਜ਼ੀਨ ਬਰਾਮਦ ਕੀਤੇ ਹਨ। ਹੈਰੋਇਨ ਦੀ ਬਰਾਮਦਗੀ ਦੇ ਸਬੰਧ ਵਿੱਚ ਇੱਕ ਮੁਲਜ਼ਮ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਸਾਜਨ ਪੁੱਤਰ ਪਾਲਾ ਸਿੰਘ ਵਾਸੀ ਬਸਤੀ ਬਾਬਾ ਸਰੂਪ ਦਾਸ, ਥਾਣਾ ਸਦਰ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਵਜੋਂ ਹੋਈ ਹੈ।
ਮਿਤੀ 06.09.2026 ਨੂੰ ਇੱਕ ਖਾਸ ਸੂਚਨਾ 'ਤੇ ਕਾਰਵਾਈ ਕਰਦਿਆਂ ਐਸ.ਐਸ.ਓ.ਸੀ. ਫਾਜ਼ਿਲਕਾ ਨੇ ਬੀ.ਐਸ.ਐਫ. ਦੇ ਨਾਲ ਬੀ.ਓ.ਪੀ. ਕੱਸੋ ਕੇ, ਬੀ.ਪੀ. ਨੰ. 183/3, ਜ਼ਿਲ੍ਹਾ ਫਿਰੋਜ਼ਪੁਰ ਦੇ ਖੇਤਰ ਵਿੱਚ ਇੱਕ ਵਿਸ਼ੇਸ਼ ਆਪ੍ਰੇਸ਼ਨ ਚਲਾਇਆ। ਇਸ ਆਪ੍ਰੇਸ਼ਨ ਦੌਰਾਨ 05 ਨਜਾਇਜ਼ ਪਿਸਤੌਲਾਂ ਸਮੇਤ 05 ਮੈਗਜ਼ੀਨ ਬਰਾਮਦ ਕੀਤੇ ਗਏ। ਬਰਾਮਦ ਕੀਤੇ ਗਏ ਪਿਸਤੌਲ ਪਾਕਿਸਤਾਨ ਤੋਂ ਅੰਤਰਰਾਸ਼ਟਰੀ ਸਰਹੱਦ ਪਾਰੋਂ ਤਸਕਰੀ ਕਰਕੇ ਲਿਆਂਦੇ ਗਏ ਸਨ।ਇਸੇ ਤਰ੍ਹਾਂ ਮਿਤੀ 07.09.2026 ਨੂੰ ਇੱਕ ਹੋਰ ਖਾਸ ਸੂਚਨਾ 'ਤੇ ਕਾਰਵਾਈ ਕਰਦਿਆਂ ਐਸ.ਐਸ.ਓ.ਸੀ. ਫਾਜ਼ਿਲਕਾ ਨੇ ਜਲਾਲਾਬਾਦ ਦੇ ਖੇਤਰ ਵਿੱਚ ਇੱਕ ਹੋਰ ਵਿਸ਼ੇਸ਼ ਆਪ੍ਰੇਸ਼ਨ ਚਲਾਇਆ। ਇਸ ਆਪ੍ਰੇਸ਼ਨ ਦੌਰਾਨ ਮੁਲਜ਼ਮ ਸਾਜਨ ਨੂੰ ਨਹਿਰ ਵਾਲੀ ਸੜਕ, ਪਿੰਡ ਬਾਘੇ ਕੇ ਉੱਤਰ, ਥਾਣਾ ਸਦਰ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਨੇੜਿਓਂ ਕਾਬੂ ਕੀਤਾ ਗਿਆ ਅਤੇ ਉਸਦੇ ਕਬਜ਼ੇ ਵਿੱਚੋਂ 2.029 ਕਿਲੋ ਹੈਰੋਇਨ ਬਰਾਮਦ ਕੀਤੀ ਗਈ।

ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਹੈਰੋਇਨ ਅਤੇ ਹਥਿਆਰਾਂ ਦੀਆਂ ਖੇਪਾਂ ਪਾਕਿਸਤਾਨ ਸਥਿਤ ਤਸਕਰਾਂ ਤੋਂ ਮੰਗਵਾਈਆਂ ਗਈਆਂ ਸਨ ਅਤੇ ਸਰਹੱਦ ਪਾਰ ਤਸਕਰੀ ਦੇ ਰਾਹੀਂ ਭਾਰਤ ਵਿੱਚ ਪਹੁੰਚਾਈਆਂ ਗਈਆਂ ਸਨ। ਪਾਕਿਸਤਾਨ ਸਥਿਤ ਤਸਕਰਾਂ ਦੀ ਪਛਾਣ ਕਰਨ ਅਤੇ ਅੱਗੇ-ਪਿੱਛੇ ਦੇ ਸਾਰੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।
ਇਸ ਸਬੰਧ ਵਿੱਚ ਥਾਣਾ ਐਸ.ਐਸ.ਓ.ਸੀ. ਫਾਜ਼ਿਲਕਾ ਵਿਖੇ ਇੱਕ ਅਣਪਛਾਤੇ ਵਿਅਕਤੀ ਖਿਲਾਫ਼ ਅਸਲਾ ਐਕਟ ਦੀ ਧਾਰਾ 25/54/59 ਤਹਿਤ ਮਿਤੀ 06.09.2026 ਨੂੰ ਐਫ.ਆਈ.ਆਰ. ਨੰ. 20 ਅਤੇ ਮੁਲਜ਼ਮ ਸਾਜਨ ਪੁੱਤਰ ਪਾਲਾ ਸਿੰਘ ਵਾਸੀ ਬਸਤੀ ਬਾਬਾ ਸਰੂਪ ਦਾਸ, ਥਾਣਾ ਸਦਰ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਖਿਲਾਫ਼ ਐਨ.ਡੀ.ਪੀ.ਐਸ. ਐਕਟ ਦੀ ਧਾਰਾ 21/61/85 ਤਹਿਤ ਮਿਤੀ 07.09.2026 ਨੂੰ ਐਫ.ਆਈ.ਆਰ. ਨੰ. 21 ਦਰਜ ਕੀਤੀ ਗਈ ਹੈ।

ਬਰਾਮਦਗੀ ਨਾਲ ਜੁੜੇ ਅੱਗੇ-ਪਿੱਛੇ ਦੇ ਸਬੰਧਾਂ ਦਾ ਪਤਾ ਲਗਾਉਣ ਅਤੇ ਸਰਹੱਦ ਪਾਰ ਤਸਕਰੀ ਨੈੱਟਵਰਕ ਵਿੱਚ ਸ਼ਾਮਲ ਸਾਰੇ ਵਿਅਕਤੀਆਂ ਦੀ ਪਛਾਣ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ।

# ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਰਿਹਾ ਵੱਡਾ ਯੋਗਦਾਨ ਗਿੱਲ ਬ੍ਰਦਰਜ਼ ਮਨੀਲਾ ਵਾਲਿਆਂ ਦਾ



**ਮਾਛੀਵਾੜਾ ਸਾਹਿਬ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਜੋਧਵਾਲ ,ਰੂੜੇਵਾਲ ਵਾਸੀ ਗਿੱਲ ਬ੍ਰਦਰਜ਼ ਮਨੀਲਾ ਵਾਲੇ ਵਿੱਕੀ ਗਿੱਲ, ਸੰਦੀਪ ਗਿੱਲ, ਰਾਕੇਸ਼ ਗਿੱਲ ਅਤੇ ਸਮੂਹ ਗਿੱਲ ਪਰਿਵਾਰ ਵੱਲੋਂ ਪਿੰਡ ਦੇ ਸਲਾਨਾ ਤੇ ਵਿਸ਼ਾਲ ਦੰਗਲ ਮੇਲੇ ਵਿੱਚ ਵੱਡਾ ਸਹਿਯੋਗ ਦਿੱਤਾ ਜਾਂਦਾ ਰਿਹਾ ਹੈ ਉੱਥੇ ਹੀ ਇਸ ਲੜੀ ਨੂੰ ਅੱਗੇ ਤੋਰਦਿਆਂ ਇਸ ਵਾਰ ਵੀ 2 ਲੱਖ 51000 /ਦੀ ਨਗਦ ਰਾਸ਼ੀ ਗਿੱਲ ਬ੍ਰਦਰਜ਼ ਮਨੀਲਾ ਵਾਲਿਆਂ ਵੱਲੋਂ ਦੰਗਲ ਕਮੇਟੀ ਪ੍ਰਧਾਨ ਅੰਗਰੇਜ ਸਿੰਘ ਬੱਬੂ ਰੰਧਾਵਾ ਨੂੰ ਸੌਂਪੀ ਗਈ। ਦੰਗਲ ਮੇਲੇ ਵਿੱਚ ਸਹਿਯੋਗ ਦੇਣ ਲਈ ਰਾਕੇਸ਼ ਗਿੱਲ,ਵਿੱਕੀ ਗਿੱਲ , ਸੰਦੀਪ ਗਿੱਲ,ਗੌਰਵ ਗਿੱਲ,ਨਿਤਿਨ ਗਿੱਲ,ਨੈਤਿਕ ਗਿੱਲ,ਰਿਹਾਨ ਗਿੱਲ ਪਰਿਵਾਰਿਕ ਮੈਂਬਰਾਂ ਵੱਲੋਂ ਇਹ ਰਾਸ਼ੀ ਸੌਂਪਦਿਆਂ ਦੰਗਲ ਕਮੇਟੀ ਦਾ ਧੰਨਵਾਦ ਵੀ ਪ੍ਰਗਟ ਕੀਤਾ ਕਿ ਉਹ ਗਿੱਲ ਬ੍ਰਦਰਜ਼ ਮਨੀਲਾ ਵਾਲਿਆਂ ਨੂੰ ਹਰ ਸਾਲ ਇਹ ਸੇਵਾ ਕਰਦਾ ਮੌਕਾ ਦਿੰਦੇ ਹਨ। ਵਿਦੇਸ਼ ਬੈਠੇ ਵਿੱਕੀ ਗਿੱਲ ਅਤੇ ਪਰਿਵਾਰ ਦੇ ਹੋਰਨਾਂ ਮੈਂਬਰਾਂ ਨੇ ਇਸ ਮੇਲੇ ਨੂੰ ਪਿਓਰ ਪੰਜਾਬੀ ਲਾਈਵ ਚੈਨਲ ਰਾਹੀਂ ਤੱਕਿਆ ਅਤੇ ਪਹਿਲਵਾਨਾਂ ਦੇ ਨਾਲ ਨਾਲ ਕੁਮੈਂਟਰਾਂ ਲਈ ਵੀ ਵੱਡੀ ਰਾਸ਼ੀ ਦਾਨ ਵਜੋਂ ਭੇਜੀ। ਦੰਗਲ ਮੇਲੇ ਵਿੱਚ ਮੌਜੂਦ ਰਾਕੇਸ਼ ਦੰਗਲ ਕਮੇਟੀ ਵੱਲੋਂ ਗਿੱਲ ਬ੍ਰਦਰਜ਼ ਮਨੀਲਾ ਵਾਲਿਆਂ ਅਤੇ ਸਮੁੱਚੇ ਪਰਿਵਾਰ ਦਾ ਸਨਮਾਨ ਕਰਦਿਆਂ ਧੰਨਵਾਦ ਪ੍ਰਗਟ ਕੀਤਾ ਜਿਨਾਂ ਦੇ ਵੱਡੇ ਸਹਿਯੋਗ ਸਦਕਾ ਇਹ ਦੰਗਲ ਮੇਲਾ ਪੰਜਾਬ ਦੇ ਮਸ਼ਹੂਰ ਦੰਗਲ ਮੇਲਿਆਂ ਵਿੱਚ ਸੁਮਾਰ ਹੋ ਰਿਹਾ ਹੈ।

# ਇੱਕ ਸਕੂਲ ਵੱਲੋਂ ਪਾਰਕਿੰਗ ਲਈ ਪ੍ਰਬੰਧ ਨਾ ਕੀਤੇ ਜਾਣ ਕਾਰਨ ਸੜਕ 'ਤੇ ਟ੍ਰੈਫਿਕ ਲੰਮੇ ਸਮੇ ਜਾਮ ਲਗਿਆ

**ਸਨੌਰ,12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਨੌਰ ਰੋਡ 'ਤੇ ਸਥਿਤ ਇੱਕ ਸਕੂਲ ਵੱਲੋਂ ਪਾਰਕਿੰਗ ਲਈ ਪ੍ਰਬੰਧ ਨਾ ਕੀਤੇ ਜਾਣ ਕਾਰਨ ਸੜਕ 'ਤੇ ਟ੍ਰੈਫਿਕ ਲੰਮੇ ਸਮੇ ਜਾਮ ਲਗਿਆ ਹੋਇਆ ਦਿਖਾਈ ਦਿੱਤਾ। ਵਰਨਣਯੋਗ ਹੈ ਕਿ ਇਹ ਸਕੂਲ 20 ਸਾਲ ਦੇ ਕਰੀਬ ਪੁਰਾਣਾ ਸਕੂਲ ਹੈ ਅਤੇ ਤਕਰੀਬਨ ਦੋ ਕਿੱਲਿਆਂ ਵਿੱਚ ਫੈਲੇ ਇਸ ਸਕੂਲ ਵਿੱਚ ਆਉਣ ਵਾਲੇ ਲੋਕਾਂ ਲਈ ਵਾਹਨ ਖੜ੍ਹੇ ਕਰਨ ਦੀ ਯੋਗ ਵਿਵਸਥਾ ਨਾ ਹੋਣ ਕਾਰਨ ਦੋਪਹੀਆ ਅਤੇ ਚਾਰਪਹੀਆ ਵਾਹਨ ਸੜਕ ਦੇ ਦੋਵੇਂ ਪਾਸਿਆਂ ਖੜ੍ਹੇ ਕਰ ਦਿੱਤੇ ਗਏ, ਜਿਸ ਕਾਰਨ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ। ਸੜਕ ਦੇ ਦੋਵੇਂ ਪਾਸਿਆਂ ਵਾਹਨਾਂ ਦੀਆਂ ਕਤਾਰਾਂ ਲੱਗਣ ਕਾਰਨ ਪਟਿਆਲਾ-ਸਨੌਰ ਰੋਡ 'ਤੇ ਲੰਮੇ ਸਮੇਂ ਤੱਕ ਜਾਮ ਲੱਗਿਆ ਰਿਹਾ। ਵਾਹਨਾਂ ਦੀ ਰਫ਼ਤਾਰ ਇੰਨੀ ਹੌਲੀ ਹੋ ਗਈ ਕਿ ਰੋਜ਼ਾਨਾ ਇਸ ਰਸਤੇ ਤੋਂ ਲੰਘਣ ਵਾਲੇ ਲੋਕਾਂ, ਵਿਦਿਆਰਥੀਆਂ, ਮੁਲਾਜ਼ਮਾਂ ਅਤੇ ਹੋਰ ਰਾਹਗੀਰਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਸੜਕ 'ਤੇ ਵਾਹਨਾਂ ਦੀ ਬੇਤਰਤੀਬ ਪਾਰਕਿੰਗ ਕਾਰਨ ਆਵਾਜਾਈ ਲਈ ਉਪਲਬਧ ਜਗ੍ਹਾ ਵੀ ਕਾਫ਼ੀ ਘੱਟ ਗਈ। ਹੈਰਾਨੀ ਦੀ ਗੱਲ ਇਹ ਹੈ ਕਿ ਸਕੂਲ ਦੀ ਪਾਰਕਿੰਗ ਸਬੰਧੀ ਪੈਦਾ ਹੋ ਰਹੀ ਸਮੱਸਿਆ ਬਾਰੇ ਸਥਾਨਕ ਲੋਕਾਂ ਵੱਲੋਂ ਕਈ ਵਾਰ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ ਜਾ ਚੁੱਕਾ ਹੈ, ਪਰ ਇਸ ਦੇ ਬਾਵਜੂਦ ਅਜੇ ਤੱਕ ਕੋਈ ਢੁੱਕਵਾਂ ਪ੍ਰਬੰਧ ਨਹੀਂ ਕੀਤਾ ਗਿਆ। ਇਸ ਸਬੰਧੀ ਪਾਲ ਗੰਗਰੋਲੀ ਨੇ ਕਿਹਾ ਕਿ ਜੇਕਰ ਸਕੂਲ ਲਈ ਇੰਨੀ ਵੱਡੀ ਜਗ੍ਹਾ ਮੌਜੂਦ ਹੈ ਤਾਂ ਵਾਹਨਾਂ ਦੀ ਪਾਰਕਿੰਗ ਲਈ ਯੋਜਨਾਬੱਧ ਵਿਵਸਥਾ ਕਿਉਂ ਨਹੀਂ ਕੀਤੀ ਗਈ ? ਇਹ ਕਹਿੰਦਿਆਂ ਓਹਨਾ ਕਿਹਾ ਕਿ ਉਹ ਕਿਸੇ ਜ਼ਰੂਰੀ ਕੰਮ ਜਾ ਰਹੇ ਸੀ ਪਰੰਤੂ ਇਥੇ ਲਗੇ ਲੰਮੇ ਜਾਮ ਕਰਕੇ ਪਹੁੰਚਣ ਚ ਦੇਰੀ ਦਾ ਸਾਮਣਾ ਕਰਨਾ ਪਿਆ। ਜਾਮ ਚ ਫਸੇ ਲੋਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਕੂਲ ਪ੍ਰਬੰਧਕਾਂ ਨੂੰ ਪਾਰਕਿੰਗ ਦਾ ਪੱਕਾ ਪ੍ਰਬੰਧ ਕਰਨ ਲਈ ਹਦਾਇਤਾਂ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਕਿਸੇ ਇੱਕ ਸੰਸਥਾ ਦੀ ਪਾਰਕਿੰਗ ਵਿਵਸਥਾ ਦੀ ਕਮੀ ਦਾ ਖਮਿਆਜ਼ਾ ਆਮ ਰਾਹਗੀਰਾਂ ਨੂੰ ਭੁਗਤਣਾ ਨਹੀਂ ਚਾਹੀਦਾ।

ਇਸ ਸਬੰਧੀ ਥਾਣਾ ਸਨੌਰ ਦੇ ਮੁਖੀ ਅਵਤਾਰ ਸਿੰਘ ਨੇ ਫੋਨ 'ਤੇ ਗੱਲਬਾਤ ਕਰਦਿਆਂ ਦੱਸਿਆ ਕਿ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਦੇ ਕਰੀਬ 60 ਚਲਾਨ ਕੱਟੇ ਗਏ ਹਨ। ਇਸ ਦੇ ਨਾਲ ਹੀ ਸਕੂਲ ਪ੍ਰਬੰਧਕਾਂ ਨੂੰ ਨੋਟਿਸ ਜਾਰੀ ਕਰਕੇ ਹਦਾਇਤ ਕੀਤੀ ਗਈ ਹੈ ਕਿ ਭਵਿੱਖ ਵਿੱਚ ਅਜਿਹਾ ਕੋਈ ਪ੍ਰਬੰਧ ਨਾ ਕੀਤਾ ਜਾਵੇ, ਜਿਸ ਕਾਰਨ ਰਾਹਗੀਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇ। ਉਨ੍ਹਾਂ ਦੱਸਿਆ ਕਿ ਅੱਜ ਸਕੂਲ ਵਿੱਚ ਅਧਿਆਪਕ ਮਿਲਣੀ ਰੱਖੀ ਗਈ ਸੀ, ਜਿਸ ਸਬੰਧੀ ਸਕੂਲ ਪ੍ਰਬੰਧਕਾਂ ਵੱਲੋਂ ਪੁਲਿਸ ਨੂੰ ਪਹਿਲਾਂ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਇਸ ਕਾਰਨ ਸਕੂਲ ਦੇ ਬਾਹਰ ਵੱਡੀ ਗਿਣਤੀ ਵਿੱਚ ਵਾਹਨ ਇਕੱਠੇ ਹੋਣ ਕਾਰਨ ਲੰਮਾ ਜਾਮ ਲੱਗ ਗਿਆ ਅਤੇ ਆਵਾਜਾਈ ਪ੍ਰਭਾਵਿਤ ਹੋਈ।

# ਫਾਜ਼ਿਲਕਾ ਵਿਖੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਅਤੇ ਉਨ੍ਹਾਂ ਦੀ ਧਰਮਪਤਨੀ ਮੈਡਮ ਖੁਸ਼ਬੂ ਸਾਵਨਸੁੱਖਾ ਸਵਨਾ ਦੀ ਅਗਵਾਈ ਵਿਚ ਸਖੀ ਸਨਮਾਨ ਸਮਾਰੋਹ ਦਾ ਕੀਤਾ ਗਿਆ ਆਯੋਜਨ



**ਫਾਜ਼ਿਲਕਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਵਿਖੇ ਸਖੀ ਸਨਮਾਨ ਸਮਾਰੋਹ ਬੜੀ ਹੀ ਧੂਮ-ਧਾਮ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਸਮਾਰੋਹ ਦੌਰਾਨ ਹਲਕਾ ਫਾਜ਼ਿਲਕਾ ਤੋਂ ਵੱਡੀ ਗਿਣਤੀ ਵਿੱਚ ਮਹਿਲਾਵਾਂ ਨੇ ਪਹੁੰਚ ਕੇ ਆਪਣੀ ਹਾਜ਼ਰੀ ਲਗਵਾਈ।ਇਹ ਸਮਾਗਮ ਫਾਜ਼ਿਲਕਾ ਦੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਅਤੇ ਉਨ੍ਹਾਂ ਦੀ ਧਰਮਪਤਨੀ ਮੈਡਮ ਖੁਸ਼ਬੂ ਸਾਵਨਸੁੱਖਾ ਸਵਨਾ ਦੀ ਅਗਵਾਈ ਹੇਠ ਕਰਵਾਇਆ ਗਿਆ।ਇਸ ਸਮਾਗਮ ਵਿਚ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਲਈ ਰਜਿਸਟ੍ਰੇਸ਼ਨ ਪ੍ਰਕਿਰਿਆ ਵਿੱਚ ਸਹਿਯੋਗ ਦੇਣ ਵਾਲੀਆਂ ਸਤਿਕਾਰਤ ਸਖੀਆਂ ਦਾ ਸਨਮਾਨ ਕੀਤਾ ਗਿਆਸਮਾਗਮ ਦਾ ਮੁੱਖ ਉਦੇਸ਼ ਸਖੀਆਂ ਨੂੰ ਸਨਮਾਨਿਤ ਕਰਨਾ ਅਤੇ ਮਹਿਲਾਵਾਂ ਨੂੰ ਆਤਮ-ਨਿਰਭਰ ਬਣਾਉਣ ਲਈ ਪ੍ਰੇਰਿਤ ਕਰਨਾ ਸੀ। ਇਸ ਮੌਕੇ ਤੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਔਰਤਾਂ ਸਾਡੇ ਸਮਾਜ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ ਦੇ ਸਨਮਾਨ ਅਤੇ ਸਸ਼ਕਤੀਕਰਨ ਤੋਂ ਬਿਨਾਂ ਸਮਾਜ ਦਾ ਵਿਕਾਸ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਔਰਤਾਂ ਦੀ ਭਲਾਈ ਲਈ ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਚਲਾਈ ਗਈ ਹੈ। ਇਸ ਯੋਜਨਾ ਵਿਚ ਜਨਰਲ ਕੈਟੇਗਰੀ ਦੀਆਂ ਮਹਿਲਾਵਾਂ ਨੂੰ 1000 ਰੁਪਏ ਅਤੇ ਐਸ. ਸੀ. ਸਮਾਜ ਦੀਆਂ ਮਹਿਲਾਵਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਦਿੱਤੇ ਜਾਂਦੇ ਹਨ।ਇਸ ਦੇ ਨਾਲ ਨਾਲ ਸਰਕਾਰ ਵੱਲੋਂ ਮਹਿਲਾਵਾਂ ਲਈ ਅਨੇਕਾਂ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ।ਇਸ ਮੌਕੇ ਵਿਧਾਇਕ ਸਵਨਾ ਵੱਲੋਂ ਕਿਹਾ ਗਿਆ ਕਿ ਸਾਡੀ ਸਰਕਾਰ ਮਾਵਾਂ ਅਤੇ ਧੀਆਂ ਨੂੰ ਆਤਮਨਿਰਭਰਤਾ ਦੇਣ ਲਈ ਲਗਾਤਾਰ ਕੰਮ ਕਰ ਰਹੀ ਹੈ।

# ਵਿਧਾਇਕ ਫਾਜ਼ਿਲਕਾ ਨੇ ਹਲਕੇ ਦੇ ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਨਾਲ ਆਪਣੇ ਦਫ਼ਤਰ ਵਿਖੇ ਕੀਤੀ ਲੋਕ ਮਿਲਣੀ



**ਫਾਜ਼ਿਲਕਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਦੇ ਵਿਧਾਇਕ ਸ੍ਰ. ਨਰਿੰਦਰਪਾਲ ਸਿੰਘ ਸਵਨਾ ਨੇ ਆਪਣੇ ਦਫ਼ਤਰ ਵਿਖੇ ਲੋਕ ਮਿਲਣੀ ਦੌਰਾਨ ਹਲਕੇ ਦੇ ਵੱਡੀ ਗਿਣਤੀ ਵਿੱਚ ਪਿੰਡਾਂ ਤੇ ਸ਼ਹਿਰਾਂ ਤੋਂ ਪਹੁੰਚੇ ਲੋਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਸੁਝਾਅ ਸੁਣੇ। ਲੋਕਾਂ ਵੱਲੋਂ ਰੱਖੇ ਗਏ ਮਸਲਿਆਂ ਨੂੰ ਧਿਆਨ ਨਾਲ ਸੁਣਦਿਆਂ ਕੁੱਝ ਸਮੱਸਿਆਵਾਂ ਦਾ ਮੌਕੇ ਤੇ ਹੀ ਹੱਲ ਕਰਵਾਇਆ ਤੇ ਬਾਕੀ ਰਹਿੰਦੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਸਬੰਧਿਤ ਅਧਿਕਾਰੀਆਂ ਨੂੰ ਜਲਦ ਅਤੇ ਯੋਗ ਹੱਲ ਕਰਨ ਲਈ ਲੋੜੀਂਦੇ ਨਿਰਦੇਸ਼ ਜਾਰੀ ਕੀਤੇ ।

ਇਸ ਮੌਕੇ ਬੋਲਦਿਆਂ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਲੋਕਾਂ ਦੀ ਸੇਵਾ ਕਰਨਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਨਿਪਟਾਰਾ ਕਰਵਾਉਣਾ ਸਾਡੀ ਸਰਕਾਰ ਦੀ ਪਹਿਲੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਤੁਹਾਡੇ ਵਿਸ਼ਵਾਸ ਅਤੇ ਸਹਿਯੋਗ ਨਾਲ ਅਸੀਂ ਲੋਕ ਭਲਾਈ ਅਤੇ ਵਿਕਾਸ ਲਈ ਇਸੇ ਤਰ੍ਹਾਂ ਨਿਰੰਤਰ ਕੰਮ ਕਰਦੇ ਰਹਾਂਗੇ।

ਉਨ੍ਹਾਂ ਕਿਹਾ ਕਿ ਹਲਕੇ ਦੇ ਵਿਕਾਸ ਕਾਰਜਾਂ ਵਿਚ ਕਿਸੇ ਪ੍ਰਕਾਰ ਦੀ ਰੁਕਾਵਟ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਹਰ ਪਿੰਡ ਦੇ ਮੁੱਖ ਮੁੱਦਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ੍ਹ ਕਰਵਾਇਆ ਜਾਵੇਗਾ। ਇਸ ਮੀਟਿੰਗ ਵਿਚ ਵਿਕਾਸ ਕਾਰਜਾਂ ਸਬੰਧੀ ਉਨ੍ਹਾਂ ਦੱਸਿਆ ਕਿ ਹਲਕੇ ਵਿਚ ਲਿੰਕ ਸੜਕਾਂ ਦੀ ਰੀ-ਕਾਰਪੇਟਿੰਗ ਦੇ ਕਈ ਪ੍ਰਾਜੈਕਟ ਪੂਰੇ ਕਰਵਾਏ ਜਾ ਚੁੱਕੇ ਹਨ।

ਪਿੰਡਾਂ ਵਿਚ ਰੋਡ ਨੈਟਵਰਕ ਨੂੰ ਮਜ਼ਬੂਤ ਕਰਨ ਲਈ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿੰਡਾਂ ਦੇ ਪਾਣੀ ਨਿਕਾਸੀ ਦੇ ਮਸਲਿਆਂ ਨੂੰ ਅਹਿਮ ਅਤੇ ਗੰਭੀਰਤਾ ਨਾਲ ਲਿਆ ਗਿਆ ਹੈ ਅਤੇ ਨਾਲਿਆਂ ਡਰੇਨਾਂ ਦੀ ਸਫਾਈ ਤੇ ਨਵੀਨੀਕਰਨ ਦੇ ਕਾਰਜ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪਾਣੀ ਸਪਲਾਈ ਸਬੰਧੀ ਸਮੱਸਿਆਵਾਂ ਨੂੰ ਵੀ ਤੁਰੰਤ ਹੱਲ੍ਹ ਕੀਤਾ ਜਾਂਦਾ ਹੈ।

ਪਿੰਡਾਂ ਵਿਚ ਨਹਿਰੀ ਪਾਣੀ ਦੀ ਸਪਲਾਈ ਪੱਕੀ ਕਰਨ ਦੇ ਲਈ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਇਸਦੇ ਨਾਲ-ਨਾਲ ਪਿੰਡਾਂ ਵਿਚ ਜਿੰਮ ਘਰ, ਬੱਚਿਆਂ ਲਈ ਖੇਡ ਮੈਦਾਨ ਅਤੇ ਆਮ ਆਦਮੀ ਕਲੀਨਿਕ ਖੋਲ੍ਹੇ ਜਾ ਰਹੇ ਹਨ। ਆਮ ਆਦਮੀ ਕਲੀਨਿਕਾਂ ਵਿਚ ਹਰ ਤਰ੍ਹਾਂ ਦੀਆਂ ਦਵਾਈਆਂ ਪਿੰਡਾਂ ਵਿਚ ਨਹਿਰੀ ਪਾਣੀ ਦੀ ਸਪਲਾਈ ਪੱਕੀ ਕਰਨ ਦੇ ਲਈ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਇਸਦੇ ਨਾਲ-ਨਾਲ ਪਿੰਡਾਂ ਵਿਚ ਜਿੰਮ ਘਰ, ਬੱਚਿਆਂ ਤੇ ਟੈਸਟ ਮੁਫ਼ਤ ਕੀਤੇ ਜਾਂਦੇ ਹਨ।

# ਬਲਾਕ ਲੋਹੀਆਂ : ਅੰਡਰ-14 ਲੜਕੀਆਂ ਦੇ ਖੋ-ਖੋ ਮੁਕਾਬਲੇ 'ਚ ਸੰਤ ਅਵਤਾਰ ਸਿੰਘ ਯਾਦਗਾਰੀ ਸੀਨੀਅਰ ਸੈਕੰਡਰੀ ਸਕੂਲ ਸੀਚੇਵਾਲ ਨੇ ਮਾਰੀ ਬਾਜ਼ੀ

**ਜਲੰਧਰ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਜ਼ਿਲ੍ਹੇ 'ਖੇਡਾਂ ਵਤਨ ਪੰਜਾਬ ਦੀਆਂ-2026' ਤਹਿਤ ਕਰਵਾਈਆਂ ਜਾ ਰਹੀਆਂ ਬਲਾਕ ਪੱਧਰੀ ਖੇਡਾਂ ਦੇ ਅੱਜ ਪਹਿਲੇ ਦਿਨ ਬਲਾਕ ਲੋਹੀਆਂ ਖਾਸ ਤੇ ਬਲਾਕ ਮਹਿਤਪੁਰ ਵਿੱਚ ਕਰਵਾਈਆਂ ਗਈਆਂ ਵੱਖ-ਵੱਖ ਖੇਡਾਂ ਦੇ ਨਤੀਜੇ ਸ਼ਾਨਦਾਰ ਰਹੇ।

ਉਨ੍ਹਾਂ ਦੱਸਿਆ ਕਿ ਅੱਜ ਬਲਾਕ ਲੋਹੀਆਂ ਵਿੱਚ ਅੰਡਰ-14 ਲੜਕੀਆਂ ਦੇ ਖੋ-ਖੋ ਮੁਕਾਬਲੇ ਵਿੱਚ ਸੰਤ ਅਵਤਾਰ ਸਿੰਘ ਯਾਦਗਾਰੀ ਸੀਨੀਅਰ ਸੈਕੰਡਰੀ ਸਕੂਲ ਸੀਚੇਵਾਲ ਨੇ ਪਹਿਲਾ, ਅਕਾਲੀ ਗਲੈਕਸੀ ਕਾਨਵੈਂਟ ਸਕੂਲ ਲੋਹੀਆਂ ਖਾਸ ਨੇ ਦੂਜਾ ਅਤੇ ਗ੍ਰਾਮ ਪੰਚਾਇਤ ਮੁੰਡੀਆਂ ਸ਼ਹਿਰੀਆਂ ਮੁੰਡੀ ਖਾਸ ਦੀ ਟੀਮ ਨੇ ਤੀਜਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਅੰਡਰ-17 ਲੜਕੀਆਂ ਵਿੱਚ ਸੰਤ ਅਵਤਾਰ ਸਿੰਘ ਯਾਦਗਾਰੀ ਸੀਨੀਅਰ ਸੈਕੰਡਰੀ ਸਕੂਲ ਸੀਚੇਵਾਲ ਨੇ ਪਹਿਲਾ, ਗ੍ਰਾਮ ਪੰਚਾਇਤ ਮੁੰਡੀ ਸ਼ਹਿਰੀਆਂ, ਮੁੰਡੀ ਖਾਸ ਨੇ ਦੂਜਾ ਅਤੇ ਬੀ.ਕੇ.ਸੀਨੀਅਰ ਸੈਕੰਡਰੀ ਸਕੂਲ ਨੇ ਤੀਜਾ ਸਥਾਨ ਹਾਸਿਲ ਕੀਤਾ।

ਜ਼ਿਲ੍ਹਾ ਖੇਡ ਅਫ਼ਸਰ ਨੇ ਅੱਗੇ ਦੱਸਿਆ ਕਿ ਬਲਾਕ ਮਹਿਤਪੁਰ ਵਿੱਚ ਕਰਵਾਈਆਂ ਗਈਆਂ ਬਲਾਕ ਪੱਧਰੀ ਖੇਡਾਂ ਵਿੱਚ ਅੰਡਰ-14 ਲੜਕੇ ਕਬੱਡੀ ਨੈਸ਼ਨਲ ਸਟਾਈਲ ਵਿੱਚ ਵੇਟ ਖਾਲਸਾ ਸਕੂਲ ਨੇ ਪਹਿਲਾ, ਮਹਿਤਪੁਰ ਕਲੱਬ ਨੇ ਦੂਜਾ ਅਤੇ ਉਦੇਪੁਰ ਨੇ ਤੀਜਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਅੰਡਰ-14 ਵਾਲੀਬਾਲ ਵਿੱਚ ਏਕਮ ਪਬਲਿਕ ਸਕੂਲ ਨੇ ਪਹਿਲਾ, ਗਲੈਕਸੀ ਕਾਨਵੈਂਟ ਸਕੂਲ ਲੋਹੀਆਂ ਖਾਸ ਨੇ ਦੂਜਾ ਅਤੇ ਗ੍ਰਾਮ ਪੰਚਾਇਤ ਮੁੰਡੀਆਂ ਸ਼ਹਿਰੀਆਂ ਮੁੰਡੀ ਖਾਸ ਦੀ ਟੀਮ ਨੇ ਤੀਜਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਅੰਡਰ-17 ਲੜਕੀਆਂ ਵਿੱਚ ਸੰਤ ਅਵਤਾਰ ਸਿੰਘਐਚ.ਪੀ.ਸਕੂਲ ਨੇ ਦੂਜਾ ਅਤੇ ਮਹਿਤਪੁਰ ਕਲੱਬ ਨੇ ਤੀਜਾ ਸਥਾਨ ਹਾਸਿਲ ਕੀਤਾ।

# ਬਿਜਲੀ ਸੰਕਟ 'ਤੇ ਇੰਜੀਨੀਅਰਾਂ ਦਾ ਮੁੱਖ ਮੰਤਰੀ ਨੂੰ ਪੱਤਰ, ਉਤਪਾਦਨ ਸਮਰੱਥਾ ਵਧਾਉਣ ਦੀ ਮੰਗ

**ਚੰਡੀਗੜ੍ਹ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ ਐੱਸ ਈ ਬੀ ਇੰਜੀਨੀਅਰਜ਼ ਐਸੋਸੀਏਸ਼ਨ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਪੰਜਾਬ ਦੇ ਆਰਥਿਕ ਵਿਕਾਸ ਨੂੰ ਸੁਰੱਖਿਅਤ ਰੱਖਣ ਅਤੇ ਬਿਜਲੀ ਦੀ ਸੰਕਟ ਨਾਲ ਨਜਿੱਠਣ ਲਈ ਸੂਬੇ ਵਿੱਚ ਬਿਜਲੀ ਉਤਪਾਦਨ ਸਮਰੱਥਾ ਨੂੰ ਤੁਰੰਤ ਵਧਾਉਣ 'ਤੇ ਜ਼ੋਰ ਦਿੱਤਾ ਹੈ।

ਪੰਜਾਬ ਭਰ ਵਿੱਚ ਵੱਖ-ਵੱਖ ਵਰਗਾਂ ਦੇ ਖਪਤਕਾਰਾਂ ਨੂੰ ਲੱਗ ਰਹੇ ਬਿਜਲੀ ਦੇ ਕੱਟਾਂ ਦੇ ਮੱਦੇਨਜ਼ਰ ਐਸੋਸੀਏਸ਼ਨ ਨੇ ਲਿਖਿਆ ਹੈ ਕਿ ਪੀ.ਐੱਸ.ਪੀ.ਸੀ.ਐੱਲ. ਨੇ ਪਿਛਲੇ ਦੋ ਵਿੱਤੀ ਸਾਲਾਂ ਦੌਰਾਨ ਦੇਸ਼ ਦੀਆਂ ਚੋਟੀ ਦੀਆਂ ਬਿਜਲੀ ਯੂਟਿਲਿਟੀਜ਼ ਵਿੱਚ ਏ ਅਤੇ ਏ-ਪਲੱਸ ਰੇਟਿੰਗ ਹਾਸਲ ਕਰਕੇ ਰਾਸ਼ਟਰੀ ਮਾਨਤਾ ਪ੍ਰਾਪਤ ਕੀਤੀ ਸੀ ਅਤੇ ਹੜ੍ਹਾਂ ਤੇ ਗਰਮੀ ਦੀ ਲਹਿਰ ਦੌਰਾਨ ਸੂਬੇ ਦੀ ਊਰਜਾ ਸੁਰੱਖਿਆ ਨੂੰ ਸਫਲਤਾਪੂਰਵਕ ਸੰਭਾਲਿਆ ਸੀ।

ਹਾਲਾਂਕਿ, ਪੀ.ਐੱਸ.ਪੀ.ਸੀ.ਐੱਲ. ਵਿੱਚ ਮੌਜੂਦਾ ਸਥਿਤੀ ਚਿੰਤਾਜਨਕ ਤੌਰ 'ਤੇ ਵਿਗੜ ਗਈ ਹੈ। ਕਿਹਾ ਗਿਆ ਹੈ ਕਿ ਪੰਜਾਬ ਦੇ ਬਿਜਲੀ ਇੰਜੀਨੀਅਰਾਂ ਦੀ ਨੁਮਾਇੰਦਗੀ ਕਰਨ ਵਾਲੀ ਪੇਸ਼ੇਵਰ ਐਸੋਸੀਏਸ਼ਨ ਹੋਣ ਦੇ ਨਾਤੇ, ਸਾਡਾ ਗੰਭੀਰ ਫਰਜ਼ ਬਣਦਾ ਹੈ ਕਿ ਅਸੀਂ ਸਰਕਾਰ ਨੂੰ ਸੂਬੇ ਦੇ ਬਿਜਲੀ ਖੇਤਰ ਨੂੰ ਦਰਪੇਸ਼ ਆਉਣ ਵਾਲੇ ਵਿੱਤੀ ਅਤੇ ਬਿਜਲੀ ਸੰਕਟ ਬਾਰੇ ਸੁਚੇਤ ਕਰੀਏ।

ਪੱਤਰ ਵਿੱਚ ਅੱਗੇ ਕਿਹਾ ਗਿਆ ਹੈ ਕਿ ਪੰਜਾਬ ਦਾ ਬਿਜਲੀ ਖੇਤਰ ਇੱਕ ਵਾਰ ਫਿਰ ਵਿੱਤੀ ਸੰਕਟ ਅਤੇ ਬਿਜਲੀ ਦੀ ਘਾਟ ਦੀ ਗੰਭੀਰ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ। ਬਿਜਲੀ ਦੀ ਉਭਰਦੀ ਘਾਟ ਪਹਿਲਾਂ ਹੀ ਉਦਯੋਗ, ਖੇਤੀਬਾੜੀ ਅਤੇ ਘਰੇਲੂ ਖਪਤਕਾਰਾਂ ਸਮੇਤ ਮੁੱਖ ਖੇਤਰਾਂ ਨੂੰ ਪ੍ਰਭਾਵਿਤ ਕਰ ਰਹੀ ਹੈ, ਅਤੇ ਜਦੋਂ ਤੱਕ ਸੂਬੇ ਦੇ ਅੰਦਰ ਉਤਪਾਦਨ ਸਮਰੱਥਾ ਵਧਾਉਣ ਲਈ ਤੁਰੰਤ ਕਦਮ ਨਹੀਂ ਚੁੱਕੇ ਜਾਂਦੇ, ਆਉਣ ਵਾਲੇ ਸਾਲਾਂ ਵਿੱਚ ਸਥਿਤੀ ਹੋਰ ਵੀ ਗੰਭੀਰ ਹੋਣ ਦੀ ਸੰਭਾਵਨਾ ਹੈ। ਪੰਜਾਬ ਦੇ ਪ੍ਰਾਈਵੇਟ ਥਰਮਲ ਪਲਾਂਟਾਂ ਵਿੱਚ ਕੋਲੇ ਦੀ ਭਾਰੀ ਘਾਟ ਹੈ।

ਪੱਤਰ ਵਿੱਚ ਅੱਗੇ ਜ਼ਿਕਰ ਕੀਤਾ ਗਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਸਬਸਿਡੀ ਦੇ ਬਕਾਏ ਅਤੇ ਵੱਖ-ਵੱਖ ਸਰਕਾਰੀ ਵਿਭਾਗਾਂ ਵੱਲੋਂ ਬਿਜਲੀ ਦੇ ਬਿੱਲਾਂ ਦੀ ਅਦਾਇਗੀ ਵਿੱਚ ਲਗਾਤਾਰ ਹੋ ਰਹੀ ਦੇਰੀ ਕਾਰਨ ਪੀ.ਐੱਸ.ਪੀ.ਸੀ.ਐੱਲ. ਦੀ ਵਿੱਤੀ ਹਾਲਤ ਲਗਾਤਾਰ ਕਮਜ਼ੋਰ ਹੋ ਰਹੀ ਹੈ। ਇਸ ਸਥਿਤੀ ਨੂੰ ਹੋਰ ਵਿਗਾੜਦਿਆਂ, ਹਾਲ ਹੀ ਦੇ ਏ.ਆਰ.ਆਰ. ਵਿੱਚ ਖਰਚੇ ਦੇ ਅਨੁਮਾਨਾਂ ਨੂੰ ਜਾਣਬੁੱਝ ਕੇ ਘਟਾ ਕੇ ਪੇਸ਼ ਕੀਤਾ ਗਿਆ ਸੀ, ਜਿਸ ਦੇ ਨਤੀਜੇ ਵਜੋਂ ਟੈਰਿਫ ਵਿੱਚ ਗ਼ੈਰ-ਵਾਜਬ ਕਮੀ ਆਈ ਅਤੇ ਕਾਰਪੋਰੇਸ਼ਨ ਨੂੰ ਭਾਰੀ ਵਿੱਤੀ ਸੰਕਟ ਦਾ ਸਾਹਮਣਾ ਕਰਨਾ ਪਿਆ।

ਚਾਲੂ ਵਿੱਤੀ ਸਾਲ ਦੌਰਾਨ ਹੀ ਪੀ.ਐੱਸ.ਪੀ.ਸੀ.ਐੱਲ. ਨੂੰ ਆਪਣੀਆਂ ਅਸਲ ਖਰਚਾ ਜ਼ਰੂਰਤਾਂ ਦੇ ਮੁਕਾਬਲੇ ਲਗਪਗ 7,800 ਕਰੋੜ ਰੁਪਏ ਦੇ ਮਾਲੀਏ ਦੇ ਘਾਟੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਤੋਂ ਇਲਾਵਾ, ਗਰਮੀ ਦੇ ਸਿਖਰਲੇ ਸੀਜ਼ਨ ਦੌਰਾਨ, ਪੰਜਾਬ ਦੀ ਅੰਦਰੂਨੀ ਉਤਪਾਦਨ ਸਮਰੱਥਾ ਬਿਜਲੀ ਦੀ ਵਧਦੀ ਮੰਗ ਨਾਲੋਂ ਕਾਫ਼ੀ ਘੱਟ ਹੋ ਜਾਂਦੀ ਹੈ, ਜਿਸ ਕਾਰਨ ਪੀ.ਐੱਸ.ਪੀ.ਸੀ.ਐੱਲ. ਨੂੰ ਊਰਜਾ ਐਕਸਚੇਂਜਾਂ ਤੋਂ ਮਹਿੰਗੀ ਬਿਜਲੀ ਖਰੀਦਣ ਲਈ ਭਾਰੀ ਨਿਰਭਰ ਹੋਣਾ ਪੈਂਦਾ ਹੈ। ਐਸੋਸੀਏਸ਼ਨ ਦੇ ਜਨਰਲ ਸਕੱਤਰ ਅਜੈ ਪਲ ਸਿੰਘ ਅਟਵਾਲ ਨੇ ਪੱਤਰ ਵਿੱਚ ਅੱਗੇ ਦੱਸਿਆ ਹੈ ਕਿ ਅੰਤਰ-ਰਾਜ ਬਿਜਲੀ ਬੈਂਕਿੰਗ ਪ੍ਰਬੰਧਾਂ ਦੀ ਵਧਦੀ ਗ਼ੈਰ-ਭਰੋਸੇਯੋਗਤਾ ਕਾਰਨ ਇਹ ਕਮਜ਼ੋਰੀ ਹੋਰ ਵੀ ਵੱਧ ਜਾਂਦੀ ਹੈ। ਉਦਾਹਰਨ ਵਜੋਂ, ਹਿਮਾਚਲ ਪ੍ਰਦੇਸ਼ ਵਰਗੇ ਪਣ-ਬਿਜਲੀ ਨਾਲ ਭਰਪੂਰ ਰਾਜਾਂ ਨੇ ਪੰਜਾਬ ਨਾਲ ਬਿਜਲੀ ਬੈਂਕਿੰਗ ਕਰਨ ਦੀ ਬਜਾਏ ਗਰਮੀ ਦੇ ਪੀਕ ਮਹੀਨਿਆਂ ਦੌਰਾਨ ਓਪਨ-ਮਾਰਕੀਟ ਦੀਆਂ ਉੱਚੀਆਂ ਕੀਮਤਾਂ ਦਾ ਲਾਭ ਉਠਾਉਣ ਨੂੰ ਤਰਜੀਹ ਦਿੱਤੀ ਹੈ।

ਸਿੱਟੇ ਵਜੋਂ, ਮਾਰਕੀਟ-ਅਧਾਰਤ ਖਰੀਦ ਅਤੇ ਬੈਂਕਿੰਗ 'ਤੇ ਨਿਰਭਰਤਾ ਕੋਈ ਗਾਰੰਟੀਸ਼ੁਦਾ ਊਰਜਾ ਸੁਰੱਖਿਆ ਪ੍ਰਦਾਨ ਨਹੀਂ ਕਰਦੀ। ਜਦੋਂ ਤੱਕ ਪੰਜਾਬ ਗ਼ੈਰ-ਸੋਲਰ ਅਤੇ ਰਾਤ ਦੇ ਸਿਖਰਲੇ ਸਮੇਂ ਦੀ ਮੰਗ ਨੂੰ ਪੂਰਾ ਕਰਨ ਲਈ ਸਥਿਰ, ਚੌਵੀ ਘੰਟੇ (ਆਰ.ਟੀ.ਸੀ.) ਬੇਸ-ਲੋਡ ਬਿਜਲੀ ਨੂੰ ਸੁਰੱਖਿਅਤ ਕਰਨ ਵਾਸਤੇ ਆਪਣੀ ਰਾਜ-ਖੇਤਰ ਦੀ ਥਰਮਲ ਉਤਪਾਦਨ ਸਮਰੱਥਾ ਨੂੰ ਜਲਦੀ ਨਹੀਂ ਵਧਾਉਂਦਾ, ਤਦ ਤੱਕ ਸੂਬਾ ਹਰ ਗਰਮੀ ਵਿੱਚ ਬਿਜਲੀ ਦੀ ਭਾਰੀ ਘਾਟ ਦੇ ਚੱਕਰ ਵਿੱਚ ਫਸਿਆ ਰਹੇਗਾ।

ਪੰਜਾਬ ਆਪਣੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਰਾਜ ਤੋਂ ਬਾਹਰੋਂ ਖਰੀਦੀ ਜਾਣ ਵਾਲੀ ਬਿਜਲੀ ਅਤੇ ਪ੍ਰਾਈਵੇਟ ਮੁਨਾਫਾਖੋਰ ਆਈ.ਪੀ.ਪੀਜ਼ 'ਤੇ ਵੱਧ ਰਿਹਾ ਹੈ। ਪੱਤਰ ਵਿੱਚ ਕਿਹਾ ਗਿਆ ਹੈ ਕਿ ਬਿਜਲੀ ਦੀ ਉਪਲਬਧਤਾ ਅਤੇ ਮਾਰਕੀਟ ਕੀਮਤਾਂ ਵਿੱਚ ਅਨਿਸ਼ਚਿਤਤਾ ਦੇ ਸਾਹਮਣੇ ਆਉਣ ਤੋਂ ਇਲਾਵਾ, ਅਜਿਹੀ ਨਿਰਭਰਤਾ ਪੰਜਾਬ ਵਿੱਚੋਂ ਭਾਰੀ ਵਿੱਤੀ ਬਾਹਰ ਨਿਕਲਣ ਦਾ ਕਾਰਨ ਬਣਦੀ ਹੈ, ਕਿਉਂਕਿ ਪੰਜਾਬ ਅਤੇ ਹੋਰ ਰਾਜਾਂ ਵਿੱਚ ਪ੍ਰਾਈਵੇਟ ਉਤਪਾਦਨ ਕੰਪਨੀਆਂ ਨੂੰ ਬਿਜਲੀ ਦੀ ਖਰੀਦ ਲਈ ਭਾਰੀ ਰਕਮ ਅਦਾ ਕੀਤੀ ਜਾਂਦੀ ਹੈ।

ਰਾਜ ਤੋਂ ਬਾਹਰੋਂ ਖਰੀਦੀ ਜਾ ਰਹੀ ਬਿਜਲੀ ਦੀ ਮਾਤਰਾ ਅਤੇ ਇਸ ਨਾਲ ਜੁੜੇ ਵਿੱਤੀ ਬੋਝ ਦੀ ਤੁਰੰਤ ਨੀਤੀਗਤ ਸਮੀਖਿਆ ਦੀ ਲੋੜ ਹੈ। ਐਸੋਸੀਏਸ਼ਨ ਨੇ ਵੱਖ-ਵੱਖ ਪੱਤਰਾਂ ਅਤੇ ਸੰਚਾਰਾਂ ਰਾਹੀਂ ਇਸ ਮੁੱਦੇ ਨੂੰ ਵਾਰ-ਵਾਰ ਉਜਾਗਰ ਕੀਤਾ ਹੈ ਅਤੇ ਰਾਜ ਖੇਤਰ ਵਿੱਚ ਉਤਪਾਦਨ ਸਮਰੱਥਾ ਨੂੰ ਸਮੇਂ ਸਿਰ ਵਧਾਉਣ ਦਾ ਸੁਝਾਅ ਦਿੱਤਾ ਹੈ। ਐਸੋਸੀਏਸ਼ਨ ਨੇ ਅਪੀਲ ਕੀਤੀ ਹੈ ਕਿ ਉਤਪਾਦਨ ਸਮਰੱਥਾ ਨੂੰ ਵਧਾਉਣ ਨੂੰ ਤੁਰੰਤ ਅਤੇ ਗੰਭੀਰ ਰਣਨੀਤਕ ਤਰਜੀਹ ਵਜੋਂ ਲਿਆ ਜਾਵੇ ਅਤੇ ਪਾਵਰ ਕਾਰਪੋਰੇਸ਼ਨ ਨੂੰ ਤੁਰੰਤ ਆਧਾਰ 'ਤੇ ਹੇਠ ਲਿਖੇ ਉਤਪਾਦਨ ਪ੍ਰੋਜੈਕਟਾਂ ਨੂੰ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਜਾਣ।

# ਕੁਦਰਤੀ ਸਰੋਤਾਂ ਦੀ ਬਿਹਤਰ ਵਰਤੋਂ ਤੇ ਨਵੀਆਂ ਖੇਤੀ ਤਕਨੀਕਾਂ



ਪੰਜਾਬ ਦੀ ਅਜੋਕੀ ਖੇਤੀ ਕਈ ਚੁਣੌਤੀਆਂ ਨਾਲ ਜੂਝ ਰਹੀ ਹੈ। 1960 ਦੇ ਦਹਾਕੇ ਵਿੱਚ ਵੱਧ ਝਾੜ ਦੇਣ ਵਾਲੀਆਂ ਕਣਕ ਤੇ ਝੋਨੇ ਦੀਆਂ ਕਿਸਮਾਂ ਦੇ ਅਪਣਾਏ ਜਾਣ ਅਤੇ ਇਨ੍ਹਾਂ ਦੀ ਹੱਲਾਸ਼ੇਰੀ ਲਈ ਸਰਕਾਰੀ ਨੀਤੀਆਂ ਲਾਗੂ ਹੋਣ ਨਾਲ ਕਣਕ-ਝੋਨਾ ਸੂਬੇ ਦਾ ਪ੍ਰਮੁੱਖ ਫ਼ਸਲੀ ਚੱਕਰ ਬਣ ਗਿਆ ਹੈ। ਪੰਜਾਬ ਦੇ ਕਿਸਾਨਾਂ ਨੇ ਇਸ ਸਾਲ ਰਾਸ਼ਟਰੀ ਅਨਾਜ ਸੁਰੱਖਿਆ ਲਈ ਸ਼ਲਾਘਾਯੋਗ ਯੋਗਦਾਨ ਪਾਇਆ ਪਰ ਇਸ ਫ਼ਸਲੀ ਚੱਕਰ ਦੇ ਵੱਡੇ ਪੱਧਰ 'ਤੇ ਅਪਣਾਏ ਜਾਣ ਨਾਲ ਸੂਬੇ ਦੇ ਕੁਦਰਤੀ ਸਰੋਤਾਂ, ਖ਼ਾਸ ਕਰਕੇ ਪਾਣੀ ਅਤੇ ਭੂਮੀ ਸਿਹਤ 'ਤੇ ਬਹੁਤ ਬੋਝ ਪੈ ਰਿਹਾ ਹੈ। ਝੋਨੇ ਦੀ ਫ਼ਸਲ ਵੱਧ ਪਾਣੀ ਲੈਂਦੀ ਹੈ। ਹਾਲਾਂਕਿ ਇਹ ਪੰਜਾਬ ਦੀ ਪਰੰਪਰਾਗਤ ਫ਼ਸਲ ਨਹੀਂ ਸੀ ਪਰ ਇਸ ਹੇਠਾਂ ਰਕਬਾ ਜੋ 1960-61 ਵਿੱਚ 2.3 ਲੱਖ ਹੈਕਟੇਅਰ ਸੀ ਵਧ ਕੇ 2013-14 ਵਿੱਚ 28.5 ਲੱਖ ਹੈਕਟੇਅਰ ਹੋ ਗਿਆ। ਪਾਣੀ ਦੀ ਲੋੜ ਪੂਰੀ ਕਰਨ ਲਈ ਟਿਊਬਵੈਲ ਲਗਾਤਾਰ ਲੱਗਦੇ ਰਹੇ। ਹੁਣ ਸੂਬੇ ਵਿੱਚ ਕੁੱਲ 13.8 ਲੱਖ ਟਿਊਬਵੈਲ ਹਨ ਜੋ ਕਿ ਸਿੰਚਾਈ ਦੀ 73 ਫ਼ੀਸਦੀ ਲੋੜ ਪੂਰੀ ਕਰਦੇ ਹਨ। ਟਿਊਬਵੈਲਾਂ ਰਾਹੀਂ ਸਿੰਚਾਈ ਲਈ ਪਾਣੀ ਕੱਢੇ ਜਾਣ ਕਾਰਨ ਸੂਬੇ ਦੇ 70 ਫ਼ੀਸਦੀ ਰਕਬੇ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਡੂੰਘਾ ਹੋ ਰਿਹਾ ਹੈ। ਇਹ ਸਮੱਸਿਆ ਕੇਂਦਰੀ ਪੰਜਾਬ ਵਿੱਚ ਗੰਭੀਰ ਰੂਪ ਧਾਰਨ ਕਰ ਗਈ ਹੈ। ਸੂਬੇ ਵਿੱਚ 11 ਟਨ ਪ੍ਰਤੀ ਹੈਕਟੇਅਰ (6 ਟਨ ਜੀਰੀ +5 ਟਨ ਕਣਕ) ਪੈਦਾਵਾਰ ਲੈਣ ਲਈ ਖ਼ੁਰਾਕੀ ਤੱਤਾਂ ਦੀ ਵਧੇਰੇ ਵਰਤੋਂ ਕਰਨੀ ਪੈਂਦੀ ਹੈ। ਸਿੱਟੇ ਵਜੋਂ ਭੂਮੀ ਵਿੱਚ ਕਈ ਤਰ੍ਹਾਂ ਦੀਆਂ ਖ਼ੁਰਾਕੀ ਕਮੀਆਂ ਆ ਰਹੀਆਂ ਹਨ ਜਿਸ ਕਾਰਨ ਵੱਧ ਖਾਦਾਂ ਵਰਤਣ ਦੀ ਲੋੜ ਪੈ ਰਹੀ ਹੈ। ਖਾਦਾਂ ਦੀ ਬੇਹਿਸਾਬੀ ਵਰਤੋਂ ਖ਼ਾਸਕਰ ਨਾਈਟ੍ਰੋਜਨ ਖਾਦ 'ਤੇ ਵਧੇਰੇ ਨਿਰਭਰਤਾ ਨਾਲ ਭੂਮੀ ਸਿਹਤ 'ਤੇ ਮਾੜਾ ਅਸਰ ਪੈ ਰਿਹਾ ਹੈ। ਪੰਜਾਬ ਐਗਰੀਕਲਚਰ ਯੂਨੀਵਰਸਿਟੀ (ਪੀ.ਏ.ਯੂ.) ਨੇ ਕੁਦਰਤੀ ਸਰੋਤਾਂ ਦੀ ਸੁਚੱਜੀ ਵਰਤੋਂ ਕਰਨ ਦੇ ਮੰਤਵ ਨਾਲ ਪਾਣੀ ਬਚਾਓ ਅਤੇ ਖ਼ੁਰਾਕੀ ਤੱਤਾਂ ਦੀ ਯੋਗ ਵਰਤੋਂ ਲਈ ਕਈ ਸੁਧਰੀਆਂ ਤਕਨੀਕਾਂ ਵਿਕਸਿਤ ਕਰਨ 'ਤੇ ਜ਼ੋਰ ਦਿੱਤਾ ਹੈ। ਪੀ.ਏ.ਯੂ. ਵੱਲੋਂ ਕਈ ਤਰ੍ਹਾਂ ਦੀਆਂ ਤਕਨੀਕਾਂ ਜਿਵੇਂ ਕਿ ਲੇਜ਼ਰ ਲੈਂਡ ਲੈਵਲਰ, ਝੋਨੇ ਦੀ ਸਿੱਧੀ ਬਿਜਾਈ, ਲੋੜ ਮੁਤਾਬਿਕ ਸਿੰਜਾਈ ਕਰਨ ਲਈ ਟੈਂਸ਼ੀਓਮੀਟਰ ਅਤੇ ਨਾਈਟ੍ਰੋਜਨ ਖਾਦ ਦੀ ਵਰਤੋਂ ਲਈ ਪੱਤਾ ਰੰਗ ਚਾਰਟ ਆਦਿ ਤਕਨੀਕਾਂ ਵਿਕਸਤ ਕੀਤੀਆਂ ਗਈਆਂ ਹਨ। ਸੂਬੇ ਦਾ ਲਗਪਗ 14 ਲੱਖ ਹੈਕਟੇਅਰ ਰਕਬਾ ਲੇਜ਼ਰ ਲੈਂਡ ਲੈਵਲਰ ਨਾਲ ਪੱਧਰਾ ਕੀਤਾ ਗਿਆ ਹੈ। ਖੇਤੀ ਪਸਾਰ ਉਦਮਾਂ ਸਦਕਾ ਪੰਜਾਬ ਵਿੱਚ ਝੋਨੇ ਦੀ ਸਿੱਧੀ ਬਿਜਾਈ ਦੇ ਖੇਤਰ (ਅਜਫੀਕਤ) ਬਣ ਸਕੇ ਹਨ। ਖਰੀਫ 2014 ਵਿੱਚ ਝੋਨੇ ਦੀ ਸਿੱਧੀ ਬਿਜਾਈ ਰਾਹੀਂ ਲਗਪਗ 10 ਫ਼ੀਸਦੀ ਪਾਣੀ ਦੀ ਬੱਚਤ ਹੁੰਦੀ ਹੈ। ਸੂਬੇ ਦੀ ਸੇਮ ਵਾਲੀ ਜ਼ਮੀਨ ਵਾਲੇ ਮੁਕਤਸਰ ਜ਼ਿਲ੍ਹੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਦਾ ਲਗਪਗ 1.5 ਲੱਖ ਏਕੜ ਦਾ ਸਭ ਤੋਂ ਵੱਡਾ ਖ਼ਿੱਤਾ ਬਣ ਗਿਆ ਹੈ। ਪੀ.ਏ.ਯੂ. ਵੱਲੋਂ ਮੱਕੀ ਦੀ ਵੱਟਾਂ ਦੀ ਬਿਜਾਈ ਅਤੇ ਤੁਪਕਾ ਸਿੰਚਾਈ, ਆਲੂ ਦੀ ਫ਼ਸਲ ਵਿੱਚ ਪਰਾਲੀ ਦੀ ਮਲਚਿੰਗ ਆਦਿ ਤਕਨੀਕਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਪਾਣੀ ਦੀ ਬੱਚਤ ਕਰਨ ਵਾਲੀਆਂ ਇਨ੍ਹਾਂ ਤਕਨੀਕਾਂ ਦੀ ਵਰਤੋਂ ਕਰਨ ਅਤੇ ਪੰਜਾਬ ਪ੍ਰਜ਼ਰਵੇਸ਼ਨ ਆਫ਼ ਸਬ ਸੋਆਇਲ ਵਾਟਰ ਐਕਟ ਦੇ ਲਾਗੂ ਹੋਣ ਨਾਲ ਧਰਤੀ ਹੇਠਲੇ ਪਾਣੀ ਦੀ ਵਰਤੋਂ ਅਤੇ ਬਿਜਲੀ ਦੀ ਖ਼ਪਤ ਵਿੱਚ ਕਮੀ ਆਈ ਹੈ। ਪੱਤਾ ਰੰਗ ਚਾਰਟ ਦੀ ਵਰਤੋਂ ਜਿਸ ਦੀ ਕਿ ਪਹਿਲਾਂ ਝੋਨੇ ਵਿੱਚ ਵਰਤੋਂ ਦੀ ਸਿਫ਼ਾਰਸ਼ ਸੀ ਪਰ ਹੁਣ ਮੱਕੀ ਅਤੇ ਕਣਕ ਵਿੱਚ ਵੀ ਵਰਤਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਲੋੜ ਮੁਤਾਬਿਕ ਖਾਦ ਪਾਉਣ ਲਈ ਸਹਾਇਕ ਇਸ ਤਕਨੀਕ ਨਾਲ ਲਗਪਗ 15 ਫ਼ੀਸਦੀ ਨਾਈਟ੍ਰੋਜਨ ਖਾਦ ਦੀ ਬੱਚਤ ਹੁੰਦੀ ਹੈ। ਕਣਕ ਵਿੱਚ ਗੰਨੇ ਦੀ ਖੋਰੀ ਦੀ ਰਾਖ ਵਰਤਣ ਨਾਲ 50 ਫ਼ੀਸਦੀ ਫਾਸਫੋਰਸ ਦੀ ਬੱਚਤ ਹੁੰਦੀ ਹੈ ਅਤੇ ਇਸ ਤੋਂ ਬਾਅਦ ਬੀਜੇ ਝੋਨੇ (ਕੱਦੂ ਕੀਤੇ ਜਾਂ ਸਿੱਧੀ ਬਿਜਾਈ ਵਾਲੇ) ਵਿੱਚ ਫਾਸਫੋਰਸ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਮੂੰਗ-ਬੂਝ ਦੀ ਖੇਤੀ (ਬਕਫਰਤਜਰਣ) ਲਿਏ ਖਾਦ-ਤੁਪਕਾ ਸਿੰਚਾਈ (ਫਿਰਟਿਗੇਸ਼ਨ) ਵਰਤਣ ਦੀ ਤਕਨਾਲੋਜੀ ਮੋਹਰੀ ਰੂਪ ਵਿੱਚ ਆ ਰਹੀ ਹੈ। ਇਸ ਨਾਲ ਪਾਣੀ ਅਤੇ ਖ਼ੁਰਾਕੀ ਤੱਤ ਬੂਟੇ ਦੀ ਲੋੜ ਮੁਤਾਬਿਕ ਹੀ ਵਰਤੇ ਜਾਂਦੇ ਹਨ। ਪੀ.ਏ.ਯੂ. ਵੱਲੋਂ ਇਸ ਸਬੰਧੀ ਖੋਜ ਤਜਰਬੇ ਤੇਜ਼ ਕੀਤੇ ਗਏ ਹਨ। ਨਤੀਜੇ ਵਜੋਂ ਖ਼ੁਰਾਕੀ ਤੱਤਾਂ ਦੀ ਸੁਚੱਜੀ ਵਰਤੋਂ ਲਈ ਆਲੂ ਦੀ ਫ਼ਸਲ ਵਿੱਚ ਖਾਦ-ਤੁਪਕਾ ਸਿੰਚਾਈ ਦੀ ਸਿਫ਼ਾਰਸ਼ ਕੀਤੀ ਗਈ ਹੈ। ਅਜਿਹੀਆਂ ਸਿਫ਼ਾਰਸ਼ਾਂ ਅਮਰੂਦ, ਬਹਾਰ ਰੁੱਤੀ ਮੱਕੀ, ਕਣਕ, ਮਿਰਚਾਂ ਅਤੇ ਪਿਆਜ਼ ਵਿੱਚ ਵੀ ਕੀਤੀਆਂ ਗਈਆਂ ਹਨ। ਖਾਦ-ਤੁਪਕਾ ਸਿੰਚਾਈ ਨਾਲ 20-45 ਫ਼ੀਸਦੀ ਪਾਣੀ ਅਤੇ 20 ਫ਼ੀਸਦੀ ਨਾਈਟ੍ਰੋਜਨ ਖਾਦ ਬਚਦੀ ਹੈ। ਪੀ.ਏ.ਯੂ. ਵੱਲੋਂ ਵੱਖ ਵੱਖ ਜੈਵਿਕ ਖਾਦਾਂ ਜਿਵੇਂ ਕਿ ਰਾਈਜ਼ੋਬੀਅਮ (ਮਸਰ, ਅਰਹਰ, ਸੋਇਆਬੀਨ, ਮੂੰਗੀ, ਛੋਲੇ, ਮਟਰ), ਐਜ਼ੋਟੋਬੈਕਟਰ (ਗੰਨਾ) ਅਤੇ ਫਾਸਫੋਰਸ ਸੌਲੂਬਲਾਈਜ਼ਿੰਗ ਬੈਕਟੀਰੀਆ ਦੇ ਖੋਜ ਕਾਰਜ ਮਜ਼ਬੂਤ ਕੀਤੇ ਗਏ ਹਨ। ਇਨ੍ਹਾਂ ਦੇ ਉਤਪਾਦਨ ਅਤੇ ਵਰਤੋਂ ਨਾਲ ਰਸਾਇਣਿਕ ਖਾਦਾਂ 'ਤੇ ਨਿਰਭਰਤਾ ਘਟਾਉਣ ਵਿੱਚ ਮਦਦ ਮਿਲੇਗੀ ਜਿਸ ਨਾਲ ਭੂਮੀ ਸਿਹਤ ਵਿੱਚ ਸੁਧਾਰ ਆਏਗਾ। ਕਈ ਫ਼ਸਲਾਂ ਵਿੱਚ ਫਾਸਫੋਰਸ ਸੌਲੂਬਲਾਈਜ਼ਿੰਗ ਬੈਕਟੀਰੀਆ ਅਤੇ ਪਲਾਂਟ ਗਰੋਥ ਪ੍ਰੋਮੋਟਿੰਗ ਰਾਈਜ਼ੋਬੈਕਟੀਰੀਆ ਦੇ ਮਿਸ਼ਰਣ ਵਰਤਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਗੰਨੇ ਵਿੱਚ ਇਸ ਤਰ੍ਹਾਂ ਦੇ ਮਿਸ਼ਰਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਨ੍ਹਾਂ ਦੀ ਵਰਤੋਂ ਨਾਲ ਜਿੱਥੇ ਭੂਮੀ ਵਿੱਚ ਸੁਧਾਰ ਹੁੰਦਾ ਹੈ ਉੱਥੇ ਬੂਟਿਆਂ ਦੀ ਵਧੇਰੇ ਗਰੋਥ ਹੁੰਦੀ ਹੈ। ਪੀ.ਏ.ਯੂ. ਵੱਲੋਂ ਇਨ੍ਹਾਂ ਜੈਵਿਕ ਖਾਦਾਂ ਦਾ ਉਤਪਾਦਨ, ਜੋ 2010 ਵਿੱਚ 1 ਟਨ ਸੀ ਵਧ ਕੇ 2015 ਵਿੱਚ 2.5 ਟਨ ਕਰ ਦਿੱਤਾ ਹੈ।

ਪੰਜਾਬ ਵਿੱਚ ਪੈਦਾ ਹੁੰਦੀ 22 ਮਿਲੀਅਨ ਟਨ ਪਰਾਲੀ ਦਾ 80 ਫ਼ੀਸਦੀ ਹਿੱਸਾ ਅਤੇ ਕਣਕ ਦੇ ਨਾੜ ਦਾ ਕੁਝ ਹਿੱਸਾ ਖੇਤ ਵਿੱਚ ਹੀ ਸਾੜ ਦਿੱਤਾ ਜਾਂਦਾ ਹੈ। ਇਸ ਨਾਲ ਵਾਤਾਵਰਨ ਦੇ ਪ੍ਰਦੂਸ਼ਣ ਤੋਂ ਇਲਾਵਾ ਜ਼ਮੀਨ ਵਿੱਚ ਤੱਤਾਂ ਦੀ ਕਮੀ ਵੀ ਆਉਂਦੀ ਹੈ। ਪਰਾਲੀ ਸਾੜਨ ਨਾਲ ਸਾਰੇ ਦਾ ਸਾਰਾ ਜੈਵਿਕ ਕਾਰਬਨ, 80-90 ਫ਼ੀਸਦੀ ਨਾਈਟ੍ਰੋਜਨ ਅਤੇ ਗੰਧਕ, 40-50 ਫ਼ੀਸਦੀ ਲਘੂ ਤੱਤ (ਜਿਸਤ, ਲੋਹਾ ਅਤੇ ਮੈਂਗਨੀਜ਼) ਅਤੇ 10-20 ਫ਼ੀਸਦੀ ਪੋਟਾਸ਼ ਅਤੇ ਫਾਸਫੋਰਸ ਨਸ਼ਟ ਹੋ ਜਾਂਦੇ ਹਨ। ਤਪਸ਼ ਨਾਲ ਭੂਮੀ ਦੇ ਸੂਖ਼ਮ ਜੀਵਾਂ ਉੱਤੇ ਵੀ ਮਾੜਾ ਪ੍ਰਭਾਵ ਪੈਂਦਾ ਹੈ। ਪੀ.ਏ.ਯੂ. ਵੱਲੋਂ ਪਹਿਲਾਂ ਵਿਕਸਿਤ ਕੀਤੀ ਗਈ ਹੈਪੀ ਸੀਡਰ ਤਕਨਾਲੋਜੀ ਪਰਾਲੀ ਕਟਾਈ ਉਪਰੰਤ ਝੋਨੇ ਦੇ ਵੱਢ ਵਿੱਚ ਕਣਕ ਦੀ ਬਿਜਾਈ ਹੋ ਜਾਂਦੀ ਹੈ। ਹੈਪੀ ਸੀਡਰ ਤਕਨਾਲੋਜੀ ਕਈ ਖਿੱਤਿਆਂ 'ਚ ਤਾਂ ਅਪਣਾਈ ਜਾ ਰਹੀ ਹੈ ਪਰ ਅਜਿਹਾ ਉਮੀਦ ਤੋਂ ਘੱਟ ਹੋਇਆ ਹੈ। ਹੈਪੀ ਸੀਡਰ ਦੀ ਕਾਰਜ ਕੁਸ਼ਲਤਾ ਵਧਾਉਣ ਲਈ ਸਟਰਾਅ ਮੈਨੇਜਮੈਂਟ ਸਿਸਟਮ ਵਿਕਸਿਤ ਕੀਤਾ ਗਿਆ ਹੈ ਜਿਸ ਨਾਲ ਖੇਤ ਵਿੱਚ ਪਰਾਲੀ ਇਕਸਾਰ ਵਿੱਛ ਜਾਂਦੀ ਅਤੇ ਕਣਕ ਦੀ ਮਸ਼ੀਨ ਨਾਲ ਬਿਜਾਈ ਆਸਾਨ ਹੁੰਦੀ ਹੈ। ਉਮੀਦ ਹੈ ਕਿ ਇਨ੍ਹਾਂ ਦੋਹਾਂ ਮਸ਼ੀਨਾਂ ਦੀ ਵਰਤੋਂ ਰਾਹੀਂ ਹੈਪੀ ਸੀਡ ਟੈਕਨਾਲੋਜੀ ਸੂਬੇ ਵਿੱਚ ਪੱਕੇ ਪੈਰੀਂ ਪੌਂਗਰੇਗੀ ਅਤੇ ਫ਼ਸਲ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਮਿਲਾਉਣ ਵਿੱਚ ਸਹਾਈ ਹੋਵੇਗੀ। ਹੁਣ ਪੀ.ਏ.ਯੂ. ਵੱਲੋਂ ਪਰਾਲੀ ਨੂੰ ਕੁਤਰਾ ਕਰਨ ਲਈ ਇੱਕ ਚੌਪਰ ਮਸ਼ੀਨ ਵੀ ਵਿਕਸਤ ਕੀਤੀ ਗਈ ਹੈ। ਇਸ ਦੀ ਵਰਤੋਂ ਤੋਂ ਬਾਅਦ ਹੈਪੀ ਸੀਡਰ ਅਤੇ ਰੋਟਾਵੇਟਰ ਦੋਵਾਂ ਦੀ ਵਰਤੋਂ ਸੁਖਾਲੀ ਹੁੰਦੀ ਹੈ। ਖੇਤ ਵਿੱਚ ਹੀ ਪਰਾਲੀ ਨੂੰ ਸੂਖ਼ਮ ਜੀਵਾਂ (ਸੂਡੋਮੋਨਾਸ, ਅਸਪਰਜੀਲਸ, ਟਰਾਈਕੋਡਰਮਾ) ਦੇ ਮਿਸ਼ਰਣ ਵਰਤ ਕੇ ਗਲੂਣ ਦੀ ਤਕਨਾਲੋਜੀ ਨਾਲ ਤਜਰਬੇ ਕੀਤੇ ਜਾ ਰਹੇ ਹਨ ਅਤੇ ਇਸ ਤੋਂ ਚੰਗੇ ਨਤੀਜੇ ਪ੍ਰਾਪਤ ਹੋਏ ਹਨ। ਚਾਰ ਹਿੱਸੇ ਪਰਾਲੀ ਅਤੇ ਇੱਕ ਹਿੱਸਾ ਰੂੜੀ ਦਾ ਵਰਤ ਕੇ ਬਾਇਓ ਗੈਸ ਤਿਆਰ ਕਰਨ ਵਾਲਾ ਪਲਾਂਟ ਵਿਕਸਤ ਕੀਤਾ ਗਿਆ ਹੈ। ਪੀ.ਏ.ਯੂ. ਵੱਲੋਂ ਇਸ ਤਕਨਾਲੋਜੀ ਨੂੰ ਲੁਧਿਆਣਾ, ਪਟਿਆਲਾ (ਕ੍ਰਿਸ਼ੀ ਵਿਗਿਆਨ ਕੇਂਦਰ) ਅਤੇ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ ਕਿਸਾਨਾਂ ਦੀ ਜਾਣਕਾਰੀ ਲਈ ਪ੍ਰਦਰਸ਼ਤ ਕੀਤਾ ਜਾ ਰਿਹਾ ਹੈ।

ਸੂਬੇ ਦੇ ਦੱਖਣ ਪੱਛਮੀ ਖੇਤਰ ਵਿੱਚ ਧਰਤੀ ਹੇਠਲੇ ਪਾਣੀ ਮਾੜੇ ਹਨ ਜਿਸ ਨਾਲ ਭੂਮੀ ਵਿੱਚ ਖਾਰਾਪਨ ਆ ਜਾਂਦਾ ਹੈ ਅਤੇ ਕਈ ਇਲਾਕਿਆਂ ਵਿੱਚ ਸੇਮ ਦੀ ਸਮੱਸਿਆ ਆ ਰਹੀ ਹੈ। ਮਾੜੇ ਅਤੇ ਚੰਗੇ ਪਾਣੀਆਂ ਦੀ ਮਿਲਾ ਕੇ ਵਰਤੋਂ ਕਰਨ ਦੀ ਤਕਨਾਲੋਜੀ ਪਹਿਲਾਂ ਤੋਂ ਵਿਕਸਤ ਕੀਤੀ ਗਈ ਹੈ ਅਤੇ ਇਸ ਵਿੱਚ ਹੋਰ ਸੁਧਾਰ ਕੀਤਾ ਜਾ ਰਿਹਾ ਹੈ। ਇਸ ਸਮੱਸਿਆ ਦਾ ਟਾਕਰਾ ਕਰਨ ਵਾਲੀਆਂ ਕਣਕ ਅਤੇ ਝੋਨੇ ਦੀਆਂ ਕਿਸਮਾਂ ਦੀ ਪਛਾਣ ਕੀਤੀ ਗਈ ਹੈ। ਸੇਮ ਵਾਲੇ ਇਲਾਕਿਆਂ ਵਿੱਚ ਤੇਜ਼ੀ ਨਾਲ ਵਧਣ ਵਾਲੇ ਰੁੱਖਾਂ ਰਾਹੀਂ ਬਾਇਓ ਨਿਕਾਸ ਲਈ ਤਜਰਬੇ ਕੀਤੇ ਜਾ ਰਹੇ ਹਨ। ਜ਼ਿਲ੍ਹਾ ਮੁਕਤਸਰ ਵਿੱਚ ਸੇਮ ਦੇ ਬਾਇਓ ਨਿਕਾਸ ਲਈ ਸਫ਼ੈਦੇ ਦੀ ਵਰਤੋਂ ਬਾਰੇ ਖੋਜ ਤਜਰਬੇ ਸ਼ੁਰੂ ਕੀਤੇ ਗਏ ਹਨ। ਪ੍ਰਭਾਵਿਤ ਇਲਾਕਿਆਂ ਵਿੱਚ ਸੇਮ ਅਤੇ ਖਾਰੇ ਪਾਣੀਆਂ ਦਾ ਟਾਕਰਾ ਕਰਨ ਵਾਲੀ ਕਾਈ ਦੀ ਪਛਾਣ ਕੀਤੀ ਜਾ ਰਹੀ ਹੈ। ਟਮਾਟਰ, ਬੈਂਗਣ, ਸ਼ਿਮਲਾ ਮਿਰਚ ਅਤੇ ਖੀਰੇ ਦੀ ਕਾਸ਼ਤ ਵਾਸਤੇ ਪੌਲੀ ਨੈੱਟਹਾਊਸ ਤਕਨਾਲੋਜੀ ਵਿਕਸਿਤ ਅਤੇ ਸਿਫ਼ਾਰਸ਼ ਕੀਤੀ ਗਈ ਹੈ। ਇਸ ਨਾਲ ਸਬਜ਼ੀ ਦੀ ਲੰਮੇ ਸਮੇਂ ਤਕ ਤੁੜਾਈ ਹੋ ਸਕਦੀ ਹੈ ਅਤੇ ਕੀਟਨਾਸ਼ਕ ਰਸਾਇਣਾਂ ਤੋਂ ਮੁਕਤ ਵੱਧ ਝਾੜ ਅਤੇ ਵਧੀਆ ਗੁਣਵੱਤਾ ਵਾਲਾ ਝਾੜ ਮਿਲਦਾ ਹੈ। ਪੰਜਾਬ ਵਿੱਚ ਸਬਜ਼ੀਆਂ ਅਤੇ ਫੁੱਲਾਂ ਦੀ ਕਾਸ਼ਤ ਲਈ ਲਗਪਗ 1200 ਪੌਲੀਨੈੱਟ ਹਾਊਸ ਲੱਗ ਚੁੱਕੇ ਹਨ। ਪੀ.ਏ.ਯੂ. ਵੱਲੋਂ ਸਬਜ਼ੀਆਂ ਦੀ ਕਾਸ਼ਤ ਲਈ ਸੁਧਰਿਆ ਹੋਇਆ ਪੌਲੀਨੈੱਟ ਹਾਊਸ ਡਿਜ਼ਾਇਨ ਕੀਤਾ ਗਿਆ ਹੈ ਜਿਸ ਨੂੰ ਕਿ ਪੰਜਾਬ ਸਟੇਟ ਫਾਰਮਰਜ਼ ਕਮਿਸ਼ਨ ਵੱਲੋਂ ਕਿਸਾਨਾਂ ਨੂੰ ਸਬਸਿਡੀ ਦੇਣ ਦੇ ਮੰਤਵ ਲਈ ਅਪਣਾਇਆ ਗਿਆ ਹੈ। ਖੀਰੇ, ਟਮਾਟਰ ਅਤੇ ਸ਼ਿਮਲਾ ਮਿਰਚ ਦੀ ਘੱਟ ਪਾਣੀ ਅਤੇ ਖ਼ੁਰਾਕੀ ਤੱਤ ਵਰਤ ਕੇ ਵੱਧ ਝਾੜ ਲੈਣ ਲਈ ਘੱਟ ਖ਼ਰਚੀਲੀ ਮਾਧਿਅਮ-ਮੁਕਤ, ਹਾਈਡਰੋਪੋਨਿਕ ਤਕਨੀਕ ਵਿਕਸਿਤ ਕੀਤੀ ਗਈ ਹੈ। ਪੀ.ਏ.ਯੂ. ਵੱਲੋਂ ਵਿਕਸਿਤ ਤਕਨੀਕਾਂ ਨੂੰ ਅਪਣਾ ਕੇ ਬਹੁਮੁੱਲੇ ਕੁਦਰਤੀ ਸਰੋਤਾਂ ਦੀ ਸੁਚੱਜੀ ਵਰਤੋਂ ਕੁਝ ਹੱਦ ਤਕ ਕੀਤੀ ਜਾ ਰਹੀ ਹੈ, ਇਨ੍ਹਾਂ ਤਕਨੀਕਾਂ ਨੂੰ ਹੋਰ ਕਿਸਾਨਾਂ ਤਕ ਪਹੁੰਚਾਉਣ ਦੇ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਪੰਜਾਬ ਦੀ ਖੇਤੀ ਦੀ ਨਿਰੰਤਰ ਚੜ੍ਹਦੀ ਕਲਾ ਲਈ ਕੁਦਰਤੀ ਸਰੋਤਾਂ ਦੀ ਸੁਚੱਜੀ ਅਤੇ ਸੰਜਮ ਨਾਲ ਵਰਤੋਂ ਅਤਿ ਜ਼ਰੂਰੀ ਹੈ।

-ਡਾ. ਬਲਵਿੰਦਰ ਸਿੰਘ

# ਬੱਚਿਆਂ ਵਿੱਚ ਮੋਟਾਪੇ ਦੀ ਸਮੱਸਿਆ

**ਡਾ. ਹਰਚੰਦ ਸਿੰਘ ਸਰਹਿੰਦੀ**

ਭਾਰਤ ਸਰਕਾਰ ਵੱਲੋਂ ਕਰਵਾਏ ਗਏ ਇੱਕ ਸਰਵੇਖਣ ਅਨੁਸਾਰ 25 ਫ਼ੀਸਦੀ ਭਾਰਤੀ ਬੱਚੇ ਮੋਟਾਪੇ ਦਾ ਸ਼ਿਕਾਰ ਹਨ। ਖੋਜ ਦੇ ਅੰਕੜੇ ਦੱਸਦੇ ਹਨ ਕਿ ਅੱਸੀਵਿਆਂ ਅਤੇ ਨੱਬੇਵਿਆਂ ਦੇ ਬੱਚਿਆਂ ਦੇ ਮੁਕਾਬਲੇ ਅਜੋਕੇ ਸਮੇਂ 'ਚ ਬੱਚੇ ਜ਼ਿਆਦਾ ਭਾਰੇ ਹਨ। ਇਸ ਖੋਜ ਵਿੱਚ ਸ਼ਾਮਲ ਮਾਹਰ ਪਾਉਲੀਨ ਅਮਿਟ ਦਾ ਕਹਿਣਾ ਹੈ ਕਿ ਇਹ ਜ਼ਰੂਰੀ ਨਹੀਂ ਕਿ ਬੱਚਿਆਂ ਦਾ ਭਾਰ ਵਧੇਰੇ ਹੋਣ ਦਾ ਕਾਰਨ ਵਧੇਰੇ ਖਾਣਾ ਹੈ ਸਗੋਂ ਕਈ ਵਾਰ ਉਨ੍ਹਾਂ ਵੱਲੋਂ ਗਲਤ ਚੀਜ਼ਾਂ ਬਹੁਤੀਆਂ ਖਾ ਲੈਣਾ ਵੀ ਮੋਟਾਪੇ ਦਾ ਕਾਰਨ ਹੈ। ਦੂਜਾ, ਉਨ੍ਹਾਂ ਮੋਟਾਪੇ ਲਈ ਵਿਹਲੇ ਰਹਿਣ ਦੇ ਰੁਝਾਨ ਨੂੰ ਮਾੜੀ ਖ਼ੁਰਾਕ ਦੇ ਮੁਕਾਬਲੇ ਜ਼ਿਆਦਾ ਜ਼ਿੰਮੇਵਾਰ ਠਹਿਰਾਇਆ ਹੈ। ਬਚਪਨ ਅਤੇ ਕਿਸ਼ੋਰ ਅਵਸਥਾ ਵੇਲੇ ਦਾ ਮੋਟਾਪਾ ਜਿੱਥੇ ਬੱਚੇ ਦੀ ਸੁੰਦਰਤਾ ਨੂੰ ਗ੍ਰਹਿਣ ਲਗਾ ਦਿੰਦਾ ਹੈ, ਉੱਥੇ ਉਸ ਦੀ ਬਾਅਦ ਦੀ ਜ਼ਿੰਦਗੀ 'ਤੇ ਵੀ ਪਰਛਾਵਾਂ ਪਾਉਂਦਾ ਹੈ ਤੇ ਉਮਰ ਘਟਾਉਂਦਾ ਹੈ ਕਿਉਂਕਿ ਉਨ੍ਹਾਂ ਨੂੰ ਬਾਅਦ 'ਚ ਸ਼ੱਕਰ ਰੋਗ, ਦਿਲ ਦੀਆਂ ਬੀਮਾਰੀਆਂ, ਕੈਂਸਰ ਤੇ ਅਰਥਾਈਟਿਸ ਦਾ ਖ਼ਤਰਾ ਕਈ ਗੁਣਾਂ ਵਧ ਜਾਂਦਾ ਹੈ। ਅਮਰੀਕੀ ਖੋਜੀਆਂ ਅਨੁਸਾਰ ਜਿਹੜੇ ਵਿਅਕਤੀ ਬਚਪਨ ਅਤੇ ਕਿਸ਼ੋਰ ਅਵਸਥਾ ਦੌਰਾਨ ਜ਼ਿਆਦਾ ਭਾਰੇ ਹੁੰਦੇ ਹਨ, ਉਨ੍ਹਾਂ ਵਿੱਚ ਦਿਲ ਦੀਆਂ ਬੀਮਾਰੀਆਂ ਕਾਰਨ ਮੌਤ ਹੋ ਜਾਣ ਦੀਆਂ ਸੰਭਾਵਨਾਵਾਂ ਦੋ ਗੁਣਾਂ ਵਧ ਜਾਂਦੀਆਂ ਹਨ। ਦੂਜਾ, ਕਿਸ਼ੋਰ ਅਵਸਥਾ ਵੇਲੇ ਦੇ ਮੋਟਾਪੇ ਨਾਲ ਇੱਕ ਅਜੀਬ ਤੱਥ ਇਹ ਜੁੜਿਆ ਹੋਇਆ ਹੈ ਕਿ ਇਸ ਦਾ ਬਾਅਦ ਦੀ ਜ਼ਿੰਦਗੀ 'ਤੇ ਕਿਸੇ ਨਾ ਕਿਸੇ ਰੂਪ ਵਿੱਚ ਦੁਰਪ੍ਰਭਾਵ ਪੈਣਾ ਹੀ ਪੈਣਾ ਹੈ, ਚਾਹੇ ਬਾਲਗ ਹੋ ਜਾਣ 'ਤੇ ਸਬੰਧਤ ਵਿਅਕਤੀ ਓਨਾ ਭਾਰਾ ਨਾ ਵੀ ਰਹੇ।

ਪੀ.ਜੀ.ਆਈ. ਚੰਡੀਗੜ੍ਹ ਵਿਖੇ ਤਾਇਨਾਤ ਬੱਚਿਆਂ ਦੇ ਰੋਗਾਂ ਦੇ ਮਾਹਰ ਡਾ. ਬੀ.ਆਰ. ਥਾਪਾ ਵੱਲੋਂ ਸਾਲ 2009 ਅਤੇ 2010 ਦੌਰਾਨ ਕੀਤੇ ਖੋਜ ਦੇ ਕੰਮ ਤੋਂ ਇਹ ਤੱਥ ਉਭਰ ਕੇ ਸਾਹਮਣੇ ਆਇਆ ਹੈ ਕਿ ਬਚਪਨ ਤੇ ਕਿਸ਼ੋਰ ਉਮਰ ਦਾ ਮੋਟਾਪਾ, ਜਿਗਰ ਦੇ ਇੱਕ ਭਿਆਨਕ ਰੋਗ ਲਈ ਰਾਹ ਪੱਧਰਾ ਕਰਦਾ ਹੈ ਅਤੇ ਇਹ ਰੋਗ ਘਾਤਕ ਵੀ ਸਿੱਧ ਹੋ ਸਕਦਾ ਹੈ ਜਾਂ ਫਿਰ ਬਾਅਦ ਦੀ ਜ਼ਿੰਦਗੀ 'ਚ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਨੂੰ ਜਨਮ ਦੇ ਸਕਦਾ ਹੈ। ਇਸ ਖੋਜ ਦਾ ਕੰਮ ਪੀ.ਜੀ.ਆਈ. ਵਿਖੇ ਇਲਾਜ ਲਈ ਆਏ ਉੱਤਰੀ ਭਾਰਤ ਦੇ 64 ਮੋਟੇ ਬੱਚਿਆਂ, ਜਿਨ੍ਹਾਂ ਦੀ ਉਮਰ 5 ਅਤੇ 15 ਸਾਲਾਂ ਦੇ ਦਰਮਿਆਨ ਸੀ, 'ਤੇ ਆਧਾਰਿਤ ਹੈ। ਹਸਪਤਾਲ ਪਹੁੰਚਣ ਵੇਲੇ ਇਹ ਬੱਚੇ ਪੇਟ ਦਰਦ ਅਤੇ ਉਲਟੀਆਂ ਆਉਣ ਦੀ ਸ਼ਿਕਾਇਤ ਕਰ ਰਹੇ ਸਨ। ਜੇਕਰ ਇਸ ਰੋਗ ਨੂੰ ਸਮੇਂ ਸਿਰ ਕੰਟਰੋਲ ਨਾ ਕੀਤਾ ਜਾਵੇ ਤਾਂ ਬਾਲਗ ਉਮਰੇ ਮਰੀਜ਼ ਦੀ ਜਾਨ ਬਚਾਉਣ ਲਈ ਜਿਗਰ ਟਰਾਂਸਪਲਾਂਟ ਕਰਨ ਤੋਂ ਇਲਾਵਾ ਹੋਰ ਕੋਈ ਇਲਾਜ ਕਾਰਗਰ ਸਿੱਧ ਨਹੀਂ ਹੁੰਦਾ। ਯੂ.ਐੱਸ.ਏ. ਦੇ ਵਿਗਿਆਨੀਆਂ ਵੱਲੋਂ ਕੀਤੇ ਗਏ ਇੱਕ ਅਧਿਐਨ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਬਚਪਨ ਤੇ ਕਿਸ਼ੋਰ ਉਮਰੇ ਮੋਟਾਪੇ ਦੀ ਮਾਰ ਹੇਠ ਆਉਣ ਵਾਲੇ ਮਰਦਾਂ ਵਿੱਚ ਕੋਲਨ (ਵੱਡੀ ਆਂਦਰ ਦਾ ਹੇਠਲਾ ਭਾਗ) ਦਾ ਕੈਂਸਰ ਹੋਣ ਦਾ ਖ਼ਤਰਾ ਪੰਜ ਗੁਣਾ ਅਤੇ ਗਾਊਟ ਹੋਣ ਦਾ ਖ਼ਤਰਾ ਦੁੱਗਣਾ ਹੋ ਜਾਂਦਾ ਹੈ, ਜਦੋਂ ਕਿ ਔਰਤਾਂ ਵਿੱਚ ਆਰਥੇਰਾਈਟਿਸ ਹੋਣ ਦਾ ਖ਼ਤਰਾ 60 ਫ਼ੀਸਦੀ ਵਧ ਜਾਂਦਾ ਹੈ। ਬਚਪਨ ਤੇ ਕਿਸ਼ੋਰ ਅਵਸਥਾ ਵੇਲੇ ਹੀ ਚਰਬੀ ਨੂੰ ਸਾਂਭ ਕੇ ਰੱਖਣ ਵਾਲੇ ਸੈੱਲਜ਼ (ਫੈਟ ਸੈੱਲਜ਼) ਦੀ ਗਿਣਤੀ ਵਿੱਚ ਵਾਧਾ ਹੁੰਦਾ ਹੈ। ਜੀਵਨ ਦੇ ਇਸ ਕਾਲ ਦੌਰਾਨ ਮਾਪਿਆਂ ਵੱਲੋਂ ਵਾਧੂ ਖ਼ੁਰਾਕ ਦੀ ਭਰਤੀ ਰੱਖਣ ਨਾਲ ਬੱਚਿਆਂ ਦੇ ਫੈਟ ਸੈੱਲਜ਼ ਦੀ ਗਿਣਤੀ ਵਿੱਚ ਬੇਲੋੜਾ ਵਾਧਾ ਹੋ ਜਾਂਦਾ ਹੈ। ਫੈਟ ਸੈੱਲਜ਼ ਦੀ ਵਧੀ ਹੋਈ ਗਿਣਤੀ ਨੂੰ ਬਾਅਦ 'ਚ ਘਟਾਇਆ ਨਹੀਂ ਜਾ ਸਕਦਾ (ਖ਼ੁਰਾਕ 'ਤੇ ਰੋਕ ਲਾਉਣ ਤੇ ਕਸਰਤ ਕਰਨ ਨਾਲ ਕੇਵਲ ਸੈੱਲਜ਼ ਦਾ ਆਕਾਰ ਘਟਦਾ ਹੈ)। ਜ਼ਾਹਰ ਹੈ, ਮੋਟਾਪੇ ਦਾ ਹੋਣਾ ਬਚਪਨ ਵਿੱਚ ਹੀ ਤੈਅ ਹੋ ਜਾਂਦਾ ਹੈ। ਬੱਚੇ ਨੂੰ ਤੇਜ਼ੀ ਨਾਲ ਵਧਦਾ-ਫੁੱਲਦਾ ਵੇਖਣ ਲਈ ਮਾਪਿਆਂ ਵੱਲੋਂ ਉਸ ਨੂੰ ਲੋੜੋਂ ਵੱਧ ਖਵਾਉਣ ਨਾਲ ਬੱਚਾ ਮੋਟਾਪੇ ਦੇ ਰਾਹ ਪੈ ਜਾਂਦਾ ਹੈ ਅਤੇ ਫਿਰ ਵੱਡਾ ਹੋ ਕੇ ਇਸੇ ਰਾਹ 'ਤੇ ਤੁਰਿਆ ਜਾਂਦਾ ਹੈ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਬਚਪਨ ਤੇ ਕਿਸ਼ੋਰ ਅਵਸਥਾ ਵੇਲੇ ਦਾ ਮੋਟਾਪਾ ਸਿਹਤ ਲਈ ਇੱਕ ਅਹਿਮ ਖ਼ਤਰਾ ਹੈ ਪਰ ਬਹੁਤ ਮਾਪੇ ਬਚਪਨ ਦੇ ਮੋਟਾਪੇ ਨੂੰ ਬੱਚੇ ਦੀ ਸਿਹਤ ਦੀ ਨਿਸ਼ਾਨੀ ਸਮਝਦੇ ਹਨ ਅਤੇ ਉਹ ਆਪਣੇ ਬੱਚਿਆਂ ਨੂੰ ਲੋੜੋਂ ਵੱਧ ਖਵਾਉਣ ਵਿੱਚ ਮਾਨਸਿਕ ਤੇ ਸਮਾਜਿਕ ਪੱਖੋਂ ਵਾਧੂ ਤਸੱਲੀ ਲੈਂਦੇ ਹਨ। ਉਹ ਇਹ ਨਹੀਂ ਜਾਣਦੇ ਕਿ ਬਚਪਨ ਦਾ ਮੋਟਾਪਾ ਬੱਚੇ ਨੂੰ ਜੀਵਨ ਭਰ ਲਈ ਕਈ ਪੱਖਾਂ ਤੋਂ ਇੱਕ ਤਰ੍ਹਾਂ ਨਾਲ ਅਪਾਹਜ ਬਣਾ ਦਿੰਦਾ ਹੈ। ਜੇ ਗਹੁ ਨਾਲ ਵੇਖਿਆ ਜਾਵੇ ਤਾਂ ਬੱਚਿਆਂ ਦੇ ਮੋਟਾਪੇ ਲਈ ਜ਼ਿਆਦਾਤਰ ਮਾਪੇ ਹੀ ਕਸੂਰਵਾਰ ਹੁੰਦੇ ਹਨ, ਕਿਉਂਕਿ ਖਾਣ-ਪੀਣ ਦੇ ਮਾਮਲੇ ਵਿੱਚ ਜਿਹੋ ਜਿਹੇ ਮਾਪੇ ਹੁੰਦੇ ਹਨ, ਓਹੋ ਜਿਹੇ ਹੀ ਉਨ੍ਹਾਂ ਦੇ ਬੱਚੇ ਹੁੰਦੇ ਹਨ। ਇਹੀ ਕਾਰਨ ਹੈ ਕਿ ਜਿਹੜੇ ਮਾਪੇ ਸੰਜਮ ਨਾਲ ਖਾਂਦੇ ਹਨ, ਉਨ੍ਹਾਂ ਦੇ ਬੱਚੇ ਵੀ ਸੰਜਮੀ ਹੁੰਦੇ ਹਨ ਅਤੇ ਮੋਟਾਪੇ ਤੋਂ ਬਚੇ ਰਹਿੰਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਬੱਚਿਆਂ ਨੂੰ ਜ਼ਿਆਦਾ ਊਰਜਾ ਯੁਕਤ ਭੋਜਨ ਦੇਣ ਦੀ ਬਜਾਏ ਸਾਦਾ ਅਤੇ ਸੰਤੁਲਿਤ ਭੋਜਨ ਦਿੱਤਾ ਜਾਵੇ, ਜਿਸ ਵਿੱਚ ਦੁੱਧ, ਦਹੀਂ, ਮੱਖਣ, ਤਾਜ਼ਾ ਸਾਗ/ਸਬਜ਼ੀਆਂ ਤੇ ਮੌਸਮੀ ਫ਼ਲ ਸ਼ਾਮਲ ਹੋਣ।

# ਤੰਬਾਕੂ ਦੀ ਵਰਤੋਂ ਅਤੇ ਕੈਂਸਰ

**ਬੀ.ਐੱਸ. ਭੁੱਲਰ**



ਦੁਨੀਆਂ ਭਰ ਵਿੱਚ ਹਰ ਸਾਲ ਨਸ਼ਿਆਂ ਦੀ ਵਰਤੋਂ ਕਾਰਨ ਲੱਖਾਂ ਲੋਕਾਂ ਦੀ ਮੌਤ ਹੋ ਜਾਂਦੀ ਹੈ। ਸਦੀਆਂ ਤੋਂ ਵਰਤੇ ਜਾ ਰਹੇ ਤੰਬਾਕੂ, ਸ਼ਰਾਬ ਅਤੇ ਅਫ਼ੀਮ ਆਦਿ ਨਸ਼ਿਆਂ ਤੋਂ ਇਲਾਵਾ ਸਮੇਂ ਦੇ ਬਦਲਾਅ ਨਾਲ ਸਮੈਕ, ਕੋਕੀਨ ਅਤੇ ਡਰੱਗਜ਼ ਜਿਹੇ ਨਸ਼ੇ ਵੀ ਹੋਂਦ ਵਿੱਚ ਆ ਗਏ ਹਨ ਜਿਨ੍ਹਾਂ ਨੇ ਨੌਜਵਾਨਾਂ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਕਮਜ਼ੋਰ ਕਰ ਕੇ ਰੱਖ ਦਿੱਤਾ ਹੈ। ਤੰਬਾਕੂ ਨੂੰ ਬਹੁਤੇ ਲੋਕ ਨਸ਼ਾ ਹੀ ਨਹੀਂ ਮੰਨਦੇ। ਪੰਜਾਬ ਵਿੱਚ ਸਭ ਤੋਂ ਪਹਿਲਾਂ ਸਿੱਖ ਗੁਰੂਆਂ ਨੇ ਤੰਬਾਕੂ ਦਾ ਡਟਵਾਂ ਵਿਰੋਧ ਕਰਦਿਆਂ ਲੋਕਾਂ ਨੂੰ ਇਸ ਦੀ ਵਰਤੋਂ ਤੋਂ ਵਰਜਿਆ ਸੀ।

ਤੰਬਾਕੂ ਨੂੰ ਆਮ ਲੋਕ ਬਹੁਤਾ ਨੁਕਸਾਨਦਾਇਕ ਨਹੀਂ ਮੰਨਦੇ ਪਰ ਇਸਦੀ ਵਰਤੋਂ ਦੇ ਨਤੀਜੇ ਬਹੁਤ ਮਾੜੇ ਹਨ। ਅੱਜ ਦੁਨੀਆਂ ਵਿੱਚ ਫੈਲੀ ਕੈਂਸਰ ਦੀ ਭਿਆਨਕ ਬੀਮਾਰੀ ਲਈ ਭਾਵੇਂ ਕਈ ਕਾਰਨ ਜ਼ਿੰਮੇਵਾਰ ਹਨ ਪਰ ਇਸ ਪਿੱਛੇ ਸਭ ਤੋਂ ਵੱਡਾ ਕਾਰਨ ਤੰਬਾਕੂ ਦੀ ਵਰਤੋਂ ਹੈ। ਸੰਸਾਰ ਵਿੱਚ ਇਸ ਬੀਮਾਰੀ ਤੋਂ ਪੀੜਤ ਵਿਅਕਤੀਆਂ ਵਿੱਚੋਂ 60 ਫ਼ੀਸਦੀ ਲੋਕ ਤੰਬਾਕੂ ਕਾਰਨ ਇਸ ਦੀ ਲਪੇਟ ਵਿੱਚ ਆਏ ਹਨ। ਦੁਨੀਆਂ ਭਰ ਵਿੱਚ ਰੋਜ਼ਾਨਾ ਕਰੀਬ 29 ਕਰੋੜ ਸਿਗਰਟਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਦੀ ਵਰਤੋਂ ਨਾਲ ਮਨੁੱਖੀ ਫੇਫੜਿਆਂ 'ਤੇ ਹੋਣ ਵਾਲਾ ਸਿੱਧਾ ਮਾਰੂ ਅਸਰ ਕੈਂਸਰ ਪੈਦਾ ਕਰਦਾ ਹੈ। ਇਸ ਬੀਮਾਰੀ ਕਾਰਨ ਦੁਨੀਆਂ ਵਿੱਚ ਰੋਜ਼ਾਨਾ ਕਰੀਬ 15 ਹਜ਼ਾਰ ਵਿਅਕਤੀ ਅਤੇ ਹਰ ਸਾਲ 50 ਲੱਖ ਤੋਂ ਵੱਧ ਇਨਸਾਨੀ ਜ਼ਿੰਦਗੀਆਂ ਮੌਤ ਦੇ ਮੂੰਹ ਵਿੱਚ ਚਲੀਆਂ ਜਾਂਦੀਆਂ ਹਨ।

ਸਿੱਖ ਗੁਰੂਆਂ ਨੇ ਤੰਬਾਕੂ ਦੀ ਵਰਤੋਂ ਤੋਂ ਨਿਕਲਣ ਵਾਲੇ ਭਿਆਨਕ ਨਤੀਜਿਆਂ ਨੂੰ ਦੇਖਦਿਆਂ ਸੈਂਕੜੇ ਵਰ੍ਹੇ ਪਹਿਲਾਂ ਇਸ ਦੀ ਵਰਤੋਂ ਨਾ ਕਰਨ ਦੀਆਂ ਸਖ਼ਤ ਹਦਾਇਤਾਂ ਕੀਤੀਆਂ ਸਨ ਪਰ ਮੌਜੂਦਾ ਯੁੱਗ ਨੇ ਕਰੀਬ 90 ਕੁ ਸਾਲ ਪਹਿਲਾਂ ਇਸ ਨਸ਼ੇ ਦੇ ਮਾੜੇ ਅਸਰ ਨੂੰ ਭਾਂਪਦਿਆਂ ਇਸ ਦੀ ਵਰਤੋਂ ਰੋਕਣ ਦੇ ਯਤਨ ਆਰੰਭੇ ਹਨ। ਅਮਰੀਕਾ ਤੋਂ ਛਪਦੇ ਇੱਕ ਮੈਗਜ਼ੀਨ ਨੇ ਸੰਨ 1924 ਵਿੱਚ ਤੰਬਾਕੂ ਨੂੰ ਇਨਸਾਨੀ ਜ਼ਿੰਦਗੀ ਲਈ ਅਤਿ ਹਾਨੀਕਾਰਕ ਅਤੇ ਤਬਾਹਕੁੰਨ ਕਰਾਰ ਦਿੰਦਿਆਂ ਤੰਬਾਕੂ ਵਿਰੋਧੀ ਮੁਹਿੰਮ ਦਾ ਆਗਾਜ਼ ਕੀਤਾ ਸੀ। ਇਸ ਉਪਰੰਤ ਉੱਥੋਂ ਦੀਆਂ ਸਿਗਰਟ ਦਾ ਉਤਪਾਦਨ ਕਰਨ ਵਾਲੀਆਂ ਕੰਪਨੀਆਂ ਨੇ ਸਿਗਰਟਾਂ ਦੇ ਪੈਕੇਟ ਉਪਰ ਇਸ ਦੀ ਵਰਤੋਂ ਨਾਲ ਹੋਣ ਵਾਲੇ ਨੁਕਸਾਨ ਸਬੰਧੀ ਚਿਤਾਵਨੀ ਲਿਖਣੀ ਸ਼ੁਰੂ ਕਰ ਦਿੱਤੀ ਸੀ। ਇਸ ਮੁਹਿੰਮ ਦਾ ਭਾਗੀਦਾਰ ਬਣਦਿਆਂ ਇੰਗਲੈਂਡ ਨੇ ਸੰਨ 1965 ਵਿੱਚ ਟੈਲੀਵਿਜ਼ਨ ਤੋਂ ਸਿਗਰਟਾਂ ਜਾਂ ਹੋਰ ਤੰਬਾਕੂ ਵਸਤਾਂ ਦੀ ਇਸ਼ਤਿਹਾਰਬਾਜ਼ੀ 'ਤੇ ਪਾਬੰਦੀ ਲਗਾ ਦਿੱਤੀ ਸੀ। ਅੱਜ ਅਮਰੀਕਾ, ਕੈਨੇਡਾ, ਬ੍ਰਾਜ਼ੀਲ, ਇੰਗਲੈਂਡ, ਜਰਮਨ, ਜਪਾਨ, ਥਾਈਲੈਂਡ ਦੇ ਲੋਕ ਤੰਬਾਕੂ ਤੋਂ ਹੋਣ ਵਾਲੇ ਨੁਕਸਾਨ ਸਬੰਧੀ ਕਾਫ਼ੀ ਜਾਗਰਿਤ ਹੋ ਚੁੱਕੇ ਹਨ।

ਭਾਰਤ ਨੇ ਤੰਬਾਕੂ ਵਿਰੁੱਧ ਸ਼ੁਰੂ ਹੋਈ ਮੁਹਿੰਮ ਤੋਂ ਕਰੀਬ 76 ਸਾਲ ਬਾਅਦ ਦੇਸ਼ ਭਰ ਵਿੱਚ ਤੰਬਾਕੂ ਵਾਲੀਆਂ ਚੀਜ਼ਾਂ ਦੀ ਇਸ਼ਤਿਹਾਰਬਾਜੀ 'ਤੇ ਰੋਕ ਲਗਾਈ ਅਤੇ ਫਿਰ ਇਸ ਸਬੰਧੀ ਕਾਨੂੰਨ ਬਣਾਇਆ।

# ਬੀਬਾ ਪਰਿਵਾਰ ਦੀ ਪੰਜਾਬੀ ਲੋਕ ਗਾਇਕੀ ਨੂੰ ਦੇਣ

ਪੰਜਾਬੀ ਗਾਇਕੀ ਦੇ ਖੇਤਰ ਵਿੱਚ ਨਰਿੰਦਰ ਬੀਬਾ ਨੇ ਜਿੱਥੇ ਵਿਅਕਤੀਗਤ ਤੌਰ 'ਤੇ ਵਡਮੁੱਲਾ ਯੋਗਦਾਨ ਪਾਇਆ ਹੈ, ਉੱਥੇ ਉਸ ਦੇ ਪਰਿਵਾਰਕ ਮੈਂਬਰਾਂ ਦੀ ਵੀ ਇਸ ਖੇਤਰ ਵਿੱਚ ਦੇਣ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਬੀਬਾ ਦੀ ਪ੍ਰੇਰਨਾ ਅਤੇ ਅਗਵਾਈ ਅਧੀਨ ਛੋਟੇ ਭੈਣ-ਭਰਾਵਾਂ ਨੇ ਗਾਇਕੀ ਖੇਤਰ ਵਿੱਚ ਪ੍ਰਵੇਸ਼ ਕਰਕੇ ਆਪੋ-ਆਪਣੀ ਪਛਾਣ ਬਣਾਈ। ਭਰਾਵਾਂ ਫ਼ਕੀਰ ਸਿੰਘ ਫ਼ਕੀਰ, ਅਮੀਰ ਸਿੰਘ ਰਾਣਾ, ਰਣਬੀਰ ਸਿੰਘ ਰਾਣਾ ਅਤੇ ਭੈਣ ਸਤਿੰਦਰ ਬੀਬਾ ਦੀਆਂ ਆਵਾਜ਼ਾਂ ਵਿੱਚ ਕਾਫ਼ੀ ਸਾਰੀ ਰਿਕਾਰਡਿੰਗ ਮਿਲਦੀ ਹੈ। ਨਰਿੰਦਰ ਬੀਬਾ ਦੀ ਅਗਵਾਈ ਵਿੱਚ ਕਈ ਓਪੇਰਿਆਂ ਅਤੇ ਸਾਕਿਆਂ ਦੀ ਰਿਕਾਰਡਿੰਗ ਮਿਲਦੀ ਹੈ, ਜਿਨ੍ਹਾਂ ਵਿੱਚ ਉਸ ਦਾ ਸਾਥ ਕਈ ਕਲਾਕਾਰਾਂ ਨੇ ਦਿੱਤਾ ਹੈ। ਇਨ੍ਹਾਂ ਕਲਾਕਾਰਾਂ ਵਿੱਚ ਪਰਿਵਾਰ ਦੇ ਮੈਂਬਰ ਵੀ ਸ਼ਾਮਲ ਹਨ। ਪੰਜਾਬੀ ਗਾਇਕੀ ਵਿੱਚ ਓਪੇਰਿਆਂ ਦੀ ਰਿਕਾਰਡਿੰਗ ਦੀ ਸ਼ੁਰੂਆਤ ਨਰਿੰਦਰ ਬੀਬਾ ਦੇ ਗਰੁੱਪ ਨੇ ਹੀ ਕੀਤੀ। ਇਨ੍ਹਾਂ ਦੀ ਆਵਾਜ਼ ਵਿੱਚ ਹੀਰ-ਰਾਂਝਾ, ਮਿਰਜ਼ਾ-ਸਾਹਿਬਾਂ, ਸੋਹਣੀ-ਮਹੀਂਵਾਲ, ਸੱਸੀ-ਪੁੰਨੂੰ ਆਦਿ ਪ੍ਰੀਤ ਗਾਥਾਵਾਂ ਦੇ ਓਪੇਰੇ ਬਹੁਤ ਮਕਬੂਲ ਹੋਏ। ਧਾਰਮਿਕ ਸਾਕਿਆਂ ਵਿੱਚ ਸਾਕਾ ਸਰਹੰਦ, ਸਾਕਾ ਚਮਕੌਰ, ਸਾਕਾ ਚਾਂਦਨੀ ਚੌਕ ਆਦਿ ਸ਼ਾਮਲ ਹਨ। ਸਾਕਾ ਸਰਹੰਦ ਇੱਕ ਲਾਸਾਨੀ ਕਿਰਤ ਹੈ। ਜੀਵਨੀ ਭਗਤ ਰਵੀਦਾਸ ਵੀ ਇਸ ਗਰੁੱਪ ਦੀ ਲਾਜਵਾਬ ਰਚਨਾ ਹੈ। ਇਨ੍ਹਾਂ ਰਚਨਾਵਾਂ ਵਿੱਚ ਹੋਰਨਾਂ ਕਲਾਕਾਰਾਂ ਤੋਂ ਬਿਨਾਂ ਫ਼ਕੀਰ ਸਿੰਘ ਫ਼ਕੀਰ, ਅਮੀਰ ਸਿੰਘ ਰਾਣਾ, ਰਣਬੀਰ ਰਾਣਾ ਤੇ ਸਤਿੰਦਰ ਬੀਬਾ ਦੀਆਂ ਆਵਾਜ਼ਾਂ ਵੀ ਸ਼ਾਮਲ ਹਨ। ਇਨ੍ਹਾਂ ਗਰੁੱਪ ਕਿਰਤਾਂ ਤੋਂ ਇਲਾਵਾ ਇਨ੍ਹਾਂ ਪਰਵਾਰਿਕ ਮੈਂਬਰਾਂ ਦੀਆਂ ਆਵਾਜ਼ਾਂ ਵਿੱਚ ਹੋਰ ਵਿਅਕਤੀਗਤ ਰਿਕਾਰਡਿੰਗ ਵੀ ਮਿਲਦੀ ਹੈ ਜਿਸ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ।

ਫ਼ਕੀਰ ਸਿੰਘ ਫ਼ਕੀਰ: ਫ਼ਕੀਰ ਸਿੰਘ ਫ਼ਕੀਰ ਲੜੀ ਅਨੁਸਾਰ ਬੀਬਾ ਤੋਂ ਦੂਜੇ ਨੰਬਰ 'ਤੇ ਹੈ। ਪੜ੍ਹਾਈ ਕੋਈ ਬਹੁਤੀ ਨਹੀਂ ਕਰ ਸਕਿਆ, ਕੇਵਲ ਸੱਤ-ਅੱਠ ਜਮਾਤਾਂ ਤਕ ਹੀ ਪੜ੍ਹਿਆ। ਗਾਉਣ ਦਾ ਸ਼ੌਕ ਉਸ ਨੂੰ ਬਚਪਨ ਤੋਂ ਹੀ ਸੀ। ਵੱਡੀ ਭੈਣ ਨਰਿੰਦਰ ਬੀਬਾ ਤੋਂ ਉਸ ਨੇ ਗਾਇਕੀ ਦੇ ਗੁਰ ਸਿੱਖੇ। ਇਸ ਲੇਖੇ ਬੀਬਾ ਹੀ ਉਸ ਦੀ ਉਸਤਾਦ ਹੋਈ। 1965 ਵਿੱਚ ਉਸ ਦਾ ਪਹਿਲਾ ਗੀਤ ਦੋਗਾਣੇ ਰੂਪ ਵਿੱਚ ਬੀਬਾ ਨਾਲ ਰਿਕਾਰਡ ਹੋਇਆ ਜੋ ਬੜਾ ਚੱਲਿਆ। ਗੀਤ ਦੇ ਬੋਲ ਸਨ 'ਬੂਰੀ ਮੱਝ ਚੋ ਲੈ, ਬਹਿ ਜਾ ਨੀਂ ਥਾਪੀ ਮਾਰ ਕੇ'। ਸਾਰਾ ਸਮਾਂ ਉਹ ਬੀਬਾ ਦੇ ਗਰੁੱਪ ਨਾਲ ਹੀ ਸਹਾਇਕ ਕਲਾਕਾਰ ਵਜੋਂ ਸ਼ਾਮਲ ਰਿਹਾ ਹੈ। 1965 ਵਿੱਚ ਉਸ ਦਾ ਵਿਆਹ ਸਾਹਿਬ ਕੌਰ ਨਾਲ ਹੋਇਆ। ਉਸ ਦਾ ਆਪਣਾ ਟਰਾਂਸਪੋਰਟ ਦਾ ਕਾਰੋਬਾਰ ਹੈ। ਉਸ ਦੇ ਤਿੰਨ ਬੱਚਿਆਂ ਵਿੱਚੋਂ ਕੋਈ ਵੀ ਗਾਇਕੀ ਵੱਲ ਨਹੀਂ ਪਿਆ। ਨਰਿੰਦਰ ਬੀਬਾ ਨੇ ਇੱਕ ਮੁਲਾਕਾਤ ਦੌਰਾਨ ਕਿਹਾ ਸੀ ਕਿ ਮਰਦ ਗਾਇਕਾਂ ਵਿੱਚੋਂ ਉਸ ਨੂੰ ਸਭ ਤੋਂ ਵੱਧ ਸੰਤੁਸ਼ਟੀ ਫ਼ਕੀਰ ਨਾਲ ਗਾ ਕੇ ਮਿਲੀ। ਬੀਬਾ ਨਾਲ ਰਿਕਾਰਡ ਹੋਏ ਉਸ ਦੇ ਦੋਗਾਣਿਆਂ ਵਿੱਚੋਂ ਕੁਝ ਮੁਖੜੇ ਪੇਸ਼ ਹਨ-



× ਤੇਰੀ ਤੋਰ ਨੇ ਪੰਜਾਬੋ ਸਾਰੀ ਦੁਨੀਆਂ ਪੱਟੀ

× ਕੱਲਮ ਕੱਲੀ ਤੋੜਾਂ ਮੈਂ ਕਰੀਰਾਂ ਨਾਲੋਂ ਡੇਲੇ ਵੇ ਖੜ੍ਹਾ ਰਹਿ ਜ਼ਾਲਮਾਂ ਸਬੱਬੀਂ ਹੋ ਗਏ ਮੇਲੇ।

× ਨੀਂ ਮੁੱਲ ਕਰ ਚਰਖੀ ਦਾ, ਤੇਰੀ ਕੱਤਣੀ ਨਫ਼ੇ ਦੇ ਵਿੱਚ ਲੈਣੀ

× ਚੰਨਾ ਵੇ ਮੈਨੂੰ ਸੰਗ ਲੱਗਦੀ, ਤੈਨੂੰ ਹਾਕ ਨਾ ਗਲੀ ਦੇ ਵਿੱਚੋਂ ਮਾਰਾਂ

ਸਤਿੰਦਰ ਬੀਬਾ: ਫ਼ਕੀਰ ਸਿੰਘ ਫ਼ਕੀਰ ਤੋਂ ਛੋਟੀ ਸਤਿੰਦਰ ਬੀਬਾ ਦਾ ਜਨਮ 1944 ਵਿੱਚ ਹੋਇਆ। ਜਦੋਂ ਉਸ ਨੇ ਹੋਸ਼ ਸੰਭਾਲੀ ਤਾਂ ਦੇਸ਼ ਦੀ ਵੰਡ ਹੋ ਗਈ ਅਤੇ ਪਰਿਵਾਰ ਏਧਰ ਆ ਗਿਆ। ਸਕੂਲੀ ਪੜ੍ਹਾਈ ਦੌਰਾਨ ਉਸ ਦਾ ਰੁਝਾਨ ਗਾਇਕੀ ਵੱਲ ਵਧਦਾ ਗਿਆ। ਜਦੋਂ ਉਹ ਚੌਦਾਂ ਸਾਲ ਦੀ ਉਮਰ ਵਿੱਚ ਪਹੁੰਚੀ, ਉਸ ਵੇਲੇ ਤਕ ਨਰਿੰਦਰ ਬੀਬਾ ਰੇਡੀਓ ਤੋਂ ਗਾ ਆਈ ਸੀ। ਇਸ ਤਰ੍ਹਾਂ ਨਰਿੰਦਰ ਬੀਬਾ ਹੀ ਉਸ ਦਾ ਆਦਰਸ਼ ਬਣੀ। ਨਰਿੰਦਰ ਬੀਬਾ ਵਾਂਗ ਹੀ ਸਤਿੰਦਰ ਦੀ ਆਵਾਜ਼ ਬੁਲੰਦ ਤੇ ਸੁਰੀਲੀ ਸੀ। ਇਸ ਸਦਕਾ ਬੀਬਾ ਲਕਬ ਉਸ ਦੇ ਨਾਂ ਨਾਲ ਜੁੜ ਗਿਆ ਅਤੇ ਉਸ ਨੇ ਸਤਿੰਦਰ ਬੀਬਾ ਦੇ ਨਾਂ ਹੇਠ ਗਾਇਕੀ ਵਿੱਚ ਪ੍ਰਵੇਸ਼ ਕੀਤਾ। ਸਮੇਂ ਅਨੁਸਾਰ ਸਤਿੰਦਰ ਬੀਬਾ ਮਲਕੀਤ ਸਿੰਘ ਨਾਲ ਗ੍ਰਹਿਸਤ ਦੇ ਬੰਧਨਾਂ ਵਿੱਚ ਬੱਝ ਗਈ। ਮਲਕੀਤ ਸਿੰਘ ਨੇ ਆਪਣੀ ਕਲਾਕਾਰ ਪਤਨੀ ਨੂੰ ਭਰਪੂਰ ਸਹਿਯੋਗ ਦਿੱਤਾ। ਥੋੜ੍ਹੇ ਸਮੇਂ ਵਿੱਚ ਹੀ ਸਤਿੰਦਰ ਬੀਬਾ ਦੀ ਬੁਲੰਦ ਤੇ ਸੁਰੀਲੀ ਆਵਾਜ਼ ਦੇ ਚਰਚੇ ਚਾਰੇ ਪਾਸੇ ਹੋਣ ਲੱਗੇ। ਇਸ ਜੋੜੀ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ। ਮਿੱਠੀ ਸੁਰੀਲੀ ਆਵਾਜ਼ ਵਾਲੀ ਇਸ ਗਾਇਕਾ ਤੋਂ ਗਾਇਕੀ ਜਗਤ ਨੂੰ ਬਹੁਤ ਵੱਡੀਆਂ ਆਸਾਂ ਸਨ ਪਰ ਪਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਸਾਲ 1981 ਵਿੱਚ ਇੱਕ ਕਾਰ ਦੁਰਘਟਨਾ ਵਿੱਚ ਦੋਵਾਂ ਪਤੀ-ਪਤਨੀ ਦੀ ਮੌਤ ਹੋ ਗਈ। ਗਾਇਕੀ ਅੰਬਰ ਦਾ ਇਹ ਸਿਤਾਰਾ ਆਪਣੀ ਭਰਪੂਰ ਚਮਕ ਦਿਖਾਉਣ ਤੋਂ ਪਹਿਲਾਂ ਹੀ ਸਦਾ ਲਈ ਲੋਪ ਹੋ ਗਿਆ। ਸਤਿੰਦਰ ਬੀਬਾ ਨੇ ਜਿੱਥੇ ਸਾਕਿਆਂ ਅਤੇ ਓਪੇਰਿਆਂ ਵਿੱਚ ਦੂਜੇ ਕਲਾਕਾਰਾਂ ਦਾ ਸਾਥ ਨਿਭਾਇਆ, ਉੱਥੇ ਚੋਟੀ ਦੇ ਕਲਾਕਾਰਾਂ ਨਾਲ ਦੋਗਾਣੇ ਰਿਕਾਰਡ ਕਰਵਾ ਕੇ ਆਪਣੀ ਵੱਖਰੀ ਪਛਾਣ ਸਥਾਪਤ ਕੀਤੀ। ਦੀਦਾਰ ਸੰਧੂ, ਕੁਲਦੀਪ ਮਾਣਕ, ਸੀਤਲ ਸਿੰਘ ਸੀਤਲ, ਰਣਬੀਰ ਰਾਣਾ ਆਦਿ ਨਾਲ ਉਸ ਦੇ ਰਿਕਾਰਡ ਦੋਗਾਣੇ ਮਿਲਦੇ ਹਨ। ਕੁਲਦੀਪ ਮਾਣਕ ਨਾਲ ਕੁਝ ਸਮਾਂ ਉਸ ਦਾ ਸੈੱਟ ਵੀ ਰਿਹਾ। ਮਾਣਕ ਦੀ ਬੁਲੰਦ ਆਵਾਜ਼ ਨਾਲ ਮੜ੍ਹਿੱਕਦਿਆਂ ਉਸ ਨੇ ਯਾਦਗਾਰੀ ਦੋਗਾਣੇ ਗਾਇਕੀ ਜਗਤ ਦੀ ਝੋਲੀ ਪਾਏ ਹਨ। ਡਰਾਈਵਰਾਂ ਦੇ ਗੀਤਾਂ ਵਿੱਚ ਸੀਤਲ ਸਿੰਘ ਸੀਤਲ ਨਾਲ ਰਿਕਾਰਡ ਉਸ ਦਾ ਦੋਗਾਣਾ 'ਗੱਡੀ ਲੱਦ ਕਲਕੱਤੇ ਵੜਦਾ' ਇੱਕ ਮੀਲ ਪੱਥਰ ਹੈ। ਸਤਿੰਦਰ ਬੀਬਾ ਦੀ ਗਾਇਕੀ ਗਿਣਾਤਮਕ ਪੱਖੋਂ ਭਾਵੇਂ ਘੱਟ ਹੈ ਪਰ ਗੁਣਾਤਮਕ ਪੱਖੋਂ ਉੱਚ ਪਾਏ ਦੀ ਹੈ, ਜਿਸ ਸਦਕਾ ਗਾਇਕੀ ਇਤਿਹਾਸ ਵਿੱਚ ਉਸ ਦਾ ਨਾਂ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਂਦਾ ਰਹੇਗਾ।

ਅਮੀਰ ਰਾਣਾ: ਅਮੀਰ ਸਿੰਘ ਰਾਣਾ ਦਾ ਜਨਮ ਦੇਸ਼ ਵੰਡ ਵਾਲੇ ਸਾਲ ਭਾਵ 1947 ਦੀ 7 ਮਾਰਚ ਨੂੰ ਹੋਇਆ। ਦਸਵੀਂ ਜਮਾਤ ਤਕ ਪੜ੍ਹਾਈ ਕਰਨ ਤੋਂ ਬਾਅਦ ਉਹ ਗਾਇਕੀ ਵੱਲ ਪੈ ਗਿਆ। ਲੁਧਿਆਣੇ ਦੇ ਸੰਗੀਤ ਉਸਤਾਦ ਜਸਵੰਤ ਭੰਵਰਾ ਤੋਂ ਉਸ ਨੇ ਸੰਗੀਤ ਦੀ ਸਿੱਖਿਆ ਲਈ। ਆਪਣੀ ਵੱਡੀ ਭੈਣ ਨਰਿੰਦਰ ਬੀਬਾ ਤੋਂ ਵੀ ਸੰਗੀਤ ਦੀਆਂ ਬਰੀਕੀਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਹੌਲੀ-ਹੌਲੀ ਘਰ ਦੇ ਗਰੁੱਪ ਵਿੱਚ ਸਾਥ ਦੇਣ ਲੱਗ ਪਿਆ। ਰੇਡੀਓ 'ਤੇ ਉਹ ਸਕੂਲ ਪੜ੍ਹਦੇ ਸਮੇਂ 1960 ਵਿੱਚ ਹੀ ਗਾ ਆਇਆ ਸੀ। ਉਸ ਦੀ ਜ਼ਿਆਦਾਤਰ ਰਿਕਾਰਡਿੰਗ ਨਰਿੰਦਰ ਬੀਬਾ ਨਾਲ ਹੀ ਮਿਲਦੀ ਹੈ। ਦੂਜੀ ਭੈਣ ਸਤਿੰਦਰ ਬੀਬਾ ਨਾਲ ਵੀ ਉਸ ਨੇ ਗਾਇਆ ਹੈ। ਉਸ ਨੇ ਨਰਿੰਦਰ ਬੀਬਾ ਦੇ ਗਰੁੱਪ ਨਾਲ ਇੰਗਲੈਂਡ, ਕੈਨੇਡਾ, ਅਮਰੀਕਾ, ਜਰਮਨ ਤੋਂ ਇਲਾਵਾ ਸਾਊਦੀ ਅਰਬ ਤੇ ਹੋਰ ਬਾਹਰਲੇ ਮੁਲਕਾਂ ਵਿੱਚ ਪ੍ਰੋਗਰਾਮ ਪੇਸ਼ ਕੀਤੇ ਹਨ। 1970 ਵਿੱਚ ਉਸ ਦਾ ਵਿਆਹ ਹਰਕੀਰਤ ਕੌਰ ਨਾਲ ਹੋਇਆ। ਇਨ੍ਹਾਂ ਦੇ ਪੰਜ ਬੱਚੇ ਹਨ। ਅਮੀਰ ਰਾਣਾ ਨੇ ਸਾਕਾ ਸਰਹੰਦ, ਭਗਤ ਰਵੀਦਾਸ, ਸੋਹਣੀ-ਮਹੀਂਵਾਲ, ਮਿਰਜ਼ਾ-ਸਾਹਿਬਾਂ ਆਦਿ ਓਪੇਰਿਆਂ ਅਤੇ ਸਾਕਿਆਂ ਵਿੱਚ ਆਪਣੀ ਆਵਾਜ਼ ਦਿੱਤੀ ਹੈ। ਇਨ੍ਹਾਂ ਤੋਂ ਇਲਾਵਾ ਉਸ ਦੇ ਨਰਿੰਦਰ ਬੀਬਾ ਨਾਲ ਗਾਏ ਕੁਝ ਦੋਗਾਣਿਆਂ ਦੇ ਮੁਖੜੇ ਇਸ ਪ੍ਰਕਾਰ ਹਨ:

× ਕਾਹਦੀ ਕੱਤੇ ਵਿੱਚ ਆਈ ਮੁਕਲਾਵੇ

× ਨੀਂ ਪਿੰਡ 'ਚ ਦੁਹਾਈ ਮੱਚ ਜਾਏ, ਜਦੋਂ ਮੇਲੇ ਤੋਂ ਪਰਤ ਕੇ ਆਵੇਂ

× ਮੈਨੂੰ ਸਾਲ ਸੋਲ੍ਹਵਾਂ ਚੜ੍ਹਿਆ

× ਰਾਂਝੇ ਮੱਝੀਆਂ ਚਾਰੀਆਂ

ਅੱਜ-ਕੱਲ੍ਹ ਅਮੀਰ ਸਿੰਘ ਲੁਧਿਆਣਾ ਕਚਹਿਰੀਆਂ ਵਿਖੇ ਵਸੀਕਾ-ਨਵੀਸੀ ਕਰਦਾ ਹੈ। ਉਸ ਦਾ ਪੁੱਤ ਰਾਣਾ ਤੇਜਵੀਰ ਸਿੰਘ ਵੀ ਗਾਇਕੀ ਦਾ ਸ਼ੌਕ ਰੱਖਦਾ ਹੈ। ਅਮੀਰ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਥਕ ਗੀਤਕਾਰ ਵਜੋਂ ਸਨਮਾਨਿਆ ਜਾ ਚੁੱਕਾ ਹੈ ਅਤੇ ਉਸ ਨੂੰ ਚਰਨ ਸਿੰਘ ਸਫ਼ਰੀ ਐਵਾਰਡ ਜਨਵਰੀ 2013 ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਰਣਬੀਰ ਰਾਣਾ:ਰਣਬੀਰ ਰਾਣਾ ਨੂੰ ਬਚਪਨ ਤੋਂ ਹੀ ਆਪਣੇ ਪਰਿਵਾਰਕ ਮੈਂਬਰਾਂ ਨੂੰ ਗਾਉਂਦਿਆਂ ਸੁਣ-ਸੁਣ ਕੇ ਗਾਇਕੀ ਦੀ ਲਗਨ ਲੱਗ ਗਈ। ਦੇਸ਼ ਵੰਡ ਤੋਂ ਦੋ ਸਾਲ ਬਾਅਦ ਜਨਮੇ ਰਾਣੇ ਦੀ ਮੁੱਖ ਰੂਪ ਵਿੱਚ ਵੱਡੀ ਭੈਣ ਨਰਿੰਦਰ ਬੀਬਾ ਹੀ ਪ੍ਰੇਰਨਾ ਸਰੋਤ ਬਣੀ। ਉਸ ਨੇ ਓਪੇਰਿਆਂ ਅਤੇ ਸਾਕਿਆਂ ਵਿੱਚ ਆਪਣੇ ਪਰਿਵਾਰਕ ਮੈਂਬਰਾਂ ਦਾ ਸਾਥ ਨਿਭਾਇਆ। ਸਾਕਾ ਸਰਹੰਦ, ਸਾਕਾ ਚਮਕੌਰ ਅਤੇ ਸਾਕਾ ਚਾਂਦਨੀ ਚੌਕ ਤੋਂ ਇਲਾਵਾ ਏਕਤਾ ਦਾ ਪੁਜਾਰੀ (ਭਗਤ ਰਵੀਦਾਸ) ਹਿੱਸਾ ਪਹਿਲਾ ਤੇ ਦੂਜਾ, ਮਿਰਜ਼ਾ-ਸਾਹਿਬਾਂ, ਸੱਸੀ-ਪੁੰਨੂੰ, ਸੋਹਣੀ-ਮਹੀਂਵਾਲ, ਹੀਰ-ਰਾਂਝਾ ਆਦਿ ਵਿੱਚ ਉਸ ਦੀ ਆਵਾਜ਼ ਗੂੰਜਦੀ ਹੈ। ਰਣਬੀਰ ਰਾਣਾ ਨੇ ਇੰਗਲੈਂਡ, ਅਮਰੀਕਾ, ਕੈਨੇਡਾ, ਜਰਮਨ, ਮਲਾਇਆ, ਸਿੰਗਾਪੁਰ ਤੋਂ ਇਲਾਵਾ ਅਰਬ ਦੇਸ਼ਾਂ ਦੇ ਕਈ ਚੱਕਰ ਆਪਣੇ ਗਰੁੱਪ ਨਾਲ ਲਾਏ। ਬਾਅਦ ਵਿੱਚ ਉਹ ਪੱਕੇ ਤੌਰ 'ਤੇ ਪਰਿਵਾਰ ਸਮੇਤ ਕੈਨੇਡਾ ਵਸ ਗਿਆ। ਉਸ ਦੀ ਵਿਰਾਸਤ ਨੂੰ ਅੱਗੇ ਤੋਰ ਰਿਹਾ ਹੈ ਉਸ ਦਾ ਪੁੱਤਰ ਸੁਖਵੀਰ ਰਾਣਾ। ਓਪੇਰਿਆਂ ਅਤੇ ਸਾਕਿਆਂ ਤੋਂ ਇਲਾਵਾ ਰਣਬੀਰ ਰਾਣੇ ਦੀ ਬਹੁਤ ਸਾਰੀ ਰਿਕਾਰਡਿੰਗ ਦੋਗਾਣਿਆਂ ਦੇ ਰੂਪ ਵਿੱਚ ਮਿਲਦੀ ਹੈ, ਜਿਨ੍ਹਾਂ ਵਿੱਚ ਉਸ ਦਾ ਸਾਥ ਨਰਿੰਦਰ ਬੀਬਾ ਨੇ ਨਿਭਾਇਆ ਹੈ।

# ਸਿਹਤ ਲਈ ਲਾਭਕਾਰੀ ਹੈ ਆਲੂ



ਆਲੂ ਨੂੰ ਅਕਸਰ ਸਸਤਾ ਤੇ ਸਿਹਤ ਲਈ ਨੁਕਸਾਨਦਾਇਕ ਖਾਧ ਪਦਾਰਥ ਮੰਨਿਆ ਜਾਂਦਾ ਹੈ ਪਰ ਸ਼ਾਇਦ ਤੁਸੀਂ ਨਹੀਂ ਜਾਣਦੇ ਕਿ ਆਲੂ ਵਿਚ ਕਿੰਨੇ ਪੋਸ਼ਕ ਤੱਤ ਮੌਜੂਦ ਹੁੰਦੇ ਹਨ । ਇਹ ਵਿਟਾਮਿਨ ਸੀ, ਵਿਟਾਮਿਨ ਬੀ-6, ਕਾਪਰ, ਪੋਟਾਸ਼ੀਅਮ, ਮੈਗਨੀਜ਼ ਅਤੇ ਰੇਸ਼ੇ ਦਾ ਮਹੱਤਵਪੂਰਨ ਸਰੋਤ ਹੈ ।

ਇਸ ਵਿਚ ਮੌਜੂਦ ਪੋਸ਼ਕ ਤੱਤ ਕੁਦਰਤੀ ਐਂਟੀਆਕਸੀਡੈਂਟ ਹੁੰਦੇ ਹਨ । ਇਸ ਵਿਚ ਮਨੁੱਖੀ ਸਰੀਰ ਨੂੰ ਤੰਦਰੁਸਤ ਕਰਨ ਵਾਲੇ ਮਹੱਤਵਪੂਰਨ ਯੌਗਿਕ ਜਿਵੇਂ-ਕੈਰੋਟੋਨਾਪਡਸ, ਫਲੇਵੋਨਾਈਡਸ, ਕੈਫੇਕ ਐਸਿਡ ਅਤੇ ਪ੍ਰੋਟੀਨ ਨੂੰ ਇਕੱਠੇ ਕਰਨ ਵਾਲੇ ਯੋਗਿਕ ਜਿਵੇਂ ਪੋਇਆਟਿਨ ਭਰਪੂਰ ਮਾਤਰਾ ਵਿਚ ਹੁੰਦੇ ਹਨ । ਇਹ ਸਾਡੇ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਤਾਕਤ ਨੂੰ ਵਧਾਉਣ ਵਿਚ ਸਹਾਇਕ ਸਿੱਧ ਹੁੰਦੇ ਹਨ ।

ਇਨ੍ਹਾਂ ਵਿਚ ਖ਼ੂਨ ਦਬਾਅ ਘੱਟ ਕਰਨ ਵਾਲਾ ਤੱਤ ਜਿਵੇਂ ਕਿਉਕੋਮਾਈਨਸ ਵੀ ਮੌਜੂਦ ਹੁੰਦਾ ਹੈ । ਜੋ ਲੋਕ ਆਪਣਾ ਵਜ਼ਨ ਘੱਟ ਕਰਨਾ ਚਾਹੁੰਦੇ ਹਨ, ਪਹਿਲਾਂ ਉਨ੍ਹਾਂ ਨੂੰ ਆਲੂ ਦਾ ਸੇਵਨ ਨਾ ਕਰਨ ਦੀ ਸਲਾਹ ਦਿੱਤੀ ਜਾਂਦੀ ਸੀ ਪਰ ਹੁਣ ਇਹ ਸਹੀ ਨਹੀਂ ਹੈ । ਭੋਜਨ ਮਾਹਿਰਾਂ ਅਨੁਸਾਰ ਇਸ ਵਿਚ ਕੈਲੋਰੀ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ ਜਦੋਂ ਕਿ ਕਾਰਬੋਹਾਈਡ੍ਰੇਟਸ ਇਸ ਵਿਚ ਉੱਚ ਮਾਤਰਾ ਵਿਚ ਪਾਇਆ ਜਾਂਦਾ ਹੈ ਪਰ ਜਦੋਂ ਅਸੀਂ ਇਸ ਨੂੰ ਪਕਾਉਂਦੇ ਸਮੇਂ ਖਾਂਦੇ ਹਾਂ ਤਾਂ ਇਸ ਵਿਚੋਂ ਪੋਸ਼ਕ ਤੱਤ ਨਸ਼ਟ ਹੋ ਜਾਂਦੇ ਹਨ ।

ਜੇਕਰ ਇਸ ਨੂੰ ਪਕਾਉਣ ਦੇ ਢੰਗ ਵਿਚ ਬਦਲਾਅ ਲਿਆਂਦਾ ਜਾਵੇ ਤਾਂ ਅਸੀਂ ਇਸ ਵਿਚੋਂ ਲਾਭ ਲੈ ਸਕਦੇ ਹਾਂ ਜਿਵੇਂ ਤਲਣ ਦੀ ਬਜਾਏ ਜੇਕਰ ਇਸ ਨੂੰ ਉਬਾਲ ਕੇ ਵੱਖ-ਵੱਖ ਰੂਪਾਂ ਵਿਚ ਪ੍ਰਯੋਗ ਕੀਤਾ ਜਾਵੇ ਤਾਂ ਚੰਗਾ ਹੋਵੇਗਾ । ਉੱਬਲੇ ਹੋਏ ਆਲੂਆਂ ਤੋਂ ਤੁਸੀਂ ਆਲੂ ਦੀ ਚਾਟ ਤਿਆਰ ਕਰ ਸਕਦੇ ਹੋ ਜਾਂ ਫਿਰ ਇਨ੍ਹਾਂ ਨੂੰ ਉਬਲੇ ਹੋਏ ਛੋਲਿਆਂ ਵਿਚ ਮਿਲਾ ਕੇ ਖਾ ਸਕਦੇ ਹੋ । ਇਸ ਦੇ ਇਲਾਵਾ ਇਨ੍ਹਾਂ ਵਿਚ ਮੁਰਮੁਰੇ ਵੀ ਉੱਬਲੇ ਹੋਏ ਪਾ ਕੇ ਖਾਧਾ ਜਾਂਦਾ ਹੈ ।

ਜੇਕਰ ਤੁਸੀਂ ਆਲੂ ਦਾ ਪਰਾਠਾ ਖਾਣ ਦੇ ਸ਼ੌਕੀਨ ਹੋ ਤਾਂ ਇਸ ਵਿਚ ਹੋਰ ਸਬਜ਼ੀਆਂ ਮਿਲਾ ਕੇ ਪਰਾਠਾ ਬਣਾਓ । ਇਹ ਸਿਹਤਮੰਦ ਵੀ ਹੋਵੇਗਾ ਤੇ ਸਵਾਦੀ ਵੀ । ਨਾਲ ਹੀ ਆਲੂਆਂ ਦੇ ਪੋਸ਼ਕ ਤੱਤਾਂ ਨੂੰ ਨਸ਼ਟ ਹੋਣ ਤੋਂ ਬਚਾਉਣ ਲਈ ਤੁਸੀਂ ਇਨ੍ਹਾਂ ਨੂੰ ਭੋਜਨ ਵਿਚ ਛੇਕ ਕਰਕੇ ਵੀ ਖਾ ਸਕਦੇ ਹੋ । ਮਿੱਠੇ ਆਲੂਆਂ ਨੂੰ ਅਕਸਰ ਗ੍ਰਹਿਣੀਆਂ ਪਸੰਦ ਨਹੀਂ ਕਰਦੀਆਂ । ਸ਼ਾਇਦ ਅਜਿਹਾ ਉਹ ਇਸ ਦੇ ਸਵਾਦ ਕਰਕੇ ਕਰਦੀਆਂ ਹਨ । ਜੇਕਰ ਤੁਸੀਂ ਵੀ ਇਸ ਤਰ੍ਹਾਂ ਕਰਦੇ ਹੋ ਤਾਂ ਧਿਆਨ ਦਿਓ ਕਿ ਮਿੱਠੇ ਆਲੂ ਵੀ ਪੋਟਾਸ਼ੀਅਮ, ਰੇਸ਼ੇ ਤੇ ਕੈਰੋਟੇਨਾਈਡਸ ਦੇ ਚੰਗੇ ਸਰੋਤ ਹਨ । ਇਸ ਵਿਚ ਭਰਪੂਰ ਮਾਤਰਾ ਵਿਚ ਐਂਟੀਆਕਸੀਡੈਂਟ ਹੁੰਦੇ ਹਨ । ਇਨ੍ਹਾਂ ਵਿਚੋਂ ਵੀ ਸਾਧਾਰਨ ਆਲੂਆਂ ਦੀ ਤਰ੍ਹਾਂ ਆਇਰਨ, ਵਿਟਾਮਿਨ-ਏ, ਸੀ, ਮੈਂਗਨੀਜ਼, ਕਾਪਰ ਤੇ ਰੇਸ਼ਾ ਭਰਪੂਰ ਮਾਤਰਾ ਵਿਚ ਪਾਇਆ ਜਾਂਦਾ ਹੈ । ਨਾਲ ਹੀ ਇਹ ਊਰਜਾ ਨੂੰ ਵਧਾਉਣ ਵਿਚ ਵੀ ਸਹਾਇਕ ਹਨ ।

-ਭਾਸ਼ਣਾ ਬਾਂਸਲ

# ਤਣਾਅ ਨੂੰ ਕਹੋ ਅਲਵਿਦਾ

ਅੱਜ ਦੀ ਇਸ ਭੱਜ-ਦੌੜ ਭਰੀ ਜ਼ਿੰਦਗੀ ਵਿਚ ਬੱਚੇ-ਵੱਡੇ ਸਭ ਤਣਾਅ ਤੋਂ ਗ੍ਰਸਤ ਹਨ । ਆਲਮ ਤਾਂ ਇਹ ਹੈ ਕਿ ਜੇਕਰ ਕੋਈ ਤਣਾਅ ਵਿਚ ਨਹੀਂ ਹੁੰਦਾ ਤਾਂ ਸਾਡਾ ਸਵਾਲ ਹੁੰਦਾ ਕਿ ਏਨੀ ਵੱਡੀ ਗੱਲ ਹੋ ਗਈ ਅਤੇ ਤੁਹਾਨੂੰ ਕੋਈ ਟੈਨਸ਼ਨ ਨਹੀਂ ਹੈ।

ਤਣਾਅ ਨੂੰ ਅਸੀਂ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲਿਆ ਹੈ । ਇਹੀ ਕਾਰਨ ਹੈ ਕਿ ਅੱਜਕਲ੍ਹ ਛੋਟੀ-ਛੋਟੀ ਉਮਰ ਵਿਚ ਲੋਕ ਵੱਡੀਆਂ-ਵੱਡੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ । ਅਜਿਹੀ ਹਾਲਤ ਵਿਚ ਇਸ ਤੋਂ ਦੂਰੀ ਹੀ ਚੰਗੀ ਹੈ । ਤਾਂ ਆਓ ਜਾਣਦੇ ਹਾਂ ਤਣਾਅ ਨੂੰ ਆਪਣੀ ਜ਼ਿੰਦਗੀ ਤੋਂ ਦੂਰ ਭਜਾਉਣ ਦੇ ਸੱਤ ਆਸਾਨ ਤਰੀਕੇ-

ਤਣਾਅ ਦੇ ਕਾਰਨ ਜਾਣੋ : ਹਰ ਇਨਸਾਨ ਆਪਣੇ-ਆਪ ਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ ਅਤੇ ਇਸ ਲਈ ਸਾਨੂੰ ਪਤਾ ਹੁੰਦਾ ਹੈ ਕਿ ਕਿਹੜੀ ਗੱਲ ਹੈ, ਜਿਸ ਕਾਰਨ ਅਸੀਂ ਤਣਾਅ ਵਿਚ ਆ ਜਾਂਦੇ ਹਾਂ । ਤਣਾਅ ਤੋਂ ਦੂਰ ਰਹਿਣ ਦਾ ਸਭ ਤੋਂ ਆਸਾਨ ਤਰੀਕਾ ਕਾਰਨਾਂ ਨੂੰ ਜਾਣਨਾ ਹੀ ਹੈ ਅਤੇ ਕਾਰਨ ਜਾਨਣ ਦੇ ਬਾਅਦ ਉਸ ਕੰਮ ਨੂੰ ਕਰਨ ਤੋਂ ਪਹਿਲਾਂ ਆਪਣੇ-ਆਪ ਨੂੰ ਮਾਨਸਿਕ ਰੂਪ ਨਾਲ ਤਿਆਰ ਕਰੋ ਅਤੇ ਲੰਬੇ ਸਾਹ ਲਓ, ਤਾਂ ਕਿ ਖ਼ੂਨ ਦੀ ਗਤੀ ਆਮ ਹੋ ਜਾਵੇ ਅਤੇ ਤੁਹਾਨੂੰ ਡਰਾਉਣ ਵਾਲੀ ਗੱਲ ਦਾ ਅਸਰ ਤੁਹਾਡੇ 'ਤੇ ਨਾ ਦੇ ਬਰਾਬਰ ਹੋਵੇ ।



ਅਵਸਥਾ ਬਦਲੋ : ਜੇਕਰ ਬੈਠੇ ਹੋ ਤਾਂ ਬਾਹਰ ਜਾਓ ਅਤੇ ਜੇਕਰ ਖੜ੍ਹੇ ਹੋ ਤਾਂ ਥੋੜ੍ਹਾ ਜਿਹਾ ਟਹਿਲ ਲਓ । ਹੌਲੀ-ਹੌਲੀ ਆਪਣੇ-ਆਪ ਹੀ ਤਣਾਅ ਰੁਕ ਜਾਵੇਗਾ ।

ਖੁੱਲ੍ਹੀ ਹਵਾ ਦਾ ਅਨੰਦ ਲਓ : ਜਦੋਂ ਵੀ ਆਪਣੇ-ਆਪ ਨੂੰ ਤਣਾਅ ਵਿਚ ਪਾਓ ਤਾਂ ਥੋੜ੍ਹੀ ਦੇਰ ਖੁੱਲ੍ਹੀ ਹਵਾ ਵਿਚ ਆ ਜਾਓ ਅਤੇ ਤਾਜ਼ੀ ਹਵਾ ਨੂੰ ਮਹਿਸੂਸ ਕਰੋ । ਤੁਸੀਂ ਇਕਦਮ ਰਿਲੈਕਸ ਹੋ ਜਾਓਗੇ ।

ਕਸਰਤ : ਕਸਰਤ ਕਰਨ ਨਾਲ ਸਰੀਰ ਵਿਚ ਖ਼ੂਨ ਦਾ ਸੰਚਾਰ ਠੀਕ ਰਹਿੰਦਾ ਹੈ, ਜਿਸ ਕਰਕੇ ਨਕਾਰਾਤਮਿਕ ਗੱਲਾਂ ਵੱਲ ਜਲਦੀ ਆਕਰਸ਼ਤ ਨਹੀਂ ਹੁੰਦੇ । ਕਿਸੇ ਵੀ ਕੰਮ ਨੂੰ ਕਰਨ ਲਈ ਸਾਡਾ ਮਨ ਅਤੇ ਸਰੀਰ ਦੋਵੇਂ ਹੀ ਐਕਟਿਵ ਰਹਿੰਦੇ ਹਨ । ਇਸ ਲਈ ਤਣਾਅ ਤੋਂ ਡਰ ਨੂੰ ਦੂਰ ਰੱਖਣ ਲਈ ਹਰ ਰੋਜ਼ 30 ਮਿੰਟ ਕਸਰਤ ਕਰੋ ।

ਖੁੱਲ੍ਹ ਕੇ ਹੱਸੋ : ਫਿਲਮਾਂ ਜੋ ਸਾਡਾ ਮਨੋਰੰਜਨ ਕਰਦੀਆਂ ਹਨ, ਉਨ੍ਹਾਂ ਨੂੰ ਜੇਕਰ ਅਸੀਂ ਥੋੜ੍ਹਾ ਧਿਆਨ ਨਾਲ ਦੇਖੀਏ ਤਾਂ ਉਨ੍ਹਾਂ ਤੋਂ ਬਹੁਤ ਕੁਝ ਸਿੱਖ ਵੀ ਸਕਦੇ ਹਾਂ । ਹਾਸਾ ਗੁੱਸੇ ਨੂੰ ਕੰਟਰੋਲ ਕਰਦਾ ਹੈ । ਜੇਕਰ ਤੁਸੀਂ ਵੀ ਆਪਣੇ ਤਣਾਅ ਨੂੰ ਦੂਰ ਭਜਾਉਣਾ ਚਾਹੁੰਦੇ ਹੋ ਤਾਂ ਰਾਵਣ ਦੀ ਤਰ੍ਹਾਂ ਬਿਨਾਂ ਝਿਜਕ ਜ਼ੋਰ-ਜ਼ੋਰ ਨਾਲ ਹੱਸਣਾ ਸਿੱਖੋ ।

ਫੈਸਲਾ ਲਓ : ਕਰਾਂ ਜਾਂ ਨਾ ਕਰਾਂ। ਠੀਕ ਹੈ ਜਾਂ ਨਹੀਂ। ਇਸ ਹਾਂ-ਨਾਂਹ ਦੇ ਚੱਕਰਵਿਊ ਤੋਂ ਬਾਹਰ ਨਿਕਲੋ ਅਤੇ ਜੋ ਫੈਸਲਾ ਲੈਣਾ ਹੈ, ਜਲਦੀ ਤੋਂ ਜਲਦੀ ਲਓ ਅਤੇ ਕੰਮ ਸ਼ੁਰੂ ਕਰੋ । ਜਿੰਨਾ ਸੋਚੋਗੇ, ਤਣਾਅ ਓਨਾ ਹੀ ਵਧਦਾ ਜਾਵੇਗਾ ।

ਜ਼ਿੰਦਗੀ ਦਾ ਕੋਈ ਗੋਲ ਸੈੱਟ ਕਰੋ : ਜੇਕਰ ਸਾਡੇ ਕੋਲ ਕੋਈ ਉਦੇਸ਼ ਹੁੰਦਾ ਹੈ ਤਾਂ ਅਸੀਂ ਉਸ ਨੂੰ ਪਾਉਣ ਲਈ ਪੂਰੀ ਮਿਹਨਤ ਕਰਦੇ ਹਾਂ ਪਰ ਜੇਕਰ ਅਸੀਂ ਉਸ ਨੂੰ ਨਹੀਂ ਪਾ ਸਕਦੇ ਤਾਂ ਨਿਰਾਸ਼ ਨਹੀਂ ਹੋਣਾ ਚਾਹੀਦਾ, ਨਵੀਂ ਸ਼ੁਰੂਆਤ ਕਰਨੀ ਚਾਹੀਦੀ ਹੈ । ਸਭ ਕੁਝ ਛੱਡ ਕੇ ਨਹੀਂ ਬੈਠ ਜਾਣਾ ਚਾਹੀਦਾ । ਹਾਰ ਨਹੀਂ ਮੰਨਣੀ ਚਾਹੀਦੀ, ਬਸ ਨਿਰੰਤਰ ਯਤਨ ਕਰਦੇ ਰਹਿਣਾ ਚਾਹੀਦਾ ਹੈ । ਜੇਕਰ ਇਨ੍ਹਾਂ ਗੱਲਾਂ ਨੂੰ ਅਸੀਂ ਅਪਣਾ ਲੈਂਦੇ ਹਾਂ ਤਾਂ ਤਣਾਅ ਅਤੇ ਉਸ ਨਾਲ ਹੋਣ ਵਾਲੀਆਂ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚ ਸਕਦੇ ਹਾਂ ।

-ਸਵਾਸਥ ਦਰਪਣ

# ਮੁੱਖ ਮੰਤਰੀ ਸਿਹਤ ਯੋਜਨਾ ਨੇ 560 ਡਾਇਬਿਟਿਕ ਫੁੱਟ ਦੇ ਮਰੀਜ਼ਾਂ ਨੂੰ ਉਹਨਾਂ ਦੇ ਅੰਗ ਬਚਾਉਣ ਦਾ ਮੌਕਾ ਦਿੱਤਾ

**ਚੰਡੀਗੜ੍ਹ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਖ਼ਮ ਭਾਵੇਂ ਛੋਟਾ ਦਿਖਾਈ ਦੇ ਰਿਹਾ ਹੋਵੇ, ਪਰ ਇਸ ਦਾ ਖ਼ਤਰਾ ਬਿਲਕੁਲ ਵੀ ਛੋਟਾ ਨਹੀਂ ਸੀ।

ਸ਼ੂਗਰ ਤੋਂ ਪੀੜਤ ਵਿਅਕਤੀ ਦੇ ਪੈਰ 'ਤੇ ਲੱਗੀ ਇੱਕ ਛੋਟੀ ਜਿਹੀ ਸੱਟ ਹੌਲੀ-ਹੌਲੀ ਗੰਭੀਰ ਮੈਡੀਕਲ ਐਮਰਜੈਂਸੀ ਦਾ ਰੂਪ ਧਾਰ ਸਕਦੀ ਹੈ। ਨਾੜੀਆਂ ਨੂੰ ਨੁਕਸਾਨ ਪਹੁੰਚਣ ਕਾਰਨ ਦਰਦ ਮਹਿਸੂਸ ਕਰਨ ਦੀ ਸਮਰੱਥਾ ਘਟ ਜਾਂਦੀ ਹੈ, ਜਿਸ ਕਾਰਨ ਸੱਟ ਦਾ ਪਤਾ ਲੱਗਣਾ ਮੁਸ਼ਕਲ ਹੋ ਜਾਂਦਾ ਹੈ। ਖ਼ੂਨ ਦਾ ਸੰਚਾਰ ਖ਼ਰਾਬ ਹੋਣ ਨਾਲ ਜ਼ਖ਼ਮ ਭਰਨ ਦੀ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ9 ਇਸ ਨਾਲ ਇਨਫੈਕਸ਼ਨ ਡੂੰਘੇ ਟਿਸ਼ੂਆਂ ਤੱਕ ਫੈਲ ਸਕਦਾ ਹੈ ਅਤੇ ਗੰਭੀਰ ਮਾਮਲਿਆਂ ਵਿੱਚ ਅੰਗ ਗਵਾਉਣ ਤੱਕ ਦਾ ਖ਼ਤਰਾ ਵੀ ਪੈਦਾ ਹੋ ਜਾਂਦਾ ਹੈ9

ਪੰਜਾਬ ਦੇ ਸੈਂਕੜੇ ਮਰੀਜ਼ਾਂ ਲਈ ਮੁੱਖ ਮੰਤਰੀ ਸਿਹਤ ਯੋਜਨਾ (ਐੱਮ.ਐੱਮ.ਐੱਸ.ਵਾਈ.) ਉਸ ਸਮੇਂ ਸੁਰੱਖਿਆ ਕਵਚ ਬਣੀ, ਜਦੋਂ ਡਾਇਬਿਟਿਕ ਫੁੱਟ ਦੀ ਸਮੱਸਿਆ ਸਿਹਤਯਾਬੀ ਲਈ ਗੰਭੀਰ ਚੁਣੌਤੀ ਬਣ ਗਈ ਹੈ।

47 ਸਾਲਾ ਹਰਚਰਨ ਸਿੰਘ ਐਡਵਾਂਸਡ ਡਾਇਬਿਟਿਕ ਫੁੱਟ ਦੀ ਬੀਮਾਰੀ ਨਾਲ ਜੂਝ ਰਹੇ ਸਨ। ਨਾੜੀਆਂ ਨੂੰ ਨੁਕਸਾਨ ਪਹੁੰਚਣ ਕਾਰਨ ਉਨ੍ਹਾਂ ਦੀ ਸੱਟ ਦਾ ਪਤਾ ਲਗਣ ਦੀ ਸਮਰੱਥਾ ਘਟ ਗਈ ਸੀ, ਜਦਕਿ ਇਨਫੈਕਸ਼ਨ ਡੂੰਘੇ ਟਿਸ਼ੂਆਂ ਤੱਕ ਫੈਲ ਚੁੱਕਾ ਸੀ। ਡਾਕਟਰਾਂ ਨੇ ਇਨਫੈਕਟਿਡ ਅਤੇ ਡੈੱਡ ਟਿਸ਼ੂਆਂ ਨੂੰ ਹਟਾਉਣ ਅਤੇ ਪੈਰ ਨੂੰ ਠੀਕ ਕਰਨ ਲਈ ਸਰਜੀਕਲ ਡੀਬ੍ਰਾਈਡਮੈਂਟ ਕੀਤੀ।

38 ਸਾਲਾ ਰਾਜਾ ਨੂੰ ਵੀ ਇਸੇ ਤਰ੍ਹਾਂ ਦੇ ਖ਼ਤਰੇ ਦਾ ਸਾਹਮਣਾ ਕਰਨਾ ਪਿਆ। ਡਾਇਬਿਟਿਕ ਨਿਊਰੋਪੈਥੀ ਕਾਰਨ ਉਸਨੂੰ ਨੂੰ ਪੈਰ 'ਤੇ ਹੋਏ ਜ਼ਖ਼ਮ ਦਾ ਕੋਈ ਅਹਿਸਾਸ ਹੀ ਨਹੀਂ ਹੋਇਆ, ਜੋ ਬਾਅਦ ਵਿੱਚ ਗੰਭੀਰ ਇਨਫੈਕਸ਼ਨ ਵਿੱਚ ਬਦਲ ਗਿਆ ਅਤੇ ਇਸ ਦੇ ਹੱਡੀ ਤੱਕ ਪਹੁੰਚਣ ਤੱਕ ਦੀ ਨੌਬਤ ਆਣ ਬਣੀ ਸੀ। ਅਜਿਹੀ ਸਥਿਤੀ ਵਿੱਚ ਸਮੇਂ ਸਿਰ ਸਰਜਰੀ ਕਰਨਾ ਜ਼ਰੂਰੀ ਹੋ ਗਿਆ।

ਇੱਕ ਹੋਰ ਲਾਭਪਾਤਰੀ 57 ਸਾਲਾ ਵੀਨਾ ਦੇ ਖ਼ੂਨ ਦਾ ਸੰਚਾਰ ਖ਼ਰਾਬ ਹੋਣ ਕਾਰਨ ਜ਼ਖ਼ਮ ਦਾ ਭਰਨਾ ਮੁਸ਼ਕਲ ਹੋ ਗਿਆ ਸੀ। ਉਨ੍ਹਾਂ ਦਾ ਅਲਸਰ ਇਸ ਹੱਦ ਤੱਕ ਵਧ ਗਿਆ ਸੀ ਕਿ ਪੈਰ ਕੱਟਣ ਦੀ ਨੌਬਤ ਆਉਣ ਦਾ ਖ਼ਤਰਾ ਪੈਦਾ ਹੋ ਗਿਆ। ਇਨਫੈਕਟਿਡ ਟਿਸ਼ੂਆਂ ਨੂੰ ਹਟਾਉਣ ਲਈ ਸਰਜਰੀ ਕਰਨੀ ਪਈ।

ਇਸੇ ਤਰ੍ਹਾਂ 67 ਸਾਲਾ ਸੰਤੋਖ ਸਿੰਘ ਦੇ ਪੈਰ ਵਿੱਚ ਲੰਮੇ ਸਮੇਂ ਤੋਂ ਨਾ ਭਰਨ ਵਾਲਾ ਡਾਇਬਿਟਿਕ ਫੁੱਟ ਅਲਸਰ ਹੋ ਗਿਆ ਸੀ, ਜਿਸ ਵਿੱਚ ਪੀਪ ਬਣਨੀ ਸ਼ੁਰੂ ਹੋ ਗਈ ਸੀ। ਇਨਫੈਕਸ਼ਨ ਨੂੰ ਦੂਰ ਕਰਨ ਅਤੇ ਪ੍ਰਭਾਵਿਤ ਟਿਸ਼ੂਆਂ ਨੂੰ ਹਟਾਉਣ ਲਈ ਸਰਜੀਕਲ ਪ੍ਰਕਿਰਿਆ ਜ਼ਰੂਰੀ ਸੀ। ਚਾਰ ਮਰੀਜ਼। ਚਾਰ ਵੱਖ-ਵੱਖ ਸਮੱਸਿਆਵਾਂ। ਇੱਕ ਡਰਾਉਣੀ ਸੰਭਾਵਨਾ—ਅੰਗ ਗੁਆਉਣ ਦੀ।

ਪਰ ਸਮੇਂ ਸਿਰ ਮਿਲੇ ਇਲਾਜ ਨੇ ਇਨ੍ਹਾਂ ਚਾਰਾਂ ਮਰੀਜ਼ਾਂ ਨੂੰ ਇਨਫੈਕਸ਼ਨ ਨਾਲ ਲੜਕੇ ਆਪਣੇ ਅੰਗ ਬਚਾਉਣ ਦਾ ਮੌਕਾ ਦਿੱਤਾ। ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ, ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਹਰ ਅੰਕੜੇ ਦੇ ਪਿੱਛੇ ਇੱਕ ਇਨਸਾਨੀ ਜ਼ਿੰਦਗੀ ਹੈ—ਇੱਕ ਪਿਤਾ, ਇੱਕ ਮਾਂ, ਇੱਕ ਪੁੱਤਰ ਜਾਂ ਇੱਕ ਧੀ, ਜਿਸ ਦਾ ਪਰਿਵਾਰ ਇੱਕ ਹੋਰ ਮੌਕੇ ਦੀ ਉਮੀਦ ਕਰ ਰਿਹਾ ਹੈ। ਡਾਇਬਿਟਿਕ ਫੁੱਟ ਦੀਆਂ ਪੇਚੀਦਗੀਆਂ ਹੌਲੀ-ਹੌਲੀ ਵਧ ਸਕਦੀਆਂ ਹਨ ਅਤੇ ਜੇ ਇਲਾਜ ਵਿੱਚ ਦੇਰੀ ਹੋਵੇ ਤਾਂ ਚੱਲਣ-ਫਿਰਨ ਦੀ ਸਮਰੱਥਾ ਅਤੇ ਇੱਥੋਂ ਤੱਕ ਕਿ ਅੰਗ ਗਵਾਉਣ ਦਾ ਵੀ ਖ਼ਤਰਾ ਪੈਦਾ ਹੋ ਸਕਦਾ ਹੈ। ਸਾਡੀ ਤਰਜੀਹ ਇਹ ਯਕੀਨੀ ਬਣਾਉਣਾ ਹੈ ਕਿ ਪੰਜਾਬ ਦੇ ਕਿਸੇ ਵੀ ਪਰਿਵਾਰ ਨੂੰ ਸਮੇਂ ਸਿਰ ਇਲਾਜ ਕਰਵਾਉਣ ਲਈ ਖ਼ਰਚੇ ਦੇ ਬੋਝ ਦੀ ਚਿੰਤਾ ਨਾ ਕਰਨੀ ਪਵੇ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਇਸ ਉਦੇਸ਼ ਨਾਲ ਤਿਆਰ ਕੀਤੀ ਗਈ ਹੈ ਕਿ ਜਦੋਂ ਕੋਈ ਮਰੀਜ਼ ਹਸਪਤਾਲ ਪਹੁੰਚੇ ਤਾਂ ਧਿਆਨ ਮਰੀਜ਼ ਦੀ ਜਾਨ ਬਚਾਉਣ 'ਤੇ ਹੋਵੇ, ਨਾ ਕਿ ਇਸ ਗੱਲ 'ਤੇ ਕਿ ਉਸ ਦਾ ਪਰਿਵਾਰ ਇਲਾਜ ਦਾ ਖ਼ਰਚਾ ਚੁੱਕ ਸਕੇਗਾ ਜਾਂ ਨਹੀਂ।

ਡਾ. ਬਲਬੀਰ ਸਿੰਘ ਨੇ ਕਿਹਾ, ਮੁੱਖ ਮੰਤਰੀ ਸਿਹਤ ਯੋਜਨਾ ਦੀ ਸਫ਼ਲਤਾ ਨੂੰ ਸਿਰਫ਼ ਇਲਾਜਾਂ ਦੀ ਗਿਣਤੀ ਜਾਂ ਖ਼ਰਚ ਕੀਤੀ ਗਈ ਰਕਮ ਨਾਲ ਨਹੀਂ ਮਾਪਿਆ ਜਾਣਾ ਚਾਹੀਦਾ, ਸਗੋਂ ਇਸ ਗੱਲ ਨਾਲ ਮਾਪਿਆ ਜਾਣਾ ਚਾਹੀਦਾ ਹੈ ਕਿ ਇਨ੍ਹਾਂ ਇਲਾਜਾਂ ਨੇ ਕੀ ਸੰਭਵ ਬਣਾਇਆ—ਇੱਕ ਮਰੀਜ਼ ਦਾ ਸਿਹਤਯਾਬ ਹੋ ਕੇ ਘਰ ਪਰਤਣਾ, ਇੱਕ ਪਰਿਵਾਰ ਨੂੰ ਆਰਥਿਕ ਪਰੇਸ਼ਾਨੀ ਤੋਂ ਬਚਾਉਣਾ ਅਤੇ ਡਾਇਬਿਟਿਕ ਫੁੱਟ ਵਰਗੀਆਂ ਸਥਿਤੀਆਂ ਵਿੱਚ ਉਸ ਅੰਗ ਨੂੰ ਬਚਾ ਪਾਉਣਾ, ਜਿਸ ਨੂੰ ਅਜੇ ਵੀ ਬਚਾਇਆ ਜਾ ਸਕਦਾ ਹੈ।

## ਪਿੰਡ ਕਾਲਸਨਾ ਵਿਖੇ ਧੰਨ-ਧੰਨ ਬਾਬਾ ਵਡਭਾਗ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ 18ਵਾਂ ਸੰਤ ਸਮਾਗਮ ਕਰਵਾਇਆ



**ਨਾਭਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਡ ਕਾਲਸਨਾ ਵਿਖੇ ਧੰਨ ਧੰਨ ਬਾਬਾ ਵਡਭਾਗ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ 18ਵੇਂ ਸੰਤ ਸਮਾਗਮ ਵਿੱਚ ਸਾਧੂ ਸਿੰਘ ਧਰਮਸੋਤ ਸਾਬਕਾ ਕੈਬਿਨੇਟ ਮੰਤਰੀ ਪੰਜਾਬ ਨੇ ਆਪਣੀ ਹਾਜ਼ਰੀ ਲਵਾਈ। ਇਹ ਪਵਿੱਤਰ ਸਮਾਗਮ ਸੰਤ ਬਾਬਾ ਪਿਆਰਾ ਸਿੰਘ ਜੀ ਸਿਰਥਲੇ ਵਾਲਿਆਂ ਦੇ ਅਸ਼ੀਰਵਾਦ ਸਦਕਾ ਸੇਵਾਦਾਰ ਬਿੰਦਰ ਸਿੰਘ ਕਾਲਸਨਾ ਜੀ ਅਤੇ ਸਮੂਹ ਨਗਰ ਨਿਵਾਸੀ ਸੰਗਤ ਵੱਲੋਂ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ।

ਇਸ ਪਵਿੱਤਰ ਮੌਕੇ ਗੁਰੂ ਚਰਨਾਂ ਵਿੱਚ ਨਤਮਸਤਕ ਹੋ ਕੇ ਸਰਬੱਤ ਦੇ ਭਲੇ, ਪੰਜਾਬ ਦੀ ਚੜ੍ਹਦੀ ਕਲਾ ਅਤੇ ਸਮੂਹ ਸੰਗਤ ਦੀ ਸੁੱਖ-ਸ਼ਾਂਤੀ ਲਈ ਅਰਦਾਸ ਕੀਤੀ। ਇਸ ਮੌਕੇ ਸਰਦਾਰ ਸਾਧੂ ਸਿੰਘ ਧਰਮਸੋਤ ਨਾਲ ਸਾਬਕਾ ਜਿਲਾ ਪ੍ਰਧਾਨ ਸਰਦਾਰ ਮਹੰਤ ਹਰਵਿੰਦਰ ਸਿੰਘ ਖਨੌੜਾ ਅਤੇ ਇਲਾਕੇ ਦੇ ਸੀਨੀਅਰ ਕਾਂਗਰਸੀ ਆਗੂ ਅਤੇ ਵਰਕਰ ਹਾਜ਼ਰ ਸਨ।

## ਨਾਭਾ ਬਾਰ ਚੋਣਾਂ 'ਚ ਭਖਿਆ ਮਾਹੌਲ, 'ਟੀਮ ਗੋਰਾਇਆ' ਨੇ ਵਕੀਲਾਂ ਦੀ ਭਲਾਈ ਤੇ ਬਾਰ ਦੇ ਵਿਕਾਸ ਨੂੰ ਬਣਾਇਆ ਮੁੱਖ ਮੁੱਦਾ

**ਨਾਭਾ, 12 ਸਤੰਬਰ/**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਬਾਰ ਐਸੋਸੀਏਸ਼ਨ ਦੀਆਂ ਚੋਣਾਂ ਨੂੰ ਲੈ ਕੇ ਵਕੀਲ ਭਾਈਚਾਰੇ ਵਿੱਚ ਚੋਣ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਚੋਣ ਮੈਦਾਨ ਵਿੱਚ ਉਤਰੀ 'ਟੀਮ ਗੋਰਾਇਆ' ਵੱਲੋਂ ਆਪਣੇ ਉਮੀਦਵਾਰਾਂ ਦੇ ਨਾਮਾਂ ਦੇ ਨਾਲ-ਨਾਲ ਬਾਰ ਐਸੋਸੀਏਸ਼ਨ ਦੀ ਮਜ਼ਬੂਤੀ, ਵਕੀਲਾਂ ਦੇ ਸਨਮਾਨ, ਭਲਾਈ ਅਤੇ ਬੁਨਿਆਦੀ ਸਹੂਲਤਾਂ ਦੇ ਵਿਕਾਸ ਨੂੰ ਲੈ ਕੇ ਆਪਣਾ ਚੋਣੀ ਏਜੰਡਾ ਵਕੀਲ ਸਾਥੀਆਂ ਅੱਗੇ ਰੱਖਿਆ ਗਿਆ ਹੈ।

ਟੀਮ ਵੱਲੋਂ ਇੰਦਰਜੀਤ ਸਿੰਘ ਗੋਰਾਇਆ ਨੂੰ ਪ੍ਰਧਾਨ, ਗੁਰਪ੍ਰੀਤਇੰਦਰ ਸਿੰਘ (ਬੰਨੀ) ਨੂੰ ਮੀਤ ਪ੍ਰਧਾਨ, ਸ੍ਰਿਸ਼ਟੀ ਸ਼ੁਕਲਾ ਨੂੰ ਵਾਈਸ ਪ੍ਰੈਜ਼ੀਡੈਂਟ, ਲਲਿਤ ਕੁਮਾਰ ਨੂੰ ਸਕੱਤਰ, ਚੰਚਲ ਨੂੰ ਜੁਆਇੰਟ ਸਕੱਤਰ, ਸਿਮਰਨਜੀਤ ਸਿੰਘ ਜਵੰਧਾ ਨੂੰ ਕੈਸ਼ੀਅਰ, ਗਗਨਦੀਪ ਸਿੰਘ ਰੋਹਟਾ ਨੂੰ ਆਡੀਟਰ ਅਤੇ ਹੇਮੰਤ ਕੁਮਾਰ ਮੌਂਦਗਿੱਲ ਨੂੰ ਲਾਇਬ੍ਰੇਰੀਅਨ ਦੇ ਅਹੁਦੇ ਲਈ ਉਮੀਦਵਾਰ ਵਜੋਂ ਪੇਸ਼ ਕੀਤਾ ਗਿਆ ਹੈ।

ਟੀਮ ਵੱਲੋਂ ਵਕੀਲਾਂ ਦੇ ਸਨਮਾਨ ਅਤੇ ਪੇਸ਼ੇਵਰ ਗੌਰਵ ਨੂੰ ਕਾਇਮ ਰੱਖਣ



ਦੇ ਨਾਲ-ਨਾਲ ਬਾਰ ਦੇ ਸਾਰੇ ਮੈਂਬਰਾਂ ਦੀ ਭਲਾਈ ਅਤੇ ਆਪਸੀ ਏਕਤਾ ਨੂੰ ਹੋਰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਬਾਰ ਐਸੋਸੀਏਸ਼ਨ ਦੇ ਦਫ਼ਤਰ, ਲਾਇਬ੍ਰੇਰੀ ਅਤੇ ਹੋਰ ਬੁਨਿਆਦੀ ਸਹੂਲਤਾਂ ਨੂੰ ਆਧੁਨਿਕ ਬਣਾਉਣ ਲਈ ਉਪਰਾਲੇ ਕਰਨ ਦੀ ਗੱਲ ਵੀ ਕਹੀ ਗਈ ਹੈ।

'ਟੀਮ ਗੋਰਾਇਆ' ਵੱਲੋਂ ਬਾਰ ਦੇ ਕੰਮਕਾਜ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਯਕੀਨੀ ਬਣਾਉਣ ਦੇ ਨਾਲ ਵਕੀਲਾਂ ਦੇ ਪੇਸ਼ੇਵਰ ਵਿਕਾਸ ਲਈ ਟ੍ਰੇਨਿੰਗ ਪ੍ਰੋਗਰਾਮ, ਸੈਮੀਨਾਰ ਅਤੇ ਕਾਨੂੰਨੀ ਜਾਗਰੂਕਤਾ ਸਬੰਧੀ ਪ੍ਰੋਗਰਾਮ ਕਰਵਾਉਣ ਦਾ ਵੀ ਭਰੋਸਾ ਦਿੱਤਾ ਗਿਆ ਹੈ। ਟੀਮ ਵੱਲੋਂ ਬਾਰ ਦੇ ਮੈਂਬਰਾਂ ਨੂੰ ਕਾਨੂੰਨੀ, ਪੇਸ਼ੇਵਰ ਅਤੇ ਹੋਰ ਲੋੜੀਂਦੇ ਮਾਮਲਿਆਂ ਵਿੱਚ ਸਹਾਇਤਾ ਦੇਣ ਅਤੇ ਵਕੀਲ ਭਾਈਚਾਰੇ ਦੇ ਹੱਕਾਂ ਨਾਲ ਸਬੰਧਤ ਮੁੱਦਿਆਂ 'ਤੇ ਇੱਕ ਮਜ਼ਬੂਤ ਸਾਂਝੀ ਆਵਾਜ਼ ਵਜੋਂ ਕੰਮ ਕਰਨ ਦਾ ਵੀ ਦਾਅਵਾ ਕੀਤਾ ਗਿਆ ਹੈ।

ਇਸ ਦੇ ਨਾਲ ਹੀ ਨਿਆਂ, ਨਿਰਪੱਖਤਾ ਅਤੇ ਸਾਰਿਆਂ ਲਈ ਬਰਾਬਰ ਮੌਕਿਆਂ ਦੀ ਰੱਖਿਆ ਨੂੰ ਵੀ ਟੀਮ ਵੱਲੋਂ ਆਪਣੀ ਤਰਜੀਹ ਦੱਸਿਆ ਗਿਆ ਹੈ। 'ਸਨਮਾਨ, ਦ੍ਰਿੜ੍ਹਤਾ ਅਤੇ ਵਿਕਾਸ' ਨੂੰ ਮੁੱਖ ਆਧਾਰ ਬਣਾਉਂਦਿਆਂ ਟੀਮ ਗੋਰਾਇਆ ਵੱਲੋਂ ਵਕੀਲ ਭਾਈਚਾਰੇ ਤੋਂ ਵੋਟ, ਸਮਰਥਨ ਅਤੇ ਸਹਿਯੋਗ ਦੀ ਅਪੀਲ ਕੀਤੀ ਗਈ ਹੈ।

ਨਾਭਾ ਬਾਰ ਐਸੋਸੀਏਸ਼ਨ ਦੀਆਂ ਚੋਣਾਂ ਲਈ 11 ਸਤੰਬਰ 2026 ਨੂੰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਵੋਟਿੰਗ ਹੋਵੇਗੀ। ਹੁਣ ਚੋਣਾਂ ਦੇ ਨਤੀਜੇ 'ਤੇ ਨਜ਼ਰਾਂ ਟਿਕੀਆਂ ਹੋਈਆਂ ਹਨ ਕਿ ਬਾਰ ਦੀ ਅਗਵਾਈ ਦੀ ਕਮਾਨ ਕਿਸ ਟੀਮ ਦੇ ਹੱਥ ਆਉਂਦੀ ਹੈ।

## 11 ਨੂੰ ਲੱਗਣਗੀਆਂ ਜੋਧਵਾਲ ਦੀ ਧਰਤੀ ਤੇ ਰੌਣਕਾਂ, ਚੋਟੀ ਦੇ ਪਹਿਲਵਾਨ ਦਿਖਾਉਣੇ ਕੁਸ਼ਤੀਆਂ ਦੇ ਜੌਹਰ

**ਮਾਛੀਵਾੜਾ ਸਾਹਿਬ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵੱਡੇ ਦੰਗਲ ਮੇਲਿਆਂ ਵਿੱਚ ਸ਼ੁਮਾਰ ਮਾਛੀਵਾੜਾ ਨਜ਼ਦੀਕੀ ਪਿੰਡ ਜੋਧਵਾਲ ਦਾ ਸਲਾਨਾ ਵਿਸ਼ਾਲ ਕੁਸ਼ਤੀ ਦੰਗਲ ਮੇਲਾ 11 ਸਤੰਬਰ ਦਿਨ ਸ਼ੁੱਕਰਵਾਰ ਨੂੰ ਕਰਵਾਇਆ ਜਾ ਰਿਹਾ ਹੈ।ਮੁੱਖ ਪ੍ਰਬੰਧਕ ਨਰਿੰਦਰਪਾਲ ਸ਼ਰਮਾ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੁਰਾਤਨ ਗੁਗਾ ਮਾੜੀ ਦੰਗਲ ਕਮੇਟੀ ਵੱਲੋਂ ਸਲਾਨਾ ਤੇ ਵਿਸ਼ਾਲ ਦੰਗਲ ਮੇਲਾ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਹਿੰਦੁਸਤਾਨ ਦੀ ਚੋਟੀ ਦੇ ਪਹਿਲਵਾਨ ਆਪਣੀਆਂ ਕੁਸ਼ਤੀਆਂ ਦੇ ਜੌਹਰ ਦਿਖਾਉਣਗੇ ਇਹ ਦੰਗਲ ਮੇਲਾ ਨੇੜਲੇ ਪਿੰਡਾਂ ਰੁੜੇਵਾਲ, ਚੱਕ ਸ਼ੰਮੂ, ਮੁਗਲੇਵਾਲ ਅਤੇ ਲੁਬਾਨਗੜ੍ਹ ਦੇ ਨਾਲ ਨਾਲ ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਸਦਕਾ ਕਰਵਾਇਆ ਜਾਂਦਾ ਹੈ। ਬਾਬਾ ਦੀਪਾ ਜੀ ਫਲਾਹੀ ਵਾਲਿਆਂ ਦੇ ਵਡਮੁੱਲੇ ਸਹਿਯੋਗ ਸਦਕਾ ਇਸ ਦੰਗਲ ਮੇਲੇ ਵਿੱਚ ਉੱਚ ਕੋਟੀ ਦੇ ਪਹਿਲਵਾਨ ਭੁਪਿੰਦਰ ਅਜਨਾਲਾ, ਸ਼ੇਰਾ ਬਾਬਾ ਫਲਾਹੀ, ਤਾਲਿਬ ਬਾਬਾ ਫਲਾਹੀ, ਦਿਨੇਸ਼ ਗੋਲੀਆ, ਛੋਟਾ ਸੁਦਾਮ,ਲੱਕੀ ਗਰਚਾ,ਸ਼ਨੀ ਰਾਮੇਵਾਲ ਸਮੇਤ ਹੋਰ ਵੀ ਵੱਡੇ ਮੱਲ ਇਸ ਦੰਗਲ ਮੇਲੇ ਵਿੱਚ ਸ਼ਿਰਕਤ ਕਰਨਗੇ।ਇਸ ਦੰਗਲ ਮੇਲੇ ਵਿੱਚ ਸਿਰਫ ਸੱਦਾ ਪੱਤਰ ਵਾਲੇ ਪਹਿਲਵਾਨਾਂ ਦੀਆਂ ਹੀ ਕੁਸ਼ਤੀਆਂ ਹੋਣਗੀਆਂ।

ਕੁਸ਼ਤੀਆਂ ਤੋਂ ਇਲਾਵਾ ਹੋਰ ਕੋਈ ਕਰਤੱਬ ਨਹੀਂ ਦਿਖਾਇਆ ਜਾਵੇਗਾ। ਇਸ ਦੰਗਲ ਮੇਲੇ ਦਾ ਲਾਇਵ ਪ੍ਰਸ਼ਾਸਨ ਸੰਸਾਰ ਪ੍ਰਸਿੱਧ ਚੈਨਲ ਪਿਓਰ ਪੰਜਾਬੀ ਤੇ ਲੱਕੀ ਜੌਣੇਵਾਲ , ਰਾਜੂ ਜੌਣੇਵਾਲ ਅਤੇ ਮਾਸਟਰ ਸਤੀਸ਼ ਕੁਮਾਰ ਦੀ ਟੀਮ ਵੱਲੋਂ ਦਿਖਾਇਆ ਜਾਵੇਗਾ। ਪ੍ਰਬੰਧਕਾਂ ਵੱਲੋਂ ਖੇਡ ਪ੍ਰੇਮੀ ਦਰਸ਼ਕਾਂ ਨੂੰ ਇਸ ਦੰਗਲ ਮੇਲੇ ਵਿੱਚ ਸ਼ਿਰਕਤ ਕਰਨ ਲਈ ਖੁੱਲਾ ਸੱਦਾ ਹੈ।

## 'ਨਿੱਕੇ ਕਦਮ' ਪ੍ਰੋਗਰਾਮ ਤਹਿਤ ਅਹਿਮਦਗੜ੍ਹ ਬਲਾਕ ਦੇ 200 ਆਂਗਨਵਾੜੀ ਵਰਕਰਾਂ ਦੀ ਟ੍ਰੇਨਿੰਗ ਕਰਵਾਈ



**ਮਲੇਰਕੋਟਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਬੱਚਿਆਂ ਦੇ ਸਰਵਪੱਖੀ ਵਿਕਾਸ ਅਤੇ ਆਂਗਨਵਾੜੀ ਸੇਵਾਵਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਚਲਾਏ ਜਾ ਰਹੇ 'ਨਿੱਕੇ ਕਦਮ' ਪ੍ਰੋਗਰਾਮ ਤਹਿਤ ਬਲਾਕ ਅਹਿਮਦਗੜ੍ਹ ਦੇ 9 ਸੈਕਟਰਾਂ ਨਾਲ ਸਬੰਧਤ 200 ਆਂਗਨਵਾੜੀ ਵਰਕਰਾਂ ਦੀ ਵਿਸ਼ੇਸ਼ ਟ੍ਰੇਨਿੰਗ ਕਰਵਾਈ ਗਈ।

ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਪ੍ਰਦੀਪ ਸਿੰਘ ਗਿੱਲ ਅਤੇ ਸੀ.ਡੀ.ਪੀ.ਓ. ਪਵਨ ਕੁਮਾਰ ਦੇ ਦਿਸ਼ਾ- ਨਿਰਦੇਸ਼ਾਂ ਅਨੁਸਾਰ ਪ੍ਰੋਗਰਾਮ ਮੈਨੇਜਰ ਮਨਪ੍ਰੀਤ ਸਿੰਘ ਵੱਲੋਂ ਆਂਗਨਵਾੜੀ ਵਰਕਰਾਂ ਨੂੰ ਬੱਚਿਆਂ ਦੀ ਉਮਰ ਅਨੁਸਾਰ ਸਿੱਖਿਆ, ਖੇਡ-ਆਧਾਰਿਤ ਗਤੀਵਿਧੀਆਂ, ਬੌਧਿਕ, ਭਾਸ਼ਾਈ ਅਤੇ ਸਮਾਜਿਕ-ਭਾਵਨਾਤਮਕ ਵਿਕਾਸ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਮਾਪੇ-ਆਂਗਨਵਾੜੀ ਮੀਟਿੰਗ ਕਰਵਾਉਣ ਅਤੇ ਮਾਪਿਆਂ ਦੀ ਭਾਗੀਦਾਰੀ ਵਧਾਉਣ ਸਬੰਧੀ ਵੀ ਜਾਣੂ ਕਰਵਾਇਆ ਗਿਆ। ਇਸ ਟ੍ਰੇਨਿੰਗ ਦੌਰਾਨ ਬੱਚਿਆਂ ਨਾਲ ਰੋਜ਼ਾਨਾ ਦੀਆਂ ਗਤੀਵਿਧੀਆਂ ਰਾਹੀਂ ਸਿੱਖਣ ਦੀ ਪ੍ਰਕਿਰਿਆ ਨੂੰ ਰੁਚਿਕਰ ਅਤੇ ਪ੍ਰਭਾਵਸ਼ਾਲੀ ਬਣਾਉਣ ਦੇ ਵੱਖ-ਵੱਖ ਤਰੀਕਿਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਟ੍ਰੇਨਿੰਗ ਦਾ ਮੁੱਖ ਉਦੇਸ਼ ਆਂਗਨਵਾੜੀ ਵਰਕਰਾਂ ਦੀ ਸਮਰੱਥਾ ਵਿੱਚ ਵਾਧਾ ਕਰਕੇ ਬੱਚਿਆਂ ਨੂੰ ਬਿਹਤਰ ਗੁਣਵੱਤਾ ਵਾਲੀਆਂ ਸੇਵਾਵਾਂ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਬਿਹਤਰ ਭਵਿੱਖ ਲਈ ਆਂਗਨਵਾੜੀ ਕੇਂਦਰਾਂ ਦੀ ਭੂਮਿਕਾ ਅਹਿਮ ਹੈ ਅਤੇ ਅਜਿਹੀਆਂ ਟ੍ਰੇਨਿੰਗਾਂ ਰਾਹੀਂ ਵਰਕਰਾਂ ਨੂੰ ਸਮੇਂ-ਸਮੇਂ 'ਤੇ ਨਵੀਆਂ ਤਕਨੀਕਾਂ ਅਤੇ ਗਤੀਵਿਧੀਆਂ ਨਾਲ ਜੋੜਿਆ ਜਾ ਰਿਹਾ ਹੈ।

## ਜਨਹਿਤ ਸਮਿਤੀ ਅਤੇ ਆਪਣਾ ਘਰ ਆਸ਼ਰਮ ਭਰਤਪੁਰ ਮਿਲ ਕੇ 25 ਅਕਤੂਬਰ ਨੂੰ ਬੇਸਹਾਰਾ ਮਰੀਜਾਂ ਲਈ ਖੋਲਣਗੇ ਆਸ਼ਰਮ



**ਪਟਿਆਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਿਸ਼ਕਾਮ ਸਮਾਜ ਸੇਵਾ ਲਈ ਪ੍ਰਸਿੱਧ ਪਟਿਆਲਾ ਦੀ ਜਨਹਿਤ ਸਮਿਤੀ (ਰਜਿ.) ਸੰਸਥਾ ਹੁਣ ਦੁਨੀਆ ਦੀ ਸਭ ਤੋ ਵੱਡੀ ਮਨੁੱਖਤਾ ਦੀ ਸੇਵਾ ਕਰਨ ਵਾਲੀ ਸੰਸਥਾ ' ਆਪਣਾ ਘਰ ਆਸ਼ਰਮ ' ਭਰਤਪੁਰ (ਰਾਜਸਥਾਨ) ਨਾਲ ਮਿਲ ਕੇ ਪਟਿਆਲਾ ਸ਼ਹਿਰ ਦੇ ਪਿੰਡ ਰਾਏਪੁਰ ਮੰਡਲਾਂ ਵਿੱਚ ਲਾਵਾਰਸ, ਲਾਚਾਰ ਅਤੇ ਬਿਮਾਰ ਵਿਅਕਤੀਆਂ ਦੀ ਸਾਂਭ ਸੰਭਾਲ ਲਈ ਇੱਕ ' ਜਨਹਿਤ ਆਪਣਾ ਘਰ ਆਸ਼ਰਮ ਪਟਿਆਲਾ ' ਖੋਲਣ ਜਾ ਰਹੀ ਹੈ।

ਜਨਹਿਤ ਸਮਿਤੀ ਦੇ ਪ੍ਰਧਾਨ ਸ਼੍ਰੀ ਐਸ ਕੇ ਗੌਤਮ ਅਤੇ ਫਾਉਂਡਰ ਮੈਂਬਰ ਅਨਿਲ ਕੁਮਾਰ ਭਾਰਤੀ ਨੇ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸਬੰਧੀ ਜਨਹਿਤ ਸੰਮਤੀ ਜਨਰਲ ਸਕੱਤਰ ਵਿਨੋਦ ਕੁਮਾਰ ਸ਼ਰਮਾ ਦੀ ਅਗਵਾਈ ਹੇਠ ਸੀਨੀਅਰ ਮੈਂਬਰਾਂ ਦੀ ਟੀਮ ਵੱਲੋਂ ਆਪਣਾ ਘਰ ਆਸ਼ਰਮ ਭਰਤਪੁਰ ਦੇ ਸੰਸਥਾਪਕ ਡਾਕਟਰ ਬ੍ਰਿਜ ਮੋਹਨ ਭਾਰਤਵਾਜ, ਉਨ੍ਹਾਂ ਦੀ ਧਰਮ ਪਤਨੀ ਸ਼੍ਰੀ ਮਤੀ ਮਾਧੁਰੀ ਭਾਰਦਵਾਜ ਅਤੇ ਉਹਨਾਂ ਦੀ ਪੂਰੀ ਟੀਮ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਉਕਤ ਮਹਤਵਪੂਰਨ ਫੈਸਲਾ ਕੀਤਾ ਗਿਆ ਹੈ।

ਜਨਹਿਤ ਸਮਿਤੀ ਦੇ ਜਨਰਲ ਸਕੱਤਰ ਵਿਨੋਦ ਸ਼ਰਮਾ ਨੇ ਦੱਸਿਆ ਕਿ ਹੁਣ ਇਹ ਦੋਵੇਂ ਸੰਸਥਾਵਾਂ ਜ਼ਿਲ੍ਹਾ ਪਟਿਆਲਾ ਅਤੇ ਇਸਦੇ ਨੇੜਲੇ ਇਲਾਕਿਆਂ ਵਿੱਚ ਕਿਸੇ ਵੀ ਇਨਸਾਨ ਨੂੰ ਲਾਵਾਰਸ ਹਾਲਾਤਾਂ ਵਿੱਚ, ਲਾਚਾਰ ਹਾਲਤਾਂ ਵਿੱਚ ਭੁੱਖਾ ਤੇ ਪਿਆਸਾ ਮਰਨ ਨਹੀਂ ਦੇਣਗੀਆਂ। ਇਹ ਸੰਸਥਾਵਾਂ ਇਨ੍ਹਾਂ ਵਿਅਕਤੀਆਂ ਨੂੰ ਪ੍ਰਭੂ ਜੀ ਭਾਵ ਪਰਮਾਤਮਾ ਦਾ ਰੂਪ ਮੰਨਦੇ ਹੋਏ ਉਨ੍ਹਾਂ ਲਈ ਰੋਟੀ, ਕੱਪੜਾ ਅਤੇ ਮਕਾਨ ਦੇ ਨਾਲ - ਨਾਲ ਦਵਾਈਆਂ ਆਦਿ ਦਾ ਪ੍ਰਬੰਧ ਤਾਂ ਕਰਨਗੀਆਂ ਹੀ ਇਸ ਤੋਂ ਇਲਾਵਾ ਇਹਨਾਂ ਵਿਅਕਤੀਆਂ ਲਈ ਜਨਹਿੱਤ ਆਪਣਾ ਘਰ ਆਸ਼ਰਮ ਵਿਖੇ ਇੱਕ ਪਰਿਵਾਰਕ ਮਾਹੌਲ ਦਾ ਆਪਣਾਪਣ ਵੀ ਦੇਣਗੀਆਂ ਤਾਂ ਜੋ ਇਹ ਲੋਕ ਵੀ ਆਪਣੀ ਜਿੰਦਗੀ ਆਰਾਮਦਾਇਕ ਅਤੇ ਪਿਆਰ ਭਰੇ ਮਾਹੌਲ ਵਿੱਚ ਜੀ ਸਕਣ। ਇਸ ਮੌਕੇ ਤੇ ਸ਼੍ਰੀ ਕੇਵਲ ਕ੍ਰਿਸ਼ਨ ਕਟਾਰੀਆ ਅਤੇ ਡਾ. ਹਰੀ ਓਮ ਅੱਗਰਵਾਲ ਨੇ ਦੱਸਿਆ ਕਿ ਹੁਣ ਪਟਿਆਲੇ ਜ਼ਿਲ੍ਹੇ ਦੇ ਕਿਸੇ ਵੀ ਲਾਵਾਰਿਸ, ਬੇਸਹਾਰਾ ਮਰੀਜ਼ ਨੂੰ ਸੜਕਾਂ ਤੇ ਰੁਲਣ ਨਹੀਂ ਦਿੱਤਾ ਜਾਵੇਗਾ। ਇਨ੍ਹਾਂ ਮਰੀਜਾਂ ਦੇ ਪੂਰਨ ਇਲਾਜ ਉਪਰੰਤ ਇਨ੍ਹਾਂ ਦੇ ਪੁਨਰਵਾਸ ਲਈ ਇੰਤਜ਼ਾਮ ਕੀਤੇ ਜਾਣਗੇ। ਜਨਹਿਤ ਸਮਿਤੀ (ਰਜਿ.) ਪਟਿਆਲਾ ਵੱਲੋਂ ਇਸ ਮਿਸ਼ਨ ਦੀ ਕਾਮਯਾਬੀ ਲਈ ਡਾ. ਹਰੀ ਓਮ ਅੱਗਰਵਾਲ ਅਤੇ ਸ਼੍ਰੀ ਕੇਵਲ ਕ੍ਰਿਸ਼ਨ ਕਟਾਰੀਆ ਦਾ ਖ਼ਾਸ ਤੌਰ ਤੇ ਧੰਨਵਾਦ ਵੀ ਕੀਤਾ ਗਿਆ ਜਿਨ੍ਹਾਂ ਨੇ ਇਸ ਆਸ਼ਰਮ ਨੂੰ ਖੋਲ੍ਹਣ ਦੇ ਵਿਚਾਰ ਨੂੰ ਹਕੀਕੀ ਮੰਜ਼ਿਲ ਤੱਕ ਪੁਜਾਉਣ ਵਿੱਚ ਆਪਣਾ ਮਹਤਵਪੂਰਨ ਕਿਰਦਾਰ ਨਿਭਾਇਆ ਹੈ। ਇਸ ਮੌਕੇ ਤੇ ਆਯੋਜਤ ਸਾਂਝੀ ਮੀਟਿੰਗ ਵਿੱਚ ਆਪਣਾ ਘਰ ਆਸ਼ਰਮ ਭਰਤਪੁਰ ਰਾਜਸਥਾਨ ਦੇ ਬਾਨੀ ਡਾ. ਬ੍ਰਿਜ ਮੋਹਨ ਭਾਰਦਵਾਜ, ਸ਼੍ਰੀ ਮਤੀ ਮਾਧੁਰੀ ਭਾਰਦਵਾਜ, ਸ਼੍ਰੀ ਵੀਰ ਪਾਲ, ਸ਼੍ਰੀ ਚੰਦਰ ਸ਼ੇਖਰ ਗੁਪਤਾ, ਫ਼ਰੀਦਕੋਟ ਤੋਂ ਸ਼੍ਰੀ ਕੇਵਲ ਕ੍ਰਿਸ਼ਨ ਕਟਾਰੀਆ ਅਤੇ ਜਨਹਿਤ ਸਮਿਤੀ ਰਜਿ. ਪਟਿਆਲਾ ਦੇ ਜਨਰਲ ਸਕੱਤਰ ਸਟੇਟ ਐਵਾਰਡੀ ਵਿਨੋਦ ਕੁਮਾਰ ਸ਼ਰਮਾ, ਮੈਨੇਜਰ ਸਤੀਸ਼ ਜੋਸ਼ੀ, ਗਗਨਦੀਪ ਸਿੰਘ ਆਦਿ ਵੀ ਹਾਜਰ ਸਨ।

## ਹਰਜੀਤ ਸਿੰਘ ਗਰੇਵਾਲ ਵੱਲੋਂ ਰਾਜਿੰਦਰਾ ਹਸਪਤਾਲ, ਪਟਿਆਲਾ ਵਿਖੇ ਸ੍ਰੀ ਮੋਹਨਜੀਤ ਸਿੰਘ ਨਾਲ ਮੁਲਾਕਾਤ

**ਪਟਿਆਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਮਾਨਯੋਗ ਚੇਅਰਮੈਨ ਸ੍ਰੀ ਹਰਜੀਤ ਸਿੰਘ ਗਰੇਵਾਲ ਨੇ ਅੱਜ ਰਾਜਿੰਦਰਾ ਹਸਪਤਾਲ, ਪਟਿਆਲਾ ਦਾ ਦੌਰਾ ਕਰਕੇ ਸਿੱਖ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਅਤੇ ਪਿੰਡ ਸ਼ੇਰੋਂ, ਜ਼ਿਲ੍ਹਾ ਸੰਗਰੂਰ ਦੇ ਵਸਨੀਕ ਸ੍ਰੀ ਮੋਹਨਜੀਤ ਸਿੰਘ ਨਾਲ ਮੁਲਾਕਾਤ ਕੀਤੀ, ਜੋ ਇਸ ਸਮੇਂ ਹਸਪਤਾਲ ਵਿੱਚ ਇਲਾਜ ਅਧੀਨ ਹਨ।

ਮਾਨਯੋਗ ਚੇਅਰਮੈਨ ਨੇ ਸ੍ਰੀ ਮੋਹਨਜੀਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਵਿਸਥਾਰ ਨਾਲ ਗੱਲਬਾਤ ਕੀਤੀ ਅਤੇ ਘਟਨਾ ਸਬੰਧੀ ਉਨ੍ਹਾਂ ਦੀ ਗੱਲ ਸੁਣੀ। ਉਨ੍ਹਾਂ ਨੇ ਕਮਿਸ਼ਨ ਕੋਲ ਦਰਜ ਕਰਵਾਈ ਗਈ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ਾਂ ਅਤੇ ਘਟਨਾ ਨਾਲ ਸਬੰਧਤ ਹਾਲਾਤਾਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ।

ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਨੂੰ ਸ੍ਰੀ ਮੋਹਨਜੀਤ ਸਿੰਘ ਦੇ ਪਰਿਵਾਰਕ ਮੈਂਬਰਾਂ ਵੱਲੋਂ ਨੂੰ ਸ਼ਿਕਾਇਤ ਪ੍ਰਾਪਤ ਹੋਈ ਸੀ। ਇਹ ਸ਼ਿਕਾਇਤ 02.09.2026 ਨੂੰ ਪਿੰਡ ਸ਼ੇਰੋਂ, ਸੁਨਾਮ, ਪੰਜਾਬ ਵਿਖੇ ਹੋਏ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਵਾਪਰੀ ਘਟਨਾ ਨਾਲ ਸਬੰਧਤ ਹੈ।

ਸ਼ਿਕਾਇਤ ਅਨੁਸਾਰ, ਸ੍ਰੀ ਮੋਹਨਜੀਤ ਸਿੰਘ ਵੱਲੋਂ ਰਾਜ ਵਿੱਚ ਨਸ਼ਿਆਂ ਦੀ ਸਮੱਸਿਆ ਦੇ ਵਿਰੋਧ ਦੇ ਪ੍ਰਤੀਕ ਵਜੋਂ ਕਥਿਤ ਤੌਰ 'ਤੇ ਕਾਲਾ ਝੰਡਾ ਦਿਖਾਇਆ ਗਿਆ ਸੀ। ਸ਼ਿਕਾਇਤ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਇਸ ਤੋਂ ਬਾਅਦ ਉਨ੍ਹਾਂ ਨੂੰ ਪੁਲਿਸ ਹਿਰਾਸਤ ਵਿੱਚ ਲਿਆ ਗਿਆ ਅਤੇ ਉਨ੍ਹਾਂ ਨਾਲ ਕਥਿਤ ਤੌਰ 'ਤੇ ਕੁੱਟਮਾਰ ਅਤੇ ਤਸ਼ੱਦਦ ਕੀਤਾ ਗਿਆ, ਜਿਸ ਵਿੱਚ ਸੱਟਾਂ ਮਾਰਨ ਅਤੇ ਬਿਜਲੀ ਦੇ ਝਟਕੇ ਦੇਣ ਵਰਗੇ ਗੰਭੀਰ ਦੋਸ਼ ਸ਼ਾਮਲ ਹਨ।

ਸ਼ਿਕਾਇਤ ਵਿੱਚ ਉਨ੍ਹਾਂ ਦੀ ਧਾਰਮਿਕ ਪਹਿਚਾਣ ਅਤੇ ਧਾਰਮਿਕ ਮਰਯਾਦਾ ਨਾਲ ਸਬੰਧਤ ਗੰਭੀਰ ਦੋਸ਼ ਵੀ



ਲਗਾਏ ਗਏ ਹਨ, ਜਿਨ੍ਹਾਂ ਵਿੱਚ ਕਥਿਤ ਤੌਰ 'ਤੇ ਉਨ੍ਹਾਂ ਦਾ ਜੂੜਾ ਜ਼ਬਰਦਸਤੀ ਖੋਲ੍ਹਣਾ ਅਤੇ ਵਾਲਾਂ ਤੇ ਦਾੜ੍ਹੀ ਨੂੰ ਖਿੱਚਣਾ ਸ਼ਾਮਲ ਹੈ। ਇਸ ਤੋਂ ਇਲਾਵਾ, ਪੁਲਿਸ ਕਰਮਚਾਰੀਆਂ ਵੱਲੋਂ ਉਨ੍ਹਾਂ ਦੀ ਮਾਤਾ ਅਤੇ ਭੈਣ ਨਾਲ ਕਥਿਤ ਦੁਰਵਿਵਹਾਰ ਦੇ ਦੋਸ਼ ਵੀ ਲਗਾਏ ਗਏ ਹਨ।

ਮਾਨਯੋਗ ਚੇਅਰਮੈਨ ਨੇ ਸ੍ਰੀ ਮੋਹਨਜੀਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਉਠਾਈਆਂ ਗਈਆਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਘਟਨਾ ਨਾਲ ਸਬੰਧਤ ਤੱਥਾਂ ਅਤੇ ਹਾਲਾਤਾਂ ਬਾਰੇ ਜਾਣਕਾਰੀ ਲਈ।

ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਵੱਲੋਂ ਇਸ ਸ਼ਿਕਾਇਤ ਦਾ ਪਹਿਲਾਂ ਹੀ ਨੋਟਿਸ ਲੈਂਦਿਆਂ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ ਨੂੰ ਪੱਤਰ ਲਿਖ ਕੇ 10 ਦਿਨਾਂ ਦੇ ਅੰਦਰ ਵਿਸਥਾਰਪੂਰਵਕ ਰਿਪੋਰਟ ਮੰਗੀ ਗਈ ਹੈ। ਕਮਿਸ਼ਨ ਵੱਲੋਂ ਮਾਮਲੇ ਦੀ ਤੱਥਾਤਮਕ ਸਥਿਤੀ, ਹੁਣ ਤੱਕ ਕੀਤੀ ਗਈ ਕਾਰਵਾਈ, ਜਾਂਚ/ਕਾਰਵਾਈ ਦੀ ਮੌਜੂਦਾ ਸਥਿਤੀ ਅਤੇ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ਾਂ ਸਬੰਧੀ ਹੋਰ ਲੋੜੀਂਦੀ ਜਾਣਕਾਰੀ ਮੰਗੀ ਗਈ ਹੈ।

## ਝਾੜ ਸਾਹਿਬ ਕਾਲਜ ਦਾ ਬੀ.ਸੀ.ਏ ਸਮੈਸਟਰ ਦੂਜੇ ਦਾ ਨਤੀਜਾ ਸ਼ਾਨਦਾਰ ਰਿਹਾ

**ਮਾਛੀਵਾੜਾ ਸਾਹਿਬ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਹੇਠ ਚੱਲ ਰਹੀ ਸਿਰਮੌਰ ਵਿਦਿਅਕ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ ਦਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨਿਆਂ ਬੀ.ਸੀ.ਏ ਸਮੈਸਟਰ ਦੂਜੇ ਦਾ ਨਤੀਜਾ ਸ਼ਾਨਦਾਰ ਰਿਹਾ। ਬੀ.ਸੀ.ਏ ਦੀ ਵਿਦਿਆਰਥਣ ਜਸਮੀਤ ਕੌਰ ਭੱਠਲ ਨੇ ਐੱਸ.ਜੀ.ਪੀ.ਏ 8.38 ਅੰਕ ਪ੍ਰਾਪਤ ਕਰਕੇ ਕਾਲਜ 'ਚੋਂ ਪਹਿਲਾ, ਰੁਪਿੰਦਰ ਕੌਰ ਨੇ ਐੱਸ.ਜੀ.ਪੀ.ਏ 8.29 ਅੰਕ ਪ੍ਰਾਪਤ ਕਰਕੇ ਦੂਜਾ ਅਤੇ ਗੁਰਲੀਨ ਕੌਰ ਨੇ ਐੱਸ.ਜੀ.ਪੀ.ਏ 8.25 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਵਿਦਿਆਰਥਣਾਂ ਦੀ ਵਧੀਆ ਕਾਰਗੁਜਾਰੀ ਲਈ ਸਮੁੱਚੇ ਕੰਪਿਊਟਰ ਵਿਭਾਗ, ਵਿਦਿਆਰਥਣਾਂ ਅਤੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਕਾਲਜ ਦਾ ਮੁੱਖ ਉਦੇਸ਼ ਵਿਦਿਆਰਥਣਾਂ ਨੂੰ ਅਕਾਦਮਿਕ ਪੱਧਰ ਤੇ ਅਜਿਹੀ ਮਿਆਰੀ ਸਿੱਖਿਆ ਦੇਣਾ ਹੈ।

## ਪੰਜਾਬੀ ਯੂਨੀਵਰਸਿਟੀ ਦੀ ਸੀਨੀਅਰ ਸਹਾਇਕ ਪਰਮਜੀਤ ਕੌਰ ਨੇ 'ਖੇਡਾਂ ਵਤਨ ਪੰਜਾਬ ਦੀਆਂ-2026' ਵਿੱਚ ਜਿੱਤੇ ਦੋ ਸੋਨ ਤ.ਗਮੇ

**ਪਟਿਆਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ-2026' ਤਹਿਤ ਪੋਲੋ ਗਰਾਊਂਡ, ਪਟਿਆਲਾ ਵਿਖੇ ਪਟਿਆਲਾ ਸ਼ਹਿਰੀ ਬਲਾਕ ਦੇ ਖੇਡ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ 'ਪੰਜਾਬ ਦਾ ਵਣ ਤ੍ਰਿਣ ਜੀਵ ਜੰਤੂ ਮੁੜ ਬਹਾਲੀ ਕੇਂਦਰ' ਵਿਖੇ ਤਾਇਨਾਤ ਸੀਨੀਅਰ ਸਹਾਇਕ ਸ੍ਰੀਮਤੀ ਪਰਮਜੀਤ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੋਹਰੀ ਸਫ਼ਲਤਾ ਹਾਸਲ ਕੀਤੀ ਹੈ। ਸ੍ਰੀਮਤੀ ਪਰਮਜੀਤ ਕੌਰ ਨੇ 41 ਤੋਂ 50 ਸਾਲ ਉਮਰ ਵਰਗ ਦੇ ਐਥਲੈਟਿਕਸ ਮੁਕਾਬਲਿਆਂ ਵਿੱਚ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਵਾਇਆ। ਉਨ੍ਹਾਂ ਨੇ 100 ਮੀਟਰ ਦੌੜ ਅਤੇ ਲੰਬੀ ਛਾਲ (ਲੌਂਗ ਜੰਪ), ਦੋਵਾਂ ਈਵੈਂਟਾਂ ਵਿੱਚ



ਪਹਿਲਾ ਸਥਾਨ ਪ੍ਰਾਪਤ ਕਰਕੇ ਦੋ ਸੋਨ ਤ.ਗਮੇ (ਗੋਲਡ ਮੈਡਲ) ਆਪਣੇ ਨਾਮ ਕੀਤੇ। ਉਨ੍ਹਾਂ ਦੀ ਇਸ ਸ਼ਾਨਦਾਰ ਜਿੱਤ ਨੇ ਜਿੱਥੇ ਯੂਨੀਵਰਸਿਟੀ ਦਾ ਮਾਣ ਵਧਾਇਆ ਹੈ, ਉੱਥੇ ਹੀ ਹੋਰਨਾਂ ਮੁਲਾਜ਼ਮਾਂ ਤੇ ਖਿਡਾਰੀਆਂ ਲਈ ਵੀ ਇੱਕ ਵੱਡੀ ਪ੍ਰੇਰਨਾ ਸਰੋਤ ਸਿੱਧ ਹੋਈ ਹੈ। ਇਸ ਮੌਕੇ ਸ੍ਰੀਮਤੀ ਦਲਜੀਤ ਕੌਰ, ਸ੍ਰੀ ਦੀਪਇੰਦਰ ਸਿੰਘ, ਸ੍ਰੀ ਬਲਕਾਰ ਸਿੰਘ, ਸ੍ਰੀ ਬਲਵਿੰਦਰ ਸਿੰਘ, ਸ੍ਰੀ ਪ੍ਰੇਮ ਸਿੰਘ, ਸ੍ਰੀ ਮਨਪ੍ਰੀਤ ਸਿੰਘ, ਸ੍ਰੀ ਸਰਬਜੀਤ ਸਿੰਘ ਸਮੇਤ ਹੋਰ ਪਤਵੰਤੇ ਅਧਿਆਪਕ ਅਤੇ ਕਰਮਚਾਰੀ ਹਾਜ਼ਰ ਰਹੇ। ਸਮੂਹ ਹਾਜ਼ਰੀਨ ਨੇ ਪਰਮਜੀਤ ਕੌਰ ਨੂੰ ਉਨ੍ਹਾਂ ਦੀ ਇਸ ਬਿਹਤਰੀਨ ਖੇਡ ਪੇਸ਼ਕਾਰੀ ਉੱਤੇ ਹਾਰਦਿਕ ਵਧਾਈ ਦਿੱਤੀ ਅਤੇ ਅਗਲੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖਣ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਸ੍ਰੀਮਤੀ ਪਰਮਜੀਤ ਕੌਰ ਨੇ ਇਸ ਜਿੱਤ ਦਾ ਸਿਹਰਾ ਆਪਣੇ ਸਾਥੀਆਂ ਦੇ ਨਿਰੰਤਰ ਸਹਿਯੋਗ ਅਤੇ ਉਤਸ਼ਾਹ ਨੂੰ ਦਿੱਤਾ। ਉਨ੍ਹਾਂ ਕਿਹਾ ਕਿ ਉਮਰ ਕਿਸੇ ਵੀ ਸ਼ੌਕ ਜਾਂ ਸਿਹਤਮੰਦ ਜੀਵਨ ਸ਼ੈਲੀ ਦੇ ਰਾਹ ਵਿੱਚ ਰੁਕਾਵਟ ਨਹੀਂ ਬਣਦੀ, ਬਸ਼ਰਤੇ ਮਨ ਵਿੱਚ ਮਿਹਨਤ ਅਤੇ ਸਮਰਪਣ ਦਾ ਜਜ਼ਬਾ ਹੋਵੇ।

## ਸਰਮਾਏਦਾਰੀ ਕਾਰਨ ਮਨੁੱਖੀ ਕਦਰਾਂ ਕੀਮਤਾਂ ਤਬਾਹ ਹੋ ਰਹੀਆਂ ਹਨ : ਤਰਕਸ਼ੀਲ ਸੂਬਾ ਆਗੂ ਰਜਿੰਦਰ ਭਦੌੜ

**ਪਟਿਆਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਪਟਿਆਲਾ ਇਕਾਈ ਦੀ ਇਕ ਅਹਿਮ ਮੀਟਿੰਗ ਬੰਗ ਮੀਡੀਆ ਕੰਪਲੈਕਸ ਵਿੱਚ ਹੋਈ। ਜਿਸ ਵਿਚ ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਸ੍ਰੀ ਰਜਿੰਦਰ ਭਦੌੜ ਮੁੱਖ ਬੁਲਾਰੇ ਦੇ ਤੌਰ ਤੇ ਪਹੁੰਚੇ। ਇਸ ਭਰਵੀਂ ਮੀਟਿੰਗ ਵਿੱਚ ਐਡਵੋਕੇਟ ਰਾਜੀਵ ਲੋਹਟਬੱਦੀ, ਐਡਵੋਕੇਟ ਬਲਵੰਤ ਸਿੰਘ, ਭਗਵਾਨ ਸਿੰਘ, ਭੁਪਿੰਦਰ ਸਿੰਘ, ਜੋਨ ਆਗੂ ਬੀਬੀ ਕੁਲਵੰਤ ਕੌਰ, ਸਨੇਹ ਲਤਾ ਅਤੇ ਗੁਰਤੇਜ ਸਿੰਘ ਘਨੌਰ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਬੋਲਦਿਆਂ ਸ੍ਰੀ ਰਜਿੰਦਰ ਭਦੌੜ ਨੇ ਕਿਹਾ ਕਿ ਅੱਜ ਦੇ ਦੌਰ ਵਿੱਚ ਜਿੱਥੇ ਸਰਮਾਏਦਾਰੀ ਆਪਣਾ ਭਿਆਨਕ ਰੂਪ ਦਿਖਾ ਰਹੀ ਹੈ ਓਥੇ ਮਨੁੱਖੀ ਕਦਰਾਂ ਕੀਮਤਾਂ ਨਿਘਾਰ ਵੱਲ ਜਾ ਰਹੀਆਂ ਹਨ। ਮੌਜੂਦਾ ਸਰਕਾਰਾਂ ਲੋਕਾਂ ਦਾ ਪੱਖ ਪੂਰਨ ਦੀ ਥਾਂ ਵਡੇ ਧਨਾਡਾਂ ਦੀ ਪੁਸ਼ਤਪਨਾਹੀ ਕਰਦੀਆਂ ਨਜ਼ਰ ਆ ਰਹੀਆਂ ਹਨ ਅਤੇ ਨਵੀਂ ਤਕਨਾਲੋਜੀ ਹਰ ਖੇਤਰ ਵਿਚ ਕੰਮ ਕਰਨ ਦੇ ਮੌਕੇ ਤਬਾਹ ਕਰ ਰਹੀ ਹੈ।



ਜਿਸ ਦਾ ਮਾਰੂ ਅਸਰ ਨੌਜਵਾਨ ਪੀੜ੍ਹੀ ਤੇ ਸਪਸ਼ਟ ਨਜ਼ਰ ਆ ਰਿਹਾ ਹੈ।ਇਸ ਮੌਕੇ ਉਨ੍ਹਾਂ ਇਹ ਵੀ ਕਿਹਾ ਕਿ ਸਮੇਂ ਦੇ ਪ੍ਰਭਾਵ ਤੋਂ ਬਚਣ ਲਈ ਅਗਾਂਹਵਧੂ ਤੇ ਚੇਤਨ ਲੋਕਾਂ ਨੂੰ ਆਮ ਖ਼ਲਕਤ ਦੀ ਯੋਗ ਅਗਵਾਈ ਕਰਨੀ ਚਾਹੀਦੀ ਹੈ ਤਾਂਕਿ ਲੋਕ ਆਪਣੀ ਜ਼ਿੰਦਗੀ ਦਾ ਮੁੱਲਾਂਕਣ ਆਪ ਕਰਨ ਅਤੇ ਸੰਘਰਸ਼ ਅਤੇ ਤਰਕਸ਼ੀਲਤਾ ਰਾਹੀਂ ਇਸ ਮਾਰੂ ਦੌਰ ਵਿਚੋਂ ਨਿਕਲਣ ਲਈ ਲਾਮ ਬੱਧ ਹੋਣ। ਉਨ੍ਹਾਂ ਕਿਹਾ ਕਿ ਬੇਲੋੜੀਆਂ ਰਸਮਾਂ ਰਿਵਾਜ਼ਾਂ ਤੇ ਪੈਸਾ ਬਰਬਾਦ ਕਰਨ ਦੀ ਥਾਂ ਤੇ ਲੋਕਾਂ ਅਤੇ ਵਿਸ਼ੇਸ਼ ਤੌਰ ਤੇ ਨੌਜਵਾਨਾਂ ਨੂੰ ਉਸਾਰੂ ਤੇ ਤਰਕਸ਼ੀਲ ਸਾਹਿਤ ਪੜ੍ਹਨਾ ਸਮੇਂ ਦੀ ਲੋੜ ਹੈ ਅਤੇ ਮੀਡੀਆ ਦੇ ਬੁਰੇ ਪ੍ਰਭਾਵਾਂ ਤੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਚਾਉਣਾ ਚਾਹੀਦਾ ਹੈ। ਇਸ ਮੀਟਿੰਗ ਨੂੰ ਸ੍ਰੀ ਰਾਮ ਕੁਮਾਰ ਨੇ ਵੀ ਸੰਬੋਧਨ ਕੀਤਾ ਤੇ ਸਾਥੀ ਮਨਪ੍ਰੀਤ ਸਿੰਘ ਨੇ ਇਕ ਬਾ-ਤਰਨਮ ਲੋਕ ਗੀਤ ਪੇਸ਼ ਕੀਤਾ।

ਇਸ ਸਮੇਂ ਜੋਨ ਮੀਡੀਆ ਆਗੂ ਰਾਮ ਸਿੰਘ ਬੰਗ, ਜਾਗਨ ਸਿੰਘ, ਗੁਰਬਚਨ ਸਿੰਘ, ਗੁਲਜ਼ਾਰ ਸਿੰਘ, ਚੰਦ ਸਿੰਘ, ਪਰਮਜੀਤ ਸਿੰਘ, ਸੁਰਜੀਤ ਸਿੰਘ, ਹਰਜਿੰਦਰ ਸਿੰਘ, ਮਨੋਜ ਘਈ, ਮਨਪ੍ਰੀਤ ਸਿੰਘ, ਰਾਜਿੰਦਰ ਸਿੰਘ ਆਦਿ ਹਾਜ਼ਰ ਸਨ।

## ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵਿਖੇ ਐਸੋਸੀਏਟ ਐਨ.ਸੀ.ਸੀ. ਅਫ਼ਸਰ (ਏ.ਐਨ.ਓ) ਕਾਨਕਲੇਵ ਦਾ ਸਫਲ ਆਯੋਜਨ

**ਪਟਿਆਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਐਨ.ਸੀ.ਸੀ. ਗਰੁੱਪ ਹੈੱਡਕੁਆਰਟਰ, ਪਟਿਆਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ 10 ਪੰਜਾਬ ਬਟਾਲੀਅਨ ਐਨ.ਸੀ.ਸੀ., ਪਟਿਆਲਾ ਵੱਲੋਂ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵਿਖੇ ਐਸੋਸੀਏਟ ਐਨ.ਸੀ.ਸੀ. ਅਫ਼ਸਰ (ਏ.ਐਨ.ਓ) ਕਾਨਫਰੰਸ ਦਾ ਸਫਲ ਆਯੋਜਨ ਕੀਤਾ ਗਿਆ।

ਇਹ ਕਾਨਫਰੰਸ ਕਰਨਲ ਅਮਿਤੇਸ਼ ਵਰਮਾ, ਕਮਾਂਡਿੰਗ ਅਫ਼ਸਰ, 10 ਪੰਜਾਬ ਬਟਾਲੀਅਨ ਐਨ.ਸੀ.ਸੀ. ਦੀ ਅਗਵਾਈ ਹੇਠ ਕਰਵਾਈ ਗਈ, ਜਿਸ ਵਿੱਚ ਪਟਿਆਲਾ ਗਰੁੱਪ ਦੀਆਂ ਸੱਤ ਐਨ.ਸੀ.ਸੀ. ਯੂਨਿਟਾਂ ਤੋਂ ਕਰੀਬ 135 ਏ.ਐਨ.ਓ ਨੇ ਭਾਗ ਲਿਆ।

ਸਮਾਗਮ ਦੀ ਪ੍ਰਧਾਨਗੀ ਬ੍ਰਿਗੇਡੀਅਰ ਐਚ.ਐਸ. ਸੰਧੂ, ਗਰੁੱਪ ਕਮਾਂਡਰ, ਐਨ.ਸੀ.ਸੀ. ਗਰੁੱਪ ਹੈੱਡਕੁਆਰਟਰ, ਪਟਿਆਲਾ ਨੇ ਕੀਤੀ। ਇਸ ਮੌਕੇ ਕਰਨਲ ਮੋਹਿਤ ਅਗਰਵਾਲ, ਡਿਪਟੀ ਗਰੁੱਪ ਕਮਾਂਡਰ, ਪਟਿਆਲਾ ਗਰੁੱਪ ਦੇ ਸਮੂਹ ਕਮਾਂਡਿੰਗ ਅਫ਼ਸਰ, 11 ਅਧਿਕਾਰੀ, 135 ਏ.ਐਨ.ਓ ਅਤੇ 9 ਪੀ.ਆਈ. ਸਟਾਫ਼ ਹਾਜ਼ਰ ਸਨ।



ਕਾਨਫਰੰਸ ਦੌਰਾਨ ਐਨ.ਸੀ.ਸੀ. ਦੀ ਕਾਰਜ ਪ੍ਰਣਾਲੀ, ਕੈਡਿਟਾਂ ਦੀ ਸ਼ਖ਼ਸੀਅਤ ਉਸਾਰੀ ਅਤੇ ਲੀਡਰਸ਼ਿਪ ਵਿਕਾਸ, ਸਕਿੱਲ ਇਨਹਾਂਸਮੈਂਟ, ਸਸ਼ਸਤਰ ਬਲਾਂ ਵਿੱਚ ਕਰੀਅਰ ਦੇ ਮੌਕਿਆਂ ਅਤੇ ਸੁਰੱਖਿਆ ਤੇ ਅਨੁਸ਼ਾਸਨ ਸਬੰਧੀ ਮਹੱਤਵਪੂਰਨ ਸੈਸ਼ਨ ਆਯੋਜਿਤ ਕੀਤੇ ਗਏ।

ਓਪਨ ਹਾਊਸ ਸੈਸ਼ਨ ਦੌਰਾਨ ਏ.ਐਨ.ਓ ਨੇ ਜ਼ਮੀਨੀ ਪੱਧਰ ਦੀਆਂ ਸਮੱਸਿਆਵਾਂ ਅਤੇ ਆਪਣੇ ਤਜਰਬੇ ਸਾਂਝੇ ਕੀਤੇ, ਜਿਨ੍ਹਾਂ ਸਬੰਧੀ ਸੀਨੀਅਰ ਅਧਿਕਾਰੀਆਂ ਵੱਲੋਂ ਢੁਕਵਾਂ ਮਾਰਗਦਰਸ਼ਨ ਦਿੱਤਾ ਗਿਆ।

ਆਪਣੇ ਸੰਬੋਧਨ ਵਿੱਚ ਬ੍ਰਿਗੇਡੀਅਰ ਐਚ.ਐਸ. ਸੰਧੂ ਨੇ ਕਿਹਾ ਕਿ ਏ.ਐਨ.ਓ ਐਨ.ਸੀ.ਸੀ. ਸਿਖਲਾਈ ਦੀ ਰੀੜ੍ਹ ਦੀ ਹੱਡੀ ਹਨ ਅਤੇ ਅਨੁਸ਼ਾਸਿਤ, ਹੁਨਰਮੰਦ ਅਤੇ ਆਤਮਵਿਸ਼ਵਾਸੀ ਨੌਜਵਾਨ ਤਿਆਰ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ ਬਹੁਤ ਹੀ ਮਹੱਤਵਪੂਰਨ ਹੈ। ਇਸ ਦੀ ਜਾਣਕਾਰੀ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਟ੍ਰੇਨਿੰਗ ਅਫ਼ਸਰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਨਾਭਾ ਰੋਡ ਪਟਿਆਲਾ ਨੇ ਦਿੱਤੀ।

## ਬਾਬਾ ਬੰਦਾ ਸਿੰਘ ਬਹਾਦਰ ਕਿਸਾਨ ਮਜ਼ਦੂਰ ਯੂਨੀਅਨ ਦੀ ਹਿਆਤਪੁਰ ਵਿੱਚ ਹੋਈ ਭਰਵੀਂ ਮੀਟਿੰਗ



**ਮਾਛੀਵਾੜਾ ਸਾਹਿਬ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਹਿਆਤਪੁਰ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਕਿਸਾਨ ਮਜ਼ਦੂਰ ਯੂਨੀਅਨ ਦੀ ਇੱਕ ਭਰਵੀਂ ਮੀਟਿੰਗ ਕੌਮੀ ਪ੍ਰਧਾਨ ਜੁਗਰਾਜ ਸਿੰਘ ਮੰਡ ਅਤੇ ਕੌਮੀ ਜਨਰਲ ਸਕੱਤਰ ਗੁਰਮੀਤ ਸਿੰਘ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਅਤੇ ਕਿਸਾਨਾਂ ਤੇ ਮਜ਼ਦੂਰਾਂ ਨਾਲ ਸਬੰਧਤ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਜਥੇਬੰਦੀ ਵੱਲੋਂ ਅਹਿਮ ਨਿਯੁਕਤੀਆਂ ਵੀ ਕੀਤੀਆਂ ਗਈਆਂ ਜਿਸ ਵਿਚ ਅਜੇਪਾਲ ਸਿੰਘ ਬੁਆਲ ਨੂੰ ਕੌਮੀ ਸੀਨੀਅਰ ਮੀਤ ਪ੍ਰਧਾਨ, ਜਦਕਿ ਪ੍ਰਭਜੋਤ ਸਿੰਘ ਅਤੇ ਨਵਕਰਨਦੀਪ ਸਿੰਘ ਨੂੰ ਜਨਰਲ ਸਕੱਤਰ ਪੰਜਾਬ ਨਿਯੁਕਤ ਕੀਤਾ ਗਿਆ।

ਇਸ ਤੋਂ ਇਲਾਵਾ ਸੁਰਿੰਦਰ ਸਿੰਘ ਨੂੰ ਵੀ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ। ਇਸ ਮੌਕੇ ਲੁਧਿਆਣਾ ਦਿਹਾਤੀ ਦੇ ਪ੍ਰਧਾਨ ਖੁਸ਼ਦੀਪ ਸਿੰਘ ਬੈਂਸ, ਕੌਮੀ ਮੀਤ ਪ੍ਰਧਾਨ ਫਤਿਹ ਸਿੰਘ ਰਾਓ, ਦਵਿੰਦਰ ਸਿੰਘ ਰਾਓ, ਹਰਮਦੀਪ ਸਿੰਘ, ਕਰਨਦੀਪ ਸਿੰਘ, ਦਵਿੰਦਰ ਸਿੰਘ ਪਵਾ, ਪ੍ਰਿਤਪਾਲ ਸਿੰਘ, ਨਵਜੀਪ ਸਿੰਘ ਗੋਲਡੀ, ਜਸਵਿੰਦਰ ਸਿੰਘ, ਸਰਪੰਚ ਰਾਜ ਕੁਮਾਰ ਮਨੀ, ਮੋਹਣ ਸਿੰਘ ਅਤੇ ਲਖਵਿੰਦਰ ਸਿੰਘ, ਗੁਰਤੇਜ ਸਿੰਘ, ਸੁਖਵਿੰਦਰ ਸਿੰਘ, ਨਰਲੇਪ ਸਿੰਘ, ਰਾਮ ਸਿੰਘ, ਕਰਮਜੀਤ ਸਿੰਘ ਸਮੇਤ ਗ੍ਰਾਮ ਪੰਚਾਇਤ ਦੇ ਮੈਂਬਰ ਅਤੇ ਯੂਨੀਅਨ ਦੇ ਵੱਡੀ ਗਿਣਤੀ ਵਿੱਚ ਮੈਂਬਰ ਹਾਜ਼ਰ ਸਨ। ਮੀਟਿੰਗ ਦੌਰਾਨ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਆਗੂਆਂ ਨੇ ਉਮੀਦ ਜਤਾਈ ਕਿ ਉਹ ਜਥੇਬੰਦੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਅਤੇ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕਾਂ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ।

# ਬਹਿਬਲ ਕਲਾਂ ਗੋਲੀ ਕਾਂਡ ਮਾਮਲਾ: ਸੁਖਬੀਰ ਬਾਦਲ ਸਿਟ ਅੱਗੇ ਨਹੀਂ ਹੋਏ ਪੇਸ਼; 30 ਸਤੰਬਰ ਤੱਕ ਦਾ ਮੰਗਿਆ ਸਮਾਂ



**ਚੰਡੀਗੜ੍ਹ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਾਲ 2015 ਦੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਅੱਗੇ ਪੇਸ਼ ਨਹੀਂ ਹੋਏ। ਬਾਦਲ ਨੂੰ ਸੈਕਟਰ-32 ਸਥਿਤ ਪੰਜਾਬ ਪੁਲੀਸ ਆਫ਼ੀਸਰਜ਼ ਇੰਸਟੀਚਿਊਟ ਵਿਖੇ ਐੱਸ ਆਈ ਟੀ ਸਾਹਮਣੇ ਪੇਸ਼ ਹੋਣ ਲਈ ਸੰਮਨ ਭੇਜੇ ਗਏ ਸਨ।

ਹਾਲਾਂਕਿ, ਉਨ੍ਹਾਂ ਵੱਲੋਂ ਪਰਮਬੰਸ ਸਿੰਘ ਰੋਮਾਣਾ ਅਤੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਸਵੇਰੇ 11 ਵਜੇ ਦੇ ਕਰੀਬ ਐੱਸ ਆਈ ਟੀ ਅਧਿਕਾਰੀਆਂ ਨੂੰ ਮਿਲੇ। ਇੱਕ ਲਿਖਤੀ ਬੇਨਤੀ ਵਿੱਚ ਸੁਖਬੀਰ ਸਿੰਘ ਬਾਦਲ ਨੇ ਐੱਸ ਆਈ ਟੀ ਅੱਗੇ ਪੇਸ਼ ਨਾ ਹੋ ਸਕਣ ਦਾ ਕਾਰਨ ਆਪਣੀ ਖ਼ਰਾਬ ਸਿਹਤ ਦੱਸਿਆ। ਬਾਦਲ ਨੇ ਕਿਹਾ ਕਿ ਡਾਕਟਰੀ ਚੈੱਕਅਪ ਲਈ ਡਾਕਟਰ ਕੋਲ ਜਾਣ ਦੀ ਲੋੜ ਹੋਣ ਕਾਰਨ ਉਹ ਪੇਸ਼ ਨਹੀਂ ਹੋ ਸਕੇ। ਇਸ ਤੋਂ ਇਲਾਵਾ ਉਨ੍ਹਾਂ ਸੂਬੇ ਭਰ ਵਿੱਚ ਪਬਲਿਕ ਰੈਲੀਆਂ ਅਤੇ ਲੋਕ ਸੰਪਰਕ ਪ੍ਰੋਗਰਾਮਾਂ ਦੇ ਰੁਝੇਵਿਆਂ ਦਾ ਹਵਾਲਾ ਦਿੰਦਿਆਂ 30 ਸਤੰਬਰ ਤੱਕ ਦਾ ਸਮਾਂ ਮੰਗਿਆ ਹੈ।

ਪਰਮਬੰਸ ਸਿੰਘ ਬੰਟੀ ਰੋਮਾਣਾ ਨੇ ਕਿਹਾ, ਅਸੀਂ ਐੱਸ ਆਈ ਟੀ ਤੋਂ ਲਿਖਤੀ ਪ੍ਰਸ਼ਨਾਵਲੀ ਦੀ ਵੀ ਮੰਗ ਕੀਤੀ ਹੈ। ਸਾਨੂੰ ਉਨ੍ਹਾਂ ਦੀ ਨੀਅਤ ’ਤੇ ਸ਼ੱਕ ਹੈ। ਅਸੀਂ ਸਹਿਯੋਗ ਕਰਨਾ ਚਾਹੁੰਦੇ ਹਾਂ, ਪਰ ਉਨ੍ਹਾਂ ਦਾ ਮਕਸਦ ਸਿਆਸੀ ਬਿਰਤਾਂਤ ਸਿਰਜਣਾ ਜਾਪਦਾ ਹੈ। ਰੋਮਾਣਾ ਨੇ ਦੋਸ਼ ਲਾਇਆ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਦੋਵਾਂ ਨੇ ਇੱਕੋ ਜਿਹਾ ਪੈਟਰਨ ਅਪਣਾਇਆ ਹੈ ਅਤੇ ਸੁਖਬੀਰ ਸਿੰਘ ਬਾਦਲ ਨੂੰ ਘੇਰਨ ਲਈ ਹੀ ਜਾਂਚ ਸ਼ੁਰੂ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ ਤੋਂ ਬੇਅਦਬੀ ਦੇ ਮੁੱਦੇ ’ਤੇ ਸਿਰਫ਼ ਸਿਆਸਤ ਹੀ ਖੇਡੀ ਗਈ ਹੈ ਅਤੇ ਅਜੇ ਤੱਕ ਕੋਈ ਇਨਸਾਫ਼ ਨਹੀਂ ਮਿਲਿਆ। ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਵੀ ਸਰਕਾਰ ਮੁਸ਼ਕਲ ਵਿੱਚ ਹੁੰਦੀ ਹੈ, ਤਾਂ ਲੋਕਾਂ ਦਾ ਧਿਆਨ ਭਟਕਾਉਣ ਲਈ ਇਸ ਮਾਮਲੇ ਨੂੰ ਮੁੜ ਉਛਾਲ ਦਿੱਤਾ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਸਾਲ 2015 ਵਿੱਚ ਫ਼ਰੀਦਕੋਟ ਦੇ ਬੁਰਜ ਜਵਾਹਰ ਸਿੰਘ ਵਾਲਾ ਗੁਰਦੁਆਰਾ ਸਾਹਿਬ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਚੋਰੀ, ਬਰਗਾੜੀ ਅਤੇ ਬੁਰਜ ਜਵਾਹਰ ਸਿੰਘ ਵਾਲਾ ਵਿਖੇ ਹੱਥ ਲਿਖਤ ਭੜਕਾਊ ਪੋਸਟਰ ਲਗਾਉਣ ਅਤੇ ਬਰਗਾੜੀ ਵਿਖੇ ਪਵਿੱਤਰ ਅੰਗ ਖਿਲਾਰਨ ਦੀਆਂ ਘਟਨਾਵਾਂ ਵਾਪਰੀਆਂ ਸਨ। ਇਨ੍ਹਾਂ ਘਟਨਾਵਾਂ ਤੋਂ ਬਾਅਦ ਅਕਤੂਬਰ 2015 ਵਿੱਚ ਫ਼ਰੀਦਕੋਟ ਵਿਖੇ ਵੱਡੇ ਪੱਧਰ ’ਤੇ ਰੋਸ ਪ੍ਰਦਰਸ਼ਨ ਹੋਏ ਸਨ। ਪੁਲੀਸ ਦੀ ਗੋਲੀਬਾਰੀ ਦੌਰਾਨ ਬਹਿਬਲ ਕਲਾਂ ਵਿੱਚ ਗੁਰਜੀਤ ਸਿੰਘ ਅਤੇ ਕ੍ਰਿਸ਼ਨ ਭਗਵਾਨ ਸਿੰਘ ਨਾਂ ਦੇ ਦੋ ਵਿਅਕਤੀ ਮਾਰੇ ਗਏ ਸਨ, ਜਦੋਂ ਕਿ ਕੋਟਕਪੂਰਾ ਵਿੱਚ ਕੁਝ ਲੋਕ ਜ਼ਖ਼ਮੀ ਹੋ ਗਏ ਸਨ।

ਉਧਰ, ਆਮ ਆਦਮੀ ਪਾਰਟੀ ਦੇ ਆਗੂ ਰਣਬੀਰ ਸਿੰਘ ਢਿੱਲੋਂ ਨੇ ਪ੍ਰੈੱਸ ਕਾਨਫਰੰਸ ਕਰਦਿਆਂ ਦਾਅਵਾ ਕੀਤਾ ਕਿ ਸੁਖਬੀਰ ਬਾਦਲ ਜਾਣਬੁੱਝ ਕੇ ਐੱਸ.ਆਈ.ਟੀ. ਅੱਗੇ ਪੇਸ਼ ਨਹੀਂ ਹੋ ਰਹੇ। ਢਿੱਲੋਂ ਨੇ ਦੋਸ਼ ਲਾਇਆ ਕਿ ਭਾਜਪਾ ਅਤੇ ਅਕਾਲੀ ਦਲ ਵਿਚਕਾਰ ਕੋਈ ਸਮਝੌਤਾ ਹੋ ਰਿਹਾ ਹੈ ਅਤੇ ਭਾਜਪਾ ਨੇ ਹੀ ਬਾਦਲ ਨੂੰ ਸਿਆਸੀ ਸੁਰੱਖਿਆ ਦਾ ਭਰੋਸਾ ਦੇ ਕੇ ਪੇਸ਼ ਨਾ ਹੋਣ ਦੀ ਸਲਾਹ ਦਿੱਤੀ ਹੈ।

# ਪ੍ਰਧਾਨ ਮੰਤਰੀ ਮੋਦੀ ਨੇ ਰੂਸੀ ਰਾਸ਼ਟਰਪਤੀ ਪੂਤਿਨ ਨਾਲ ਕੀਤੀ ਦੁਵੱਲੀ ਗੱਲਬਾਤ; 2030 ਤੱਕ 100 ਅਰਬ ਡਾਲਰ ਦੇ ਵਪਾਰਕ ਟੀਚੇ ਸਮੇਤ ਕਈ ਅਹਿਮ ਮੁੱਦਿਆਂ ’ਤੇ ਚਰਚਾ

**ਨਵੀਂ ਦਿੱਲੀ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵਿਚਕਾਰ ਅੱਜ ਨਵੀਂ ਦਿੱਲੀ ਵਿੱਚ ਅਧਿਕਾਰਤ ਗੱਲਬਾਤ ਸ਼ੁਰੂ ਹੋ ਗਈ ਹੈ। ਇਸ ਉੱਚ-ਪੱਧਰੀ ਬੈਠਕ ਦੌਰਾਨ ਸਾਲ 2030 ਤੱਕ 100 ਅਰਬ ਡਾਲਰ ਦੇ ਦੁਵੱਲੇ ਵਪਾਰਕ ਟੀਚੇ ਨੂੰ ਹਾਸਲ ਕਰਨ, ਊਰਜਾ ਸਹਿਯੋਗ ਨੂੰ ਵਧਾਉਣ ਅਤੇ ਸਿਵਲ ਪ੍ਰਮਾਣੂ ਭਾਈਵਾਲੀ ਜਿਹੇ ਮੁੱਖ ਵਿਸ਼ਿਆਂ ’ਤੇ ਵਿਚਾਰ-ਚਰਚਾ ਕੀਤੇ ਜਾਣ ਦੀ ਪੂਰੀ ਸੰਭਾਵਨਾ ਹੈ। ਭਾਰਤ ਮੰਡਪਮ ਵਿਖੇ ਹੋ ਰਹੀ ਇਹ ਮੁਲਾਕਾਤ 18ਵੇਂ ਬ੍ਰਿਕਸ ਸੰਮੇਲਨ ਤੋਂ ਠੀਕ ਇੱਕ ਦਿਨ ਪਹਿਲਾਂ ਹੋ ਰਹੀ ਹੈ।

ਇਹ ਗੱਲਬਾਤ ਅਜਿਹੇ ਮਾਹੌਲ ਵਿੱਚ ਹੋ ਰਹੀ ਹੈ ਜਦੋਂ ਚੱਲ ਰਹੇ ਰੂਸ-ਯੂਕਰੇਨ ਯੁੱਧ ਅਤੇ ਪੱਛਮੀ ਦੇਸ਼ਾਂ ਦੇ ਵਧ ਰਹੇ ਦਬਾਅ ਦੇ ਬਾਵਜੂਦ ਭਾਰਤ ਰੂਸ ਨਾਲ ਆਪਣੀ ਰਣਨੀਤਕ ਸਾਂਝੇਦਾਰੀ ਨੂੰ ਲਗਾਤਾਰ ਮਜ਼ਬੂਤ ਕਰ ਰਿਹਾ ਹੈ।



ਇਸ ਮੌਕੇ ਭਾਰਤੀ ਸੱਭਿਆਚਾਰਕ ਵਿਰਸੇ ਨੂੰ ਉਜਾਗਰ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਰੂਸੀ ਰਾਸ਼ਟਰਪਤੀ ਪੂਤਿਨ ਨੂੰ ਮਹਾਨ ਤਾਮਿਲ ਕਵੀ ਅਤੇ ਦਾਰਸ਼ਨਿਕ ਤਿਰੂਵੱਲੂਵਰ ਦੀ ਪ੍ਰਸਿੱਧ ਰਚਨਾ ‘ਤਿਰੁੱਕੁਰਲ’ ਦਾ ਰੂਸੀ ਭਾਸ਼ਾ ਵਿੱਚ ਅਨੁਵਾਦ ਤੋਹਫ਼ੇ ਵਜੋਂ ਭੇਟ ਕੀਤਾ। 1,330 ਦੋਹਿਆਂ ਵਿੱਚ ਰਚੀ ਗਈ ਇਹ ਪੁਸਤਕ ਨੈਤਿਕਤਾ ਅਤੇ ਮਨੁੱਖੀ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਬਾਖ਼ੂਬੀ ਪੇਸ਼ ਕਰਦੀ ਹੈ। ਭਾਰਤ ਮੰਡਪਮ ਵਿਖੇ ਸ਼ਨਿੱਚਰਵਾਰ ਨੂੰ ਹੋਣ ਵਾਲੀ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੀਟਿੰਗ ਸਭ ਤੋਂ ਵੱਧ ਖਿੱਚ ਦਾ ਕੇਂਦਰ ਰਹੇਗੀ। ਸਾਲ 2020 ਦੀਆਂ ਸਰਹੱਦੀ ਘਟਨਾਵਾਂ ਤੋਂ ਬਾਅਦ ਸੱਤ ਸਾਲਾਂ ਵਿੱਚ ਸ਼ੀ ਦੀ ਇਹ ਪਹਿਲੀ ਭਾਰਤ ਫੇਰੀ ਹੈ, ਜਿਸ ਨੂੰ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਤਣਾਅ ਘਟਾਉਣ ਵੱਲ ਅਹਿਮ ਕਦਮ ਮੰਨਿਆ ਜਾ ਰਿਹਾ ਹੈ।

ਰੂਸ-ਯੂਕਰੇਨ ਯੁੱਧ ਅਤੇ ਪੱਛਮੀ ਦੇਸ਼ਾਂ ਦੇ ਦਬਾਅ ਦੇ ਬਾਵਜੂਦ ਭਾਰਤ ਮਾਸਕੋ ਨਾਲ ਆਪਣੀ ਰਣਨੀਤਕ ਸਾਂਝੇਦਾਰੀ ਨੂੰ ਨਿਭਾ ਰਿਹਾ ਹੈ। ਇਸ ਸੰਮੇਲਨ ਵਿੱਚ 11 ਮੈਂਬਰ ਦੇਸ਼—ਬ੍ਰਾਜ਼ੀਲ, ਚੀਨ, ਮਿਸਰ, ਇਥੋਪੀਆ, ਇਰਾਨ, ਰੂਸ, ਸਾਊਦੀ ਅਰਬ, ਦੱਖਣੀ ਅਫ਼ਰੀਕਾ, ਸੰਯੁਕਤ ਅਰਬ ਅਮੀਰਾਤ, ਇੰਡੋਨੇਸ਼ੀਆ ਅਤੇ ਭਾਰਤ ਸ਼ਾਮਲ ਹਨ। ਭਾਰਤ ਨੇ ਬ੍ਰਿਕਸ ਨੂੰ ਕਿਸੇ ਪੱਛਮੀ ਵਿਰੋਧੀ ਬਲਾਕ ਦੀ ਬਜਾਏ ‘ਗਲੋਬਲ ਸਾਊਥ’ ਦੀ ਮਜ਼ਬੂਤ ਆਵਾਜ਼ ਵਜੋਂ ਪੇਸ਼ ਕੀਤਾ ਹੈ। ਇਸ ਤਿੰਨ ਦਿਨਾਂ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਮੋਦੀ ਕਈ ਵਿਸ਼ਵ ਆਗੂਆਂ ਨਾਲ ਮੀਟਿੰਗਾਂ ਕਰਨਗੇ। ਸ਼ਨਿੱਚਰਵਾਰ ਨੂੰ ਉਹ ਇਥੋਪੀਆ ਦੇ ਪ੍ਰਧਾਨ ਮੰਤਰੀ ਅਬੀ ਅਹਿਮਦ ਅਲੀ, ਮਲੇਸ਼ੀਆ ਦੇ ਪ੍ਰਧਾਨ ਮੰਤਰੀ ਅਨਵਰ ਇਬਰਾਹਿਮ, ਅਬੂ ਧਾਬੀ ਦੇ ਕ੍ਰਾਊਨ ਪ੍ਰਿੰਸ ਸ਼ੇਖ਼ ਖ਼ਾਲਿਦ ਅਤੇ ਵੀਅਤਨਾਮ ਦੇ ਪ੍ਰਧਾਨ ਮੰਤਰੀ ਲੇ ਮਿਨਹ ਹੰਗ ਨੂੰ ਮਿਲਣਗੇ। ਇਸੇ ਦੌਰਾਨ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੀ ਇਰਾਨੀ ਰਾਸ਼ਟਰਪਤੀ ਨਾਲ ਵੱਖਰੀ ਮੁਲਾਕਾਤ ਕਰਨਗੇ। ਐਤਵਾਰ ਨੂੰ ਪ੍ਰਧਾਨ ਮੰਤਰੀ ਕਜ਼ਾਕਿਸਤਾਨ, ਫ਼ਿਲੀਪੀਨਜ਼, ਮਿਸਰ ਅਤੇ ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀਆਂ ਤੋਂ ਇਲਾਵਾ ਬੁਰੂੰਡੀ, ਨਾਈਜੀਰੀਆ ਅਤੇ ਯੁਗਾਂਡਾ ਦੇ ਉੱਚ ਆਗੂਆਂ ਨਾਲ ਵੀ ਦੁਵੱਲੀ ਗੱਲਬਾਤ ਕਰਨਗੇ।

ਇਹ ਸੰਘਣਾ ਪ੍ਰੋਗਰਾਮ ਭਾਰਤ ਦੀਆਂ ਆਰਥਿਕ, ਰਣਨੀਤਕ ਅਤੇ ਕੂਟਨੀਤਕ ਤਰਜੀਹਾਂ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ।

# ਹਲਕਾ ਡੇਰਾਬੱਸੀ ’ਚ ਇਸ ਵਾਰ ਬਾਜ਼ੀ ਮਾਰੇਗੀ ਭਾਜਪਾ : ਨਾਇਬ ਸਿੰਘ ਸੈਣੀ

**ਮੁਹਾਲੀ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਹਲਕਾ ਡੇਰਾਬੱਸੀ ਦੇ ਸੀਨੀਅਰ ਭਾਜਪਾ ਆਗੂ ਗੁਰਦਰਸ਼ਨ ਸਿੰਘ ਸੈਣੀ ਵਲੋਂ ਉਨ੍ਹਾਂ ਦੇ ਨਿਵਾਸ ਸਥਾਨ ’ਤੇ ਇਕ ਵਿਸ਼ੇਸ਼ ਮੁਲਾਕਾਤ ਕੀਤੀ ਜਿਸ ਵਿਚ ਨਿਊਜਰਸੀ (ਅਮਰੀਕਾ) ਦੇ ਪ੍ਰਮੁੱਖ ਕਾਰੋਬਾਰੀ ਤੇ ਨਿਊਜਰਸੀ ਇੰਡੀਆ ਕਮਿਸ਼ਨ ਦੇ ਕਮਿਸ਼ਨਰ ਬਿਕਰਮ ਗਿੱਲ ਅਤੇ ਹਰਦੀਪ ਸਿੰਘ ਸੈਣੀ ਵੀ ਵਿਸ਼ੇਸ਼ ਤੌਰ ’ਤੇ ਮੌਜੂਦ ਸਨ। ਇਸ ਮੀਟਿੰਗ ਦੌਰਾਨ ਹਲਕਾ ਡੇਰਾਬੱਸੀ ਵਿੱਚ ਭਾਜਪਾ ਦੀ ਸਥਿਤੀ ਅਤੇ ਸੂਬਾ ਪੰਜਾਬ ਤੇ ਭਾਰਤ ਵਿਚ ਵਿਦੇਸ਼ੀ ਨਿਵੇਸ਼ ਨੂੰ ਹੁਲਾਰਾ ਦੇਣ ਦੇ ਮੁੱਦਿਆਂ ’ਤੇ ਵਿਸਥਾਰ ਨਾਲ ਚਰਚਾ ਕੀਤੀ ਗਈ।



ਇਸ ਮੌਕੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਲੰਮੇ ਅਰਸੇ ਤੋਂ ਗੁਰਨਾਮ ਸਿੰਘ ਸੈਣੀ ਦਾ ਪਰਿਵਾਰ ਡੇਰਾਬੱਸੀ ਹਲਕੇ ਦੀ ਸੇਵਾ ਕਰਦਾ ਆ ਰਿਹਾ ਹੈ ਅਤੇ ਹੁਣ ਗੁਰਦਰਸ਼ਨ ਸਿੰਘ ਸੈਣੀ ਆਪਣੀ ਟੀਮ ਨਾਲ ਇਸ ਸੇਵਾ ਨੂੰ ਬਾਖੂਬੀ ਜਾਰੀ ਰੱਖ ਰਹੇ ਹਨ। ਉਨ੍ਹਾਂ ਡੇਰਾਬੱਸੀ ਵਾਸੀਆਂ ਨੂੰ ਭਰੋਸਾ ਰੱਖਣ ਲਈ ਆਖਦਿਆਂ ਦਾਅਵਾ ਕੀਤਾ ਕਿ ਆਉਣ ਵਾਲੀਆਂ ਚੋਣਾਂ ਵਿਚ ਇਸ ਹਲਕੇ ਤੋਂ ਭਾਜਪਾ ਸ਼ਾਨਦਾਰ ਜਿੱਤ ਦਰਜ ਕਰੇਗੀ। ਪੰਜਾਬ ਦੇ ਹਾਲਾਤਾਂ ’ਤੇ ਚਿੰਤਾ ਪ੍ਰਗਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਪਿਛਲੇ ਸਾਢੇ ਚਾਰ ਸਾਲਾਂ ਵਿਚ ਸੂਬੇ ਦੇ ਵਿਕਾਸ ਨੂੰ ਪੂਰੀ ਤਰ੍ਹਾਂ ਬਰੇਕਾਂ ਲਾ ਦਿੱਤੀਆਂ ਹਨ। ਪੰਜਾਬ ਵਿੱਚ ਕਾਨੂੰਨ ਵਿਵਸਥਾ ਡਗਮਗਾ ਚੁੱਕੀ ਹੈ ਅਤੇ ਆਰਥਿਕ ਹਾਲਤ ਵਿਗੜਨ ਕਾਰਨ ਇੱਥੋਂ ਦੇ ਨੌਜਵਾਨ ਅਤੇ ਬੱਚੇ ਪਰਿਵਾਰ ਛੱਡ ਕੇ ਵਿਦੇਸ਼ਾਂ ਵੱਲ ਪਰਵਾਸ ਕਰਨ ਲਈ ਮਜ਼ਬੂਰ ਹਨ। ਉਨ੍ਹਾਂ ਆਖਿਆ ਕਿ ਬੱਚਿਆਂ ਦਾ ਭਵਿੱਖ ਸੁਰੱਖਿਅਤ ਬਣਾਉਣ ਅਤੇ ਪੰਜਾਬ ਨੂੰ ਮੁੜ ’ਸੋਨੇ ਦੀ ਚਿੜੀ’ ਬਣਾਉਣ ਲਈ 2027 ਵਿਚ ਸੂਬੇ ਦੀ ਅਗਵਾਈ ਭਾਜਪਾ ਨੂੰ ਸੌਂਪਣ ਦੀ ਲੋੜ ਹੈ।

ਮੀਟਿੰਗ ਦੌਰਾਨ ਅਮਰੀਕਾ ਦੇ ਨਿਊਯਾਰਕ ਅਤੇ ਨਿਊਜਰਸੀ ਖੇਤਰ ਵਿਚ ਤੇਲ ਰੀਟੇਲਿੰਗ ਦੀ ਪ੍ਰਮੁੱਖ ਕੰਪਨੀ ’ਗਿੱਲ ਐਨਰਜੀ’ ਦੇ ਮੁਖੀ ਬਿਕਰਮ ਸਿੰਘ ਗਿੱਲ ਨੇ ਭਾਰਤ ਵਿਚ ਨਿਵੇਸ਼ ਨੂੰ ਲੈ ਕੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਨਿਊਜਰਸੀ ਇੰਡੀਆ ਕਮਿਸ਼ਨ ਦੇ ਕਮਿਸ਼ਨਰ ਵਜੋਂ ਉਨ੍ਹਾਂ ਦਾ ਕੰਮ ਅਮਰੀਕਾ ਤੋਂ ਕਾਰੋਬਾਰ ਲਈ ਭਾਰਤ ’ਚ ਨਿਵੇਸ਼ ਕਰਨਾ ਹੈ। ਗਿੱਲ ਨੇ ਕਿਹਾ ਕਿ ਅਮਰੀਕੀ ਵਫ਼ਦ ਪੰਜਾਬ ਵਿਚ ਸੁਖਾਵਾਂ ਮਾਹੌਲ ਅਤੇ ਆਕਰਸਿਤ ਵਾਤਾਵਰਨ ਨਾ ਹੋਣ ਕਾਰਨ ਇੱਥੇ ਨਿਵੇਸ਼ ਕਰਨਾ ਹੀ ਨਹੀਂ ਚਾਹੁੰਦਾ। ਇਸ ਦੇ ਬਦਲ ਵਜੋਂ ਇੱਥੇ ਢੁਕਵਾਂ ਮਾਹੌਲ ਨਾ ਮਿਲਣ ਕਾਰਨ ਗੁਜਰਾਤ, ਬੰਗਲੌਰ, ਮੱਧ ਪ੍ਰਦੇਸ਼, ਮਹਾਰਾਸ਼ਟਰ, ਕਰਨਾਟਕ ਵਰਗੇ ਸੂਬਿਆਂ ਦਾ ਰੁੱਖ ਕਰਨਾ ਪਿਆ।

ਉਨ੍ਹਾਂ ਦੱਸਿਆ ਕਿ ਫ਼ਰਮਾਸਿਟੀਕਲਜ਼, ਏ. ਆਈ. ਤਕਨੀਕ, ਵੇਅਰਹਾਊਸਿੰਗ, ਫੂਡ ਪ੍ਰੋਸੈਸਿੰਗ, ਮੈਡੀਕਲ ਉਪਕਰਣ ਨਿਰਮਾਣ ਸਮੇਤ ਹੋਰ ਕਈ ਤਰ੍ਹਾਂ ਦੇ ਕਾਰੋਬਾਰਾਂ ’ਚ ਨਿਵੇਸ਼ ਰਾਹੀਂ ਇੱਥੇ ਦੇਸ਼ ਦੀ ਤਰੱਕੀ ਦੇ ਨਾਲ ਨਾਲ ਰੁਜ਼ਗਾਰ ਦੇ ਸਾਧਨ ਵੀ ਬਣਨਗੇ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਦੀਆਂ ਨਾਕਾਮੀਆਂ ਕਾਰਨ ਨਿਵੇਸ਼ਕਾਂ ਵੱਲੋਂ ਮੂੰਹ ਮੋੜਨਾ ਸੂਬੇ ਲਈ ਚਿੰਤਾ ਦਾ ਵਿਸ਼ਾ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਗੁਰਦਰਸ਼ਨ ਸਿੰਘ ਸੈਣੀ ਅਤੇ ਬਿਕਰਮ ਸਿੰਘ ਗਿੱਲ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਭਰੋਸਾ ਦਿਵਾਇਆ ਕਿ ਅਗਲੇ ਸਾਲ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਦਿਆਂ ਹੀ ਉਦਯੋਗਿਕ ਨਿਵੇਸ਼ ਲਈ ਲੋੜੀਂਦੀਆਂ ਸਾਰੀਆਂ ਪ੍ਰਵਾਨਗੀਆਂ ਮਹਿਜ਼ 10 ਦਿਨਾਂ ਦੇ ਅੰਦਰ ਮੁਹੱਈਆ ਕਰਵਾਈਆਂ ਜਾਣਗੀਆਂ ਤਾਂ ਜੋ ਸੂਬੇ ਵਿੱਚ ਵਪਾਰਕ ਰਾਹ ਪੱਧਰੇ ਕੀਤੇ ਜਾ ਸਕਣ।

# ਯੂਨੀਵਰਸਲ ਹਿਊਮਨ ਵੈਲਿਊਜ਼: ਪ੍ਰੋਫ਼ੈਸ਼ਨਲ ਐਥਿਕਸ ਵੱਲ ਇੱਕ ਯਾਤਰਾਵਿਸ਼ੇ ’ਤੇ ਦੋ ਦਿਨਾਂ ਦੀ ਵਰਕਸ਼ਾਪ



**ਚੰਡੀਗੜ੍ਹ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗਵਰਨਮੈਂਟ ਕਾਲਜ ਆਵ ? ਕਮਰਸ ਐਂਡ ਬਿਜ਼ਨਸ ਐਡਮਿਨਿਸਟ੍ਰੇਸ਼ਨ (ਜੀਸੀਸੀਬੀਏ), ਸੈਕਟਰ 50, ਚੰਡੀਗੜ੍ਹ ਵਿਖੇ ਅੱਜ ਯੂਨੀਵਰਸਲ ਹਿਊਮਨ ਵੈਲਿਊਜ਼: ਪ੍ਰੋਫ਼ੈਸ਼ਨਲ ਐਥਿਕਸ ਵੱਲ ਇੱਕ ਯਾਤਰਾਵਿਸ਼ੇ ’ਤੇ ਦੋ ਦਿਨਾਂ ਦੀ ਵਰਕਸ਼ਾਪ ਦਾ ਉਦਘਾਟਨ ਕੀਤਾ ਗਿਆ। ਇਹ ਵਰਕਸ਼ਾਪ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ’ਡਾਇਰੈਕਟੋਰੇਟ ਆਵ ? ਕਰੀਕੁਲਮ ਡਿਵੈਲਪਮੈਂਟ ਐਂਡ ਕੰਟੀਨਿਊਇੰਗ ਐਜੂਕੇਸ਼ਨ’(ਡੀਸੀਡੀਸੀ) ਵੱਲੋਂ ਸਪਾਂਸਰ ਕੀਤੀ ਗਈ ਹੈ। ਉਦਘਾਟਨੀ ਸਮਾਰੋਹ ਵਿੱਚ ਖੇਤਰ ਭਰ ਤੋਂ ਲਗਭਗ 110 ਪ੍ਰਤੀਭਾਗੀਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਕਰੀਬ 33 ਵਿਦਿਆਰਥੀ ਅਤੇ ਲਗਭਗ 70 ਸਿੱਖਿਆ ਸ਼ਾਸਤਰੀ (ਅਕਾਦਮਿਕ ਮਾਹਰ) ਸ਼ਾਮਲ ਸਨ।

ਨਿਟਰ (ਐਨਆਈਟੀਟੀਆਰ), ਚੰਡੀਗੜ੍ਹ ਦੇ ਡਾਇਰੈਕਟਰ ਪ੍ਰੋਫ਼ੈਸਰ (ਡਾ.) ਭੋਲਾ ਰਾਮ ਗੁਰਜਰ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸਨ। ਉਦਘਾਟਨੀ ਸੈਸ਼ਨ ਦੇ ਦੌਰਾਨ ਬੂਟੇ ਲਗਾਉਣ, ਫੁੱਲਾਂ ਦੇ ਗੁਲਦਸਤਿਆਂ ਨਾਲ ਸੁਆਗਤ ਕਰਨ ਅਤੇ ’ਦੀਪ ਸ਼ਿਖਾ’ (ਜੋਤੀ) ਜਗਾਉਣ ਦੀ ਰਸਮ ਅਦਾ ਕੀਤੀ ਗਈ। ਗਵਰਨਮੈਂਟ ਕਾਲਜ ਆਵ ? ਕਮਰਸ ਐਂਡ ਬਿਜ਼ਨਸ ਐਡਮਿਨਿਸਟ੍ਰੇਸ਼ਨ (ਜੀਸੀਸੀਬੀਏ), ਸੈਕਟਰ 50, ਚੰਡੀਗੜ੍ਹ ਦੇ ਪ੍ਰਿੰਸੀਪਲ ਡਾ. ਸੰਗਮ ਕਪੂਰ ਨੇ ਹਾਜ਼ਰੀਨ ਦਾ ਸੁਆਗਤ ਕੀਤਾ। ਇਸ ਤੋਂ ਬਾਅਦ ਚੰਡੀਗੜ੍ਹ ਪ੍ਰਸ਼ਾਸਨ ਦੇ ਉਚੇਰੀ ਸਿੱਖਿਆ ਵਿਭਾਗ ਦੇ ਡਾਇਰੈਕਟਰ ਸੁਸ਼੍ਰੀ ਪਾਲਿਕਾ ਅਰੋੜਾ, ਪੀਸੀਐੱਸ ਅਤੇ ਗਵਰਨਮੈਂਟ ਕਾਲਜ ਆਵ ? ਕਮਰਸ ਐਂਡ ਬਿਜ਼ਨਸ ਐਡਮਿਨਿਸਟ੍ਰੇਸ਼ਨ (ਜੀਸੀਸੀਬੀਏ), ਸੈਕਟਰ 50, ਚੰਡੀਗੜ੍ਹ ਦੇ ਡੀਨ ਪ੍ਰੋਫ਼ੈਸਰ ਪੂਨਮ ਅਗਰਵਾਲ ਨੇ ਸੰਬੋਧਨ ਕੀਤਾ। ਪ੍ਰੋਫ਼ੈਸਰ ਗੁਰਜਰ ਨੇ ਪ੍ਰਧਾਨਗੀ ਭਾਸ਼ਣ ਦਿੱਤਾ। ਇਸ ਅਵਸਰ ’ਤੇ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਅਮਰਪ੍ਰੀਤ ਸਿੰਘ ਸਿਝਰ ਅਤੇ ਹੋਰ ਫੈਕਲਟੀ ਮੈਂਬਰ ਵੀ ਮੌਜੂਦ ਸਨ। ਉਦਘਾਟਨੀ ਸੈਸ਼ਨ ਦਾ ਸਮਾਪਨ ਸਨਮਾਨ ਸਮਾਰੋਹ ਅਤੇ ਸਮੂਹਿਕ ਤਸਵੀਰ ਖਿਚਵਾਉਣ ਨਾਲ ਹੋਇਆ।

ਮੁੱਖ ਮਹਿਮਾਨ ਪ੍ਰੋਫ਼ੈਸਰ (ਡਾ.) ਭੋਲਾ ਰਾਮ ਗੁਰਜਰ ਨੇ ਕਿਹਾ, ਪੇਸ਼ੇਵਰ ਦਕਸ਼ਤਾ ਤਦੇ ਸਾਰਥਕ ਹੁੰਦੀ ਹੈ, ਜਦੋਂ ਉਹ ਮਾਨਵੀ ਕਦਰਾਂ-ਕੀਮਤਾਂ ’ਤੇ ਅਧਾਰਤ ਹੋਵੇ। ਅਜਿਹੀਆਂ ਵਰਕਸ਼ਾਪਾਂ ਨੌਜਵਾਨਾਂ ਨੂੰ ਯੋਗਤਾ ਦੇ ਨਾਲ-ਨਾਲ ਚਰਿੱਤਰ ਨਿਰਮਾਣ ਵਿੱਚ ਵੀ ਸਹਾਇਤਾ ਕਰਦੀਆਂ ਹਨ।

ਚੰਡੀਗੜ੍ਹ ਪ੍ਰਸ਼ਾਸਨ ਦੇ ਉਚੇਰੀ ਸਿੱਖਿਆ ਵਿਭਾਗ ਦੇ ਡਾਇਰੈਕਟਰ ਸੁਸ਼੍ਰੀ ਪਾਲਿਕਾ ਅਰੋੜਾ, ਪੀਸੀਐੱਸ ਨੇ ਕਿਹਾ, ਉਚੇਰੀ ਸਿੱਖਿਆ ਸੰਸਥਾਵਾਂ ਨੂੰ ਗਿਆਨ ਦੇ ਨਾਲ-ਨਾਲ ਨੈਤਿਕਤਾ ਅਤੇ ਸੰਵੇਦਨਸ਼ੀਲਤਾ ਨੂੰ ਵੀ ਹੁਲਾਰਾ ਦੇਣਾ ਚਾਹੀਦਾ ਹੈ। ਇਹ ਵਰਕਸ਼ਾਪ ਇਸ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

ਗਵਰਨਮੈਂਟ ਕਾਲਜ ਆਵ ? ਕਮਰਸ ਐਂਡ ਬਿਜ਼ਨਸ ਐਡਮਿਨਿਸਟ੍ਰੇਸ਼ਨ (ਜੀਸੀਸੀਬੀਏ), ਸੈਕਟਰ 50, ਚੰਡੀਗੜ੍ਹ ਦੇ ਪ੍ਰਿੰਸੀਪਲ ਡਾ. ਸੰਗਮ ਕਪੂਰ ਨੇ ਕਿਹਾ, ਵਿਦਿਆਰਥੀਆਂ ਨੂੰ ਕਦਰਾਂ-ਕੀਮਤਾਂ ’ਤੇ ਅਧਾਰਿਤ ਸਿੱਖਿਆ ਪ੍ਰਦਾਨ ਕਰਨਾ ਸਾਡਾ ਨਿਰੰਤਰ ਪ੍ਰਯਾਸ ਹੈ, ਤਾਕਿ ਉਹ ਜ਼ਿੰਮੇਦਾਰ ਪੇਸ਼ੇਵਰ ਅਤੇ ਨਾਗਰਿਕ ਬਣ ਸਕਣ। ਜੀਸੀਸੀਬੀਏ-50 ਦੇ ਡੀਨ ਪ੍ਰੋਫ਼ੈਸਰ ਪੂਨਮ ਅਗਰਵਾਲ ਨੇ ਕਿਹਾ, ’ਸੱਚੀ ਸਿੱਖਿਆ ਨਿਮਰਤਾ ਪ੍ਰਦਾਨ ਕਰਦੀ ਹੈ-’ਵਿਦਯਾ ਦਦਾਤਿ ਵਿਨਿਯਮ ?’। ਇਹੀ ਸਾਰੀਆਂ ਪ੍ਰੋਫ਼ੈਸ਼ਨਲ ਨੈਤਿਕ ਕਦਰਾਂ-ਕੀਮਤਾਂ ਅਤੇ ਵਿਅਕਤੀਗਤ ਆਚਰਣ ਦਾ ਅਧਾਰ ਹੈ।

# ਨਸ਼ਾ ਤਸਕਰੀ ਸਿੰਡੀਕੇਟ ਮਾਮਲੇ ’ਚ ਬਰਖ਼ਾਸਤ ਪੁਲਿਸ ਮੁਲਾਜ਼ਮ ਦੀ ਜ਼ਮਾਨਤ ਰੱਦ

**ਚੰਡੀਗੜ੍ਹ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕਿਹਾ ਹੈ ਕਿ ਅਦਾਲਤਾਂ ਨੂੰ ਉਸ ਮੁਕੱਦਮੇ ਵਿੱਚ ਤੇਜ਼ੀ ਲਿਆਉਣੀ ਚਾਹੀਦੀ ਹੈ ਜਿੱਥੇ ਸ਼ਾਮਲ ਨਸ਼ੇ ਦੀ ਮਾਤਰਾ ਵਪਾਰਕ ਮਾਤਰਾ ਤੋਂ 10 ਗੁਣਾ ਵੱਧ ਹੋਵੇ। ਇਹ ਫ਼ੈਸਲਾ ਉਸ ਸਮੇਂ ਆਇਆ ਜਦੋਂ ਇੱਕ ਡਿਵੀਜ਼ਨ ਬੈਂਚ ਨੇ ਨਸ਼ਾ ਤਸਕਰੀ ਦੇ ਇੱਕ ਮਾਮਲੇ ਵਿੱਚ ਬਰਖ਼ਾਸਤ ਪੰਜਾਬ ਪੁਲੀਸ ਦੇ ਸਬ-ਇੰਸਪੈਕਟਰ ਸਰਬਜੀਤ ਸਿੰਘ ਦੀ ਜ਼ਮਾਨਤ ਅਰਜ਼ੀ ਨੂੰ ਰੱਦ ਕਰ ਦਿੱਤਾ। ਉਸ ’ਤੇ ਜਗਦੀਸ਼ ਸਿੰਘ ਉਰਫ਼ ਭੋਲਾ ਅਤੇ ਹੋਰ ਸਹਿ-ਦੋਸ਼ੀਆਂ ਦੀ ਅਗਵਾਈ ਵਾਲੇ ਸੰਗਠਿਤ ਨਸ਼ਾ ਤਸਕਰੀ ਸਿੰਡੀਕੇਟ( ਨਾਲ ਸਰਗਰਮੀ ਨਾਲ ਜੁੜੇ ਹੋਣ ਦਾ ਦੋਸ਼ ਸੀ।

ਮਾਮਲੇ ਦੀ ਸੁਣਵਾਈ ਕਰਦਿਆਂ ਜਸਟਿਸ ਅਨੂਪ ਚਿਤਕਾਰਾ ਅਤੇ ਜਸਟਿਸ ਹਰਮੀਤ ਸਿੰਘ ਦਿਓਲ ਦੇ ਬੈਂਚ ਨੇ ਨਾਲ ਹੀ ਹੁਕਮ ਦਿੱਤਾ ਕਿ ਮੁਕੱਦਮੇ ਵਿੱਚ ਸਭ ਤੋਂ ਵੱਧ ਪਹਿਲ ਦੇ ਆਧਾਰ ’ਤੇ ਤੇਜ਼ੀ ਲਿਆਂਦੀ ਜਾਵੇ। ਬੈਂਚ ਨੇ ਇਹ ਵੀ ਸਪੱਸ਼ਟ ਕੀਤਾ ਕਿ ਕਿਸੇ ਸਹਿ-ਦੋਸ਼ੀ ਨੂੰ ਦਿੱਤੀ ਗਈ ਜ਼ਮਾਨਤ ਨੂੰ ਰੱਦ ਕਰਨਾ ਸਾਰਿਆਂ ਲਈ ਅਸਲ ਇਨਸਾਫ਼ ਨੂੰ ਯਕੀਨੀ ਬਣਾਉਣ ਲਈ ਚੁੱਕੇ ਜਾਣ ਵਾਲੇ ਕਦਮਾਂ ਵਿੱਚੋਂ ਇੱਕ ਹੋ ਸਕਦਾ ਹੈ, ਜਿੱਥੇ ਉਹ ਜ਼ਮਾਨਤ ’ਤੇ ਹੁੰਦਿਆਂ ਕਾਰਵਾਈ ਵਿੱਚ ਦੇਰੀ ਕਰਨ ਵਿੱਚ ਸਾਧਨ ਬਣਿਆ ਹੋਵੇ।

ਬੈਂਚ ਨੇ ਫ਼ੈਸਲਾ ਸੁਣਾਉਂਦਿਆਂ ਕਿਹਾ, ਜਦੋਂ ਨਸ਼ੇ ਦੀ ਮਾਤਰਾ ਵਪਾਰਕ ਮਾਤਰਾ ਤੋਂ 10 ਗੁਣਾ ਵੱਧ ਹੁੰਦੀ ਹੈ, ਤਾਂ ਅਦਾਲਤਾਂ ਨੂੰ ਮੁਕੱਦਮਿਆਂ ਵਿੱਚ ਤੇਜ਼ੀ ਲਿਆਉਣੀ ਚਾਹੀਦੀ ਹੈ। ਜੇ ਜ਼ਮਾਨਤ ’ਤੇ ਚੱਲ ਰਿਹਾ ਕੋਈ ਵੀ ਸਹਿ-ਦੋਸ਼ੀ ਮੁਕੱਦਮੇ ਵਿੱਚ ਦੇਰੀ ਕਰਦਾ ਹੈ, ਤਾਂ ਸਾਰਿਆਂ ਨੂੰ ਅਸਲ ਇਨਸਾਫ਼ ਦੇਣ ਲਈ, ਚੁੱਕੇ ਜਾਣ ਵਾਲੇ ਕਦਮਾਂ ਵਿੱਚੋਂ ਇੱਕ ਕਦਮ ਉਸ ਸਹਿ-ਦੋਸ਼ੀ ਦੀ ਜ਼ਮਾਨਤ ਨੂੰ ਰੱਦ ਕਰਨਾ ਹੈ, ਜੋ ਦੇਰੀ ਕਰਨ ਵਿੱਚ ਸਾਧਨ ਰਿਹਾ ਹੈ।

ਅਦਾਲਤ ਅਜਿਹੇ ਮਾਮਲੇ ’ਤੇ ਸੁਣਵਾਈ ਕਰ ਰਹੀ ਸੀ ਜਿਸ ਵਿੱਚ ਪਾਬੰਦੀਸ਼ੁਦਾ ਸਮੱਗਰੀ ਦੀ ਵਪਾਰਕ ਮਾਤਰਾ ਸ਼ਾਮਲ ਹੈ, ਜਿਸ ਕਾਰਨ ਐਨ.ਡੀ.ਪੀ.ਐਸ. ਐਕਟ ਦੀ ਧਾਰਾ 37 ਦੀਆਂ ਸਖ਼ਤ ਸ਼ਰਤਾਂ ਲਾਗੂ ਹੁੰਦੀਆਂ ਹਨ। ਬੈਂਚ ਨੇ ਦਰਜ ਕੀਤਾ ਕਿ ਪਟੀਸ਼ਨਰ ਲਈ ਉਪਬੋਧ ਤਹਿਤ ਨਿਰਧਾਰਤ ਦੋਹਰੀਆਂ ਸ਼ਰਤਾਂ ਨੂੰ ਪੂਰਾ ਕਰਨਾ ਲਾਜ਼ਮੀ ਸੀ।

ਆਪਣੇ ਵਿਸਤ੍ਰਿਤ ਹੁਕਮ ਵਿੱਚ, ਬੈਂਚ ਨੇ ਇੱਕ ਡਿਪਟੀ ਸਪੱਸ਼ਟ ਤੌਰ ’ਤੇ ਦਾਇਰ ਜਵਾਬ ਦਾ ਹਵਾਲਾ ਦਿੱਤਾ। ਹੋਰ ਗੱਲਾਂ ਤੋਂ ਇਲਾਵਾ, ਇਸ ਵਿੱਚ ਕਿਹਾ ਗਿਆ ਹੈ ਕਿ ਪਟੀਸ਼ਨਰ ਪੰਜਾਬ ਪੁਲੀਸ ਵਿੱਚ ਸਬ-ਇੰਸਪੈਕਟਰ ਵਜੋਂ ਤਾਇਨਾਤ ਸੀ ਅਤੇ ਬਾਅਦ ਵਿੱਚ ਉਸ ਨੂੰ ਸੇਵਾ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ। ਰਾਜ ਨੇ ਦੋਸ਼ ਲਾਇਆ ਕਿ ਉਹ ਭੋਲਾ ਅਤੇ ਹੋਰ ਦੋਸ਼ੀਆਂ ਦੀ ਅਗਵਾਈ ਵਾਲੇ ਸਿੰਡੀਕੇਟ ਨਾਲ ਸਰਗਰਮੀ ਨਾਲ ਜੁੜਿਆ ਹੋਇਆ ਸੀ, ਅਤੇ 9 ਫਰਵਰੀ, 2022 ਨੂੰ ਇਸ ਮਾਮਲੇ ਵਿੱਚ ਰਸਮੀ ਤੌਰ ’ਤੇ ਗ੍ਰਿਫ਼ਤਾਰ ਕੀਤਾ ਗਿਆ ਸੀ।

ਬੈਂਚ ਨੇ ਜਵਾਬ ਦੇ ਆਧਾਰ ’ਤੇ ਟਿੱਪਣੀ ਕਰਦਿਆਂ ਕਿਹਾ, ਜਾਂਚ ਵਿੱਚ ਪਟੀਸ਼ਨਰ ਦੀ ਸ਼ਮੂਲੀਅਤ ਦਾ ਪਤਾ ਲੱਗ ?ਆ ਅਤੇ ਇਹ ਸਾਹਮਣੇ ਆਇਆ ਕਿ ਉਸਨੇ ਸੰਗਠਿਤ ਨਸ਼ਾ ਤਸਕਰੀ ਸਿੰਡੀਕੇਟ ਦੀਆਂ ਗਤੀਵਿਧੀਆਂ ਨੂੰ ਸੁਵਿਧਾਜਨਕ ਬਣਾਉਣ ਲਈ ਇੱਕ ਪੁਲੀਸ ਅਧਿਕਾਰੀ ਵਜੋਂ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ ਸੀ।

# ਭਾਰਤ-ਪਾਕਿਸਤਾਨ ਸਰਹੱਦ ਨੇੜਿਓਂ ਪਾਕਿਸਤਾਨੀ ਡਰੋਨ ਤੇ 1 ਕਿਲੋ ਹੈਰੋਇਨ ਬਰਾਮਦ

**ਅੰਮ੍ਰਿਤਸਰ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ-ਪਾਕਿਸਤਾਨ ਕੌਮਾਂਤਰੀ ਸਰਹੱਦ ਤੋਂ ਥੋੜ੍ਹੀ ਦੂਰ ਥਾਣਾ ਭਿੰਡੀ ਸੈਦਾਂ ਅਧੀਨ ਆਉਂਦੀ ਚੌਂਕੀ ਫਤਿਹਪੁਰ ਨੇੜਿਓਂ ਬੀ.ਐੱਸ.ਐੱਫ. ਵੱਲੋਂ ਇੱਕ ਪਾਕਿਸਤਾਨੀ ਡਰੋਨ ਅਤੇ ਕਰੀਬ 1 ਕਿਲੋ ਹੈਰੋਇਨ ਬਰਾਮਦ ਕੀਤੀ ਗਈ ਹੈ। ਬਰਾਮਦ ਕੀਤੀ ਹੈਰੋਇਨ ਦੋ ਪੈਕੇਟਾਂ ਵਿਚ ਸੀ, ਜਿਸ ਦਾ ਵਜ਼ਨ 1 ਕਿੱਲੋ 60 ਗ੍ਰਾਮ ਦੱਸਿਆ ਜਾ ਰਿਹਾ ਹੈ, ਬੀ.ਐੱਸ.ਐੱਫ. ਵੱਲੋਂ ਡਰੋਨ ਅਤੇ ਹੈਰੋਇਨ ਨੂੰ ਅਗਲੀ ਕਾਨੂੰਨੀ ਕਾਰਵਾਈ ਲਈ ਥਾਣਾ ਭਿੰਡੀ ਸੈਦਾਂ ਦੀ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ।



ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡੀ.ਐੱਸ.ਪੀ. ਰਾਜਾਸਾਂਸੀ ਜਗਬੀਰ ਸਿੰਘ ਔਲਖ ਨੇ ਦੱਸਿਆ ਕਿ ਬੀ.ਐੱਸ.ਐੱਫ. ਦੀ 45 ਬਟਾਲੀਅਨ ਵੱਲੋਂ ਥਾਣਾ ਭਿੰਡੀ ਸੈਦਾਂ ਦੀ ਪੁਲਿਸ ਨੂੰ ਡਰੋਨ ਅਤੇ ਹੈਰੋਇਨ ਸਮੇਤ ਲਿਖਤੀ ਪੱਤਰ ਸੌਂਪਿਆ ਗਿਆ ਸੀ। ਇਸ ’ਤੇ ਕਾਰਵਾਈ ਕਰਦਿਆਂ ਪੁਲਿਸ ਨੇ ਅਣਪਛਾਤੇ ਵਿਅਕਤੀ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ ਅਤੇ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਡਰੋਨ ਰਾਹੀਂ ਹੈਰੋਇਨ ਕਿਸ ਮਕਸਦ ਨਾਲ ਭਾਰਤੀ ਖੇਤਰ ਵਿੱਚ ਪਹੁੰਚਾਈ ਗਈ ਸੀ ਤੇ ਇਹ ਹੈਰੋਇਨ ਇੱਥੋਂ ਕਿਸ ਨੇ ਪ੍ਰਾਪਤ ਕਰਨੀ ਸੀ।

# ਪੰਜਾਬ ਸਿਰ ਚੜ੍ਹਿਆ ਕਰਜ਼ਾ ਉਤਾਰਨ ਲਈ ਕਾਂਗਰਸ ਸਰਕਾਰ ਬਣਨ ’ਤੇ ਕੀਤੇ ਜਾਣਗੇ ਉਪਰਾਲੇ: ਅਮਰ ਸਿੰਘ

**ਅੰਮ੍ਰਿਤਸਰ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਚੋਣ ਮੈਨੀਫੈਸਟੋ ਕਮੇਟੀ ਦੇ ਚੇਅਰਮੈਨ ਅਮਰ ਸਿੰਘ ਵਲੋਂ ਅੱਜ ਇੱਥੇ ਜਿੱਥੇ ਕਾਂਗਰਸੀ ਆਗੂਆਂ ਅਤੇ ਵਰਕਰਾਂ ਨਾਲ ਮੀਟਿੰਗ ਕੀਤੀ ਗਈ ਉੱਥੇ ਪੱਤਰਕਾਰ ਵਾਰਤਾ ਚ ਇਹ ਸਪੱਸ਼ਟ ਕੀਤਾ ਕਿ ਪੰਜਾਬ ਸਿਰ ਚੜ੍ਹਿਆ ਕਰਜ਼ਾ



ਲਾਹੁਣ ਲਈ ਕਾਂਗਰਸ ਸਰਕਾਰ ਬਣਨ ’ਤੇ ਠੋਸ ਉਪਰਾਲੇ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਹਾਲਾਤ ਬਹੁਤ ਬਦਤਰ ਹੋ ਗਏ ਹਨ। ਇਸ ਲਈ ਆਮ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਚੱਲਦਾ ਕਰਨਾ ਜ਼ਰੂਰੀ ਹੋ ਗਿਆ ਹੈ।

# 92 ਸਿੱਖ ਸ਼ਰਧਾਲੂਆਂ ਦਾ ਜਥਾ ਭਾਰਤ ਆਉਣ ਵਾਲੀ ਉਡਾਣ ਚੜ੍ਹਨ ਤੋਂ ਰੋਕਿਆ

## ਜਥੇ ਨੂੰ ਐਨ.ਓ.ਸੀ. (ਕੋਈ ਇਤਰਾਜ਼ ਨਹੀਂ ਸਰਟੀਫਿਕੇਟ) ਦੀ ਉਪਲਬਧ ਨਾ ਹੋਣ ਦਾ ਹਵਾਲਾ ਦਿੱਤਾ

**ਅੰਮ੍ਰਿਤਸਰ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੀ ਰਾਤ 2:10 ਵਜੇ ਫ਼ੈਸਲਾਬਾਦ ਹਵਾਈ ਅੱਡੇ ’ਤੇ 92 ਪਾਕਿਸਤਾਨੀ ਸਿੱਖ ਸ਼ਰਧਾਲੂਆਂ ਦੇ ਇੱਕ ਜਥੇ ਨੂੰ ਐਨ.ਓ.ਸੀ. (ਕੋਈ ਇਤਰਾਜ਼ ਨਹੀਂ ਸਰਟੀਫਿਕੇਟ) ਦੀ ਉਪਲਬਧ ਨਾ ਹੋਣ ਦਾ ਹਵਾਲਾ ਦਿੰਦੇ ਹੋਏ ਖਾੜੀ (ਗਲਫ) ਦੇ ਰਸਤੇ ਭਾਰਤ ਦੀ ਤੀਰਥ ਯਾਤਰਾ ਲਈ ਉਡਾਣ ਵਿੱਚ ਸਵਾਰ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਗਈ।



ਭਾਰਤ ਵਿੱਚ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਲਈ ਸ਼ਾਰਜਾਹ ਜਾਣ ਵਾਲੀ ਉਡਾਣ ਫੜਨ ਲਈ ਬੀਤੀ ਦੇਰ ਰਾਤ ਪਾਕਿਸਤਾਨ ਦੇ ਫ਼ੈਸਲਾਬਾਦ ਹਵਾਈ ਅੱਡੇ ’ਤੇ ਇਕੱਠੇ ਹੋਏ ਸਿੱਖ ਸ਼ਰਧਾਲੂਆਂ ਨੂੰ ਉਡਾਣ ਵਿੱਚ ਸਵਾਰ ਨਾ ਹੋਣ ਕਾਰਨ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੇ ਆਖਰਕਾਰ ਉੱਤਰਾਖੰਡ ਵਿੱਚ ਗੁਰਦੁਆਰਾ ਹੇਮਕੁੰਟ ਸਾਹਿਬ ਵਿਖੇ ਮੱਥਾ ਟੇਕਣਾ ਸੀ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਐਸ.ਜੀ.ਐਮ.ਸੀ.) ਦੇ ਯਾਤਰਾ ਵਿਭਾਗ ਦੇ ਚੇਅਰਮੈਨ ਪਰਮਜੀਤ ਸਿੰਘ ਚੰਡੋਕ ਨੂੰ ਫ਼ੋਨ ’ਤੇ ਸਾਰੀ ਗੱਲਬਾਤ ਸੁਣਾਉਂਦਿਆਂ ਜਥੇ ਦੇ ਆਗੂ ਪਪਿੰਦਰ ਸਿੰਘ ਨੇ ਕਿਹਾ ਕਿ ਇਮੀਗ੍ਰੇਸ਼ਨ ਅਤੇ ਪਾਸਪੋਰਟ ਦੇ ਡਾਇਰੈਕਟੋਰੇਟ ਜਨਰਲ ਵੱਲੋਂ ਪੁਸ਼ਟੀ ਕੀਤੇ ਅਨੁਸਾਰ ਪਾਕਿਸਤਾਨੀ ਪਾਸਪੋਰਟ ਲਈ ਐਨ.ਓ.ਸੀ. ਸਿਰਫ਼ ਸਰਕਾਰੀ, ਅਧਿ ਸਰਕਾਰੀ ਜਾਂ ਖ਼ੁਦਮੁਖਤਿਆਰ ਸੰਸਥਾਵਾਂ ਦੇ ਕਰਮਚਾਰੀਆਂ ਲਈ ਹੀ ਲੋੜੀਂਦਾ ਹੈ। ਚੰਡੋਕ ਨੇ ਕਿਹਾ ਕਿ ਆਮ ਨਾਗਰਿਕਾਂ ਨੂੰ ਪਾਸਪੋਰਟ ਬਣਾਉਣ ਜਾਂ ਨਵਿਆਉਣ ਲਈ ਕਿਸੇ ਐਨ.ਓ.ਸੀ. ਦੀ ਲੋੜ ਨਹੀਂ ਹੁੰਦੀ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਭਾਰਤ ਆਉਣ ਲਈ ਵੈਧ ਵੀਜ਼ੇ ਸਨ। ਪਾਕਿਸਤਾਨ ਵਿੱਚ ਪਹਿਲਗਾਮ ਅਤਿਵਾਦੀ ਹਮਲੇ ਵਿੱਚ ਆਪਣੇ ਨਾਗਰਿਕਾਂ ਦੀ ਮੌਤ ਦਾ ਬਦਲਾ ਲੈਣ ਲਈ ਭਾਰਤ ਵੱਲੋਂ ਚਲਾਏ ਗਏ ‘ਅਪਰੇਸ਼ਨ ਸਿੰਦੂਰ’ ਤੋਂ ਬਾਅਦ ਦੋਵਾਂ ਗੁਆਂਢੀ ਦੇਸ਼ਾਂ ਵੱਲੋਂ ਇੱਕ-ਦੂਜੇ ਲਈ ਹਵਾਈ ਖੇਤਰ ਨੂੰ ਸੀਮਤ ਕਰਨ ਕਾਰਨ ਸਿੱਖ ਜਥੇ ਨੂੰ ਭਾਰਤ ਪਹੁੰਚਣ ਲਈ ਖਾੜੀ ਰਸਤੇ ਉਡਾਣ ਲੈਣੀ ਪਈ ਸੀ।

ਇਸ ਤੋਂ ਪਹਿਲਾਂ ਪਾਕਿਸਤਾਨ ਸਰਕਾਰ ਵੱਲੋਂ ਭਾਰਤੀ ਸਿੱਖ ਯਾਤਰੂਆਂ ਨੂੰ ਪਾਕਿਸਤਾਨ ਸਥਿਤ ਗੁਰੂਧਾਮਾਂ ਤੇ ਆਉਣ ਦੀ ਆਗਿਆ ਦੇ ਦਿੱਤੀ ਗਈ ਹੈ। ਜਿਸ ਤਹਿਤ ਇਹ ਵਾਰ ਵਿਸਾਖੀ ਪੁਰਬ ਅਤੇ ਉਸ ਤੋਂ ਬਾਅਦ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਸਿਖ ਸ਼ਰਧਾਲੂਆਂ ਦੇ ਜੱਥੇ ਪਾਕਿਸਤਾਨ ਗਏ ਹਨ ਅਤੇ ਹੁਣ ਨਵੰਬਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵੀ ਸਿੱਖ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਜਾਵੇਗਾ। ਪਰ ਪਾਕਿਸਤਾਨ ਸਰਕਾਰ ਵੱਲੋਂ ਪਾਕਿਸਤਾਨੀ ਸਿੱਖਾਂ ਨੂੰ ਭਾਰਤ ਆਉਣ ਦੀ ਆਗਿਆ ਨਹੀਂ ਦਿੱਤੀ ਗਈ।

ਚੰਡੋਕ ਨੇ ਕਿਹਾ ਕਿ ਪਾਕਿਸਤਾਨ ਵਿੱਚ ਸਿੱਖ ਲੀਡਰਸ਼ਿਪ ਵਿੱਚ ਫੁੱਟ ਪੈਣ ਕਾਰਨ ਆਮ ਸਿੱਖਾਂ, ਬਜ਼ੁਰਗਾਂ, ਔਰਤਾਂ ਅਤੇ ਬੱਚਿਆਂ ਨੂੰ ਮਾਨਸਿਕ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ, ਜੋ ਇਮਰਾਨ ਖਾਨ ਦੀ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਅਤੇ ਨਵਾਜ਼ ਸ਼ਰੀਫ਼ ਪਰਿਵਾਰ ਦੀ ਪਾਕਿਸਤਾਨ ਮੁਸਲਿਮ ਲੀਗ (ਪੀ.ਐੱਮ.ਐੱਲ.-ਐੱਨ.) ਵਰਗੀਆਂ ਰਾਜਨੀਤਿਕ ਪਾਰਟੀਆਂ ਨਾਲ ਜੁੜੀ ਹੋਈ ਹੈ।

ਭਾਰਤ ਦੀ ਤੀਰਥ ਯਾਤਰਾ ਲਈ ਬੀਤੀ ਰਾਤ ਰਵਾਨਾ ਹੋਣ ਵਾਲੇ ਸ਼ਰਧਾਲੂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਐੱਸ.ਜੀ.ਪੀ.ਸੀ.) ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਨਾਲ ਜੁੜੇ ਹੋਏ ਸਨ। ਜਦੋਂ ਕਿ ਮੌਜੂਦਾ ਸਮੇਂ ਵਿੱਚ ਪੀ.ਐੱਸ.ਜੀ.ਪੀ.ਸੀ. ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਹਨ, ਜੋ ਕਿ ਪੀ.ਐੱਮ.ਐੱਲ.-ਐੱਨ. ਦੇ ਹਾਮੀ ਹਨ।

# ਭਾਜਪਾ ਦੀ ਨਸ਼ਿਆਂ ਖ਼ਿਲਾਫ਼ 4,000 ਕਿਲੋਮੀਟਰ ‘ਯਾਤਰਾ’; ਨਿਤਿਨ ਨਬੀਨ ਕਰਨਗੇ ਸ਼ੁਰੂਆਤ, ਅਮਿਤ ਸ਼ਾਹ ਕਰਨਗੇ ਸਮਾਪਤੀ



**ਚੰਡੀਗੜ੍ਹ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਵਿੱਚ ‘ਨਸ਼ਾ ਮੁਕਤ ਪੰਜਾਬ ਯਾਤਰਾ’ ਦੀ ਸ਼ੁਰੂਆਤ ਸਬੰਧੀ ਪ੍ਰੈੱਸ ਕਾਨਫਰੰਸ ਦੌਰਾਨ ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ, ਰਾਸ਼ਟਰੀ ਮੀਤ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ, ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਅਤੇ ਵਿਧਾਇਕ ਅਸ਼ਵਨੀ ਸ਼ਰਮਾ। ਟ੍ਰਿਬਿਊਨ ਫ਼ੋਟੋ: ਰਵੀ ਕੁਮਾਰ

ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਪੰਜਾਬ ਇਕਾਈ ਨੇ ਸੂਬੇ ਵਿੱਚ ਨਸ਼ੇ ਵਿਰੁੱਧ ਵੱਡੀ ਮੁਹਿੰਮ ਦਾ ਆਗਾਜ਼ ਕਰਦਿਆਂ 18 ਸਤੰਬਰ ਤੋਂ ਚਾਰ ਰਾਜ-ਪੱਧਰੀ ਨਸ਼ਾ ਮੁਕਤ ਪੰਜਾਬ ਯਾਤਰਾਵਾਂ ਕੱਢਣ ਦਾ ਐਲਾਨ ਕੀਤਾ ਹੈ। ਭਾਜਪਾ ਦਾ ਨਾਅਰਾ, ਨਸ਼ਾ ਮੁਕਾਉਣਾ ਸਾਰਾ ਦੇ ਨਾਅਰੇ ਹੇਠ ਕੱਢੀ ਜਾਣ ਵਾਲੀ ਇਹ ਯਾਤਰਾ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਨੂੰ ਕਵਰ ਕਰੇਗੀ ਅਤੇ ਕੁੱਲ 4,000 ਕਿਲੋਮੀਟਰ ਦਾ ਸਫ਼ਰ ਤੈਅ ਕਰੇਗੀ।

ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਸੂਬਾ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਰਾਸ਼ਟਰੀ ਮੀਤ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ, ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਅਤੇ ਅਸ਼ਵਨੀ ਸ਼ਰਮਾ ਸਮੇਤ ਹੋਰ ਸੀਨੀਅਰ ਆਗੂਆਂ ਦੀ ਮੌਜੂਦਗੀ ਵਿੱਚ ਇਹ ਐਲਾਨ ਕੀਤਾ। ਢਿੱਲੋਂ ਨੇ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ’ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਸਰਕਾਰ ਨਸ਼ਾ ਰੋਕਣ ਵਿੱਚ ਅਸਫ਼ਲ ਰਹੀ ਹੈ ਅਤੇ ਸਵਾਲ ਪੁੱਛਣ ਵਾਲਿਆਂ ਨੂੰ ਪਰੇਸ਼ਾਨ ਕਰਕੇ ਤਾਨਾਸ਼ਾਹੀ ਵਾਲਾ ਰਵੱਈਆ ਅਪਣਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਯਾਤਰਾਵਾਂ ਸਿਰਫ਼ ਨਸ਼ਿਆਂ ਖ਼ਿਲਾਫ਼ ਹੀ ਨਹੀਂ, ਸਗੋਂ ਕਾਨੂੰਨ ਵਿਵਸਥਾ ਦੇ ਵਿਗੜ ਰਹੇ ਹਾਲਾਤ ਅਤੇ ਤਹਿਸੀਲਾਂ ਤੋਂ ਲੈ ਕੇ ਮੁੱਖ ਮੰਤਰੀ ਦਫ਼ਤਰ ਤੱਕ ਫੈਲੇ ਭ੍ਰਿਸ਼ਟਾਚਾਰ ਵਿਰੁੱਧ ਵੀ ਹੋਣਗੀਆਂ।

ਪ੍ਰੋਗਰਾਮ ਤਹਿਤ, ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ 18 ਸਤੰਬਰ ਨੂੰ ਪਠਾਨਕੋਟ ਦੇ ਮਾਧੋਪੁਰ ਤੋਂ ਪਹਿਲੀ ਯਾਤਰਾ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨਗੇ। ਦੂਜੀ ਯਾਤਰਾ 19 ਸਤੰਬਰ ਨੂੰ ਫਤਹਿਗੜ੍ਹ ਸਾਹਿਬ ਤੋਂ, ਤੀਜੀ ਯਾਤਰਾ 20 ਸਤੰਬਰ ਨੂੰ ਫਾਜ਼ਿਲਕਾ ਦੇ ਸਾਦਿਕੀ ਸਰਹੱਦ ਤੋਂ ਅਤੇ ਚੌਥੀ ਯਾਤਰਾ 21 ਸਤੰਬਰ ਨੂੰ ਤਲਵੰਡੀ ਸਾਬੋ ਤੋਂ ਸ਼ੁਰੂ ਹੋਵੇਗੀ। ਵੱਖ-ਵੱਖ ਹਲਕਿਆਂ ਵਿੱਚੋਂ ਹੁੰਦੀਆਂ ਹੋਈਆਂ ਇਹ ਯਾਤਰਾਵਾਂ 30 ਸਤੰਬਰ ਨੂੰ ਜਲੰਧਰ ਵਿਖੇ ਸੰਪੰਨ ਹੋਣਗੀਆਂ, ਜਿੱਥੇ ਸਮਾਪਤੀ ਸਮਾਗਮ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸੰਬੋਧਨ ਕਰਨਗੇ।

ਭਾਜਪਾ ਦੇ ਰਾਸ਼ਟਰੀ ਮੀਤ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਨਸ਼ੇ ਵਿਰੁੱਧ ਜੰਗ ਸਿਰਫ਼ ਨਸ਼ੇੜੀਆਂ ਅਤੇ ਤਸਕਰਾਂ ਵਿਰੁੱਧ ਐੱਫ.ਆਈ.ਆਰ. ਦਰਜ ਕਰਨ ਨਾਲ ਨਹੀਂ ਜਿੱਤੀ ਜਾ ਸਕਦੀ, ਸਗੋਂ ਇਸ ਦਾ ਮੁੱਖ ਧਿਆਨ ਮੁੜ-ਵਸੇਬਾ ’ਤੇ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸਲ ਲੜਾਈ ਨਸ਼ੇ ਦੀ ਪੁੜੀ ਦੇ ਪਿੱਛੇ ਭੱਜਣ ਦੀ ਬਜਾਏ ਪੈਸੇ ਦੇ ਲੈਣ-ਦੇਣ ਦਾ ਪਤਾ ਲਗਾ ਕੇ ਨਸ਼ੇ ਦੇ ਨੈੱਟਵਰਕ ਨੂੰ ਤੋੜਨ ਦੀ ਹੈ। ਬਾਦਲ ਨੇ ਕਿਹਾ ਕਿ ਭਾਜਪਾ ਇੱਕ ਐਂਟੀ-ਡਰੱਗ ਇੰਟੈਲੀਜੈਂਸ ਗ੍ਰਿਡ ਬਣਾਉਣ ਦਾ ਵਾਅਦਾ ਕਰਦੀ ਹੈ, ਜੋ ਪੁਲੀਸ, ਖ਼ੁਫ਼ੀਆ ਏਜੰਸੀਆਂ, ਮੁੜ-ਵਸੇਬਾ ਮਾਹਿਰਾਂ ਅਤੇ ਸਮਾਜਿਕ ਤੇ ਧਾਰਮਿਕ ਵਰਕਰਾਂ ਨੂੰ ਇਕੱਠੇ ਕਰਕੇ ਇਸ ਸਮੱਸਿਆ ਦਾ ਪੂਰਾ ਹੱਲ ਕਰੇਗੀ।

# ਟਾਰਗੇਟ ਕਿਲਿੰਗ ਦੀ ਵੱਡੀ ਕੋਸ਼ਿਸ਼ ਨਾਕਾਮ; ਦੁਬਈ ਤੋਂ ਪਰਤੇ ਦੋ ਵਿਅਕਤੀ ਦੋ ਪਿਸਤੌਲਾਂ ਸਣੇ ਗ੍ਰਿਫ਼ਤਾਰ

**ਪਟਿਆਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਡ ਵਿਭਾਗ ਪਟਿਆਲਾ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ 2026 ਤਹਿਤ ਪੰਜਵੇਂ ਦਿਨ ਦੀਆਂ ਬਲਾਕ ਪੱਧਰੀ ਖੇਡਾਂ ਦੇ ਪੰਜਵੇਂ ਦਿਨ, ਪਟਿਆਲਾ ਦੇ ਤਿੰਨ ਬਲਾਕਾਂ ਘਨੌਰ, ਸਨੌਰ ਅਤੇ ਸ਼ੰਭੂ ਕਲਾਂ ਵਿਖੇ ਬਲਾਕ ਪੱਧਰੀ ਖੇਡਾਂ ਵਿੱਚ ਵੱਖ-ਵੱਖ ਉਮਰ ਵਰਗ ਵਿੱਚ ਐਥਲੈਟਿਕਸ, ਫੁੱਟਬਾਲ, ਖੋ-ਖੋ, ਕਬੱਡੀ ਨੈਸ਼ਨਲ ਸਟਾਇਲ, ਕਬੱਡੀ ਸਰਕਲ ਸਟਾਇਲ, ਵਾਲੀਬਾਲ ਸ਼ੂਟਿੰਗ ਅਤੇ ਵਾਲੀਬਾਲ ਸਮੈਸ਼ਿੰਗ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਸ੍ਰ.ਰਜਿੰਦਰ ਸਿੰਘ ਚਹਿਲ ਫਿਜੀਕਲ ਕਾਲਜ ਕਲਿਆਣ, ਖੇਡ ਸਟੇਡੀਅਮ ਪਿੰਡ ਜੱਸੋਵਾਲ, ਸਰਕਾਰੀ ਪੈਪਸੂ ਸਟੇਡੀਅਮ ਰਾਜਪੁਰਾ, ਮੁੱਖ ਮੰਤਰੀ ਖੇਡ ਸਟੇਡੀਅਮ ਪਿੰਡ ਦੇਧਨਾ ਅਤੇ ਮਲਟੀਪਰਪਜ ਸਕੂਲ ਵਿਖੇ ਟੈਨਿਸ ਬਾਲ ਕ੍ਰਿਕਟ ਦੇ ਬਲਾਕ ਪੱਧਰੀ ਟੂਰਨਾਮੈਂਟ ਕਰਵਾਏ ਗਏ। ਇਹਨਾਂ ਖੇਡਾਂ ਬਾਰੇ ਜਾਣਕਾਰੀ ਦਿੰਦਿਆਂ ਜਿਲ੍ਹਾ ਖੇਡ ਅਫਸਰ, ਨਵਜੋਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਬਲਾਕ ਪੱਧਰੀ ਖੇਡਾਂ ਦੌਰਾਨ ਬਲਾਕ ਸ਼ੰਭੂ ਕਲਾਂ ਵਿਖੇ ਸ੍ਰੀ ਗੁਰਲਾਲ ਸਿੰਘ, ਮਾਣਯੋਗ ਐਮ.ਐਲ.ਏ. ਘਨੌਰ ਵੱਲੋਂ ਸ਼ਿਰਕਤ ਕੀਤੀ ਗਈ ਅਤੇ ਖਿਡਾਰੀਆਂ ਦੀ ਹੌਸਲਾ ਅਫਜਾਈ ਕੀਤੀ ਗਈ। ਬਲਾਕ ਸਨੌਰ ਵਿਖੇ ਸ੍ਰੀ ਅਮਰ ਸੰਗੇੜਾ ਆਪ ਯੂਥ ਪ੍ਰਧਾਨ ਪਟਿਆਲਾ ਨੇ ਸ਼ਿਰਕਤ ਕੀਤੀ। ਬਲਾਕ ਘਨੌਰ ਗੇਮ ਖੋ-ਖੋ ਉਮਰ ਵਰਗ ਅੰਡਰ-21 ਲੜਕੀਆਂ ਵਿੱਚ ਘਨੌਰ ਸੈਂਟਰ ਦੀ ਟੀਮ ਨੇ ਪਹਿਲਾ ਸਥਾਨ ਅਤੇ ਯੂਨੀਵਰਸਿਟੀ ਕਾਲਜ ਘਨੌਰ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਉਮਰ ਵਰਗ ਅੰਡਰ-14 ਲੜਕਿਆਂ ਵਿੱਚ ਘਨੌਰ ਸੈਂਟਰ ਦੀ ਟੀਮ ਨੇ ਪਹਿਲਾ ਸਥਾਨ ਅਤੇ ਕਲੱਬ ਘਨੌਰ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਅੰਡਰ-17 ਲੜਕਿਆਂ ਵਿੱਚ ਸੈਂਟਰ ਘਨੌਰ ਨੇ ਪਹਿਲਾ ਸਥਾਨ ਅਤੇ ਲੋਹਸਿੰਬਲੀ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਅੰਡਰ-21 ਲੜਕਿਆਂ ਵਿੱਚ ਸੈਂਟਰ ਘਨੌਰ ਦੀ ਟੀਮ ਨੇ ਪਹਿਲਾ ਸਥਾਨ, ਮਾਡੂ ਸਕੂਲ ਦੀ ਟੀਮ ਨੇ ਦੂਸਰਾ ਸਥਾਨ ਅਤੇ ਲੋਹਸਿੰਬਲੀ ਦੀ ਟੀਮ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਸ਼ਾਨਦਾਰ ਜਿੱਤ ਹਾਸਲ ਕੀਤੀ।

ਬਲਾਕ ਘਨੌਰ ਵਾਲੀਬਾਲ ਸਮੈਸ਼ਿੰਗ ਉਮਰ ਵਰਗ ਅੰਡਰ-14 ਲੜਕਿਆਂ ਵਿੱਚ ਦਸਮੇਸ਼ ਸਕੂਲ ਘਨੌਰ ਦੀ ਟੀਮ ਨੇ ਪਹਿਲਾ ਸਥਾਨ ਅਤੇ ਗੁਰੂਕੁਲ ਇੰਟਰਨੈਸ਼ਨਲ ਸਕੂਲ ਸੌਂਗਲਪੁਰ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਅੰਡਰ-17 ਲੜਕਿਆਂ ਵਿੱਚ ਦਸ਼ਮੇਸ਼ ਸਕੂਲ ਘਨੌਰ ਨੇ ਪਹਿਲਾ ਸਥਾਨ, ਪੀ.ਐਮ.ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘਨੌਰ ਨੇ ਦੂਸਰਾ ਸਥਾਨ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਲੋਹਸਿੰਬਲੀ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਅੰਡਰ-21 ਲੜਕਿਆਂ ਵਿੱਚ ਦਸ਼ਮੇਸ਼ ਸਕੂਲ ਨੇ ਪਹਿਲਾ, ਪੀ.ਐਸ.ਸ੍ਰੀ ਸਕੂਲ ਘਨੌਰ ਨੇ ਦੂਸਰਾ ਸਥਾਨ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਰਾਵਰ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਸ਼ਾਨਦਾਰ ਜਿੱਤ ਦਰਜ ਕੀਤੀ।

# ਪੰਜਾਬ ਪੁਲਿਸ ਵੱਲੋਂ 10ਵੀਂ ਉੱਤਰੀ ਖੇਤਰੀ ਪੁਲਿਸ ਤਾਲਮੇਲ ਕਮੇਟੀ ਮੀਟਿੰਗ ਦੀ ਮੇਜ਼ਬਾਨੀ

## ਡੀਜੀਪੀ ਪੰਜਾਬ ਗੌਰਵ ਯਾਦਵ ਵੱਲੋਂ ਉੱਭਰ ਰਹੇ ਸੁਰੱਖਿਆ ਖ਼ਤਰਿਆਂ ਨਾਲ ਨਜਿੱਠਣ ਲਈ ਨਿਰਵਿਘਨ ਅੰਤਰ-ਏਜੰਸੀ ਤਾਲਮੇਲ ਅਤੇ ਖ਼ੁਫ਼ੀਆ ਜਾਣਕਾਰੀ ਸਾਂਝੀ ਕਰਨ ਦੀ ਵਕਾਲਤ



**ਚੰਡੀਗੜ੍ਹ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਦਰੂਨੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਅੰਤਰ-ਰਾਜੀ ਤਾਲਮੇਲ ਨੂੰ ਹੁਲਾਰਾ ਦੇਣ ਦੇ ਇੱਕ ਵੱਡੇ ਯਤਨ ਵਜੋਂ ਪੰਜਾਬ ਪੁਲਿਸ ਨੇ ਅੱਜ ਸਰਹੱਦ ਪਾਰੋਂ ਅੱਤਵਾਦ, ਗੈਂਗਸਟਰ ਸਿੰਡੀਕੇਟਾਂ, ਸੰਗਠਿਤ ਅਪਰਾਧ ਨੈੱਟਵਰਕਾਂ ਅਤੇ ਸਾਈਬਰ ਅਪਰਾਧ ਵਿਰੁੱਧ ਸਾਂਝੀਆਂ ਰਣਨੀਤੀਆਂ ਉਲੀਕਣ ਲਈ 10ਵੀਂ ਉੱਤਰੀ ਖੇਤਰੀ ਪੁਲਿਸ ਤਾਲਮੇਲ ਕਮੇਟੀ (ਐਨ.ਆਰ.ਪੀ.ਸੀ.ਸੀ.) ਮੀਟਿੰਗ ਦੀ ਮੇਜ਼ਬਾਨੀ ਕੀਤੀ।

ਇਸ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਕੀਤੀ। ਇਸ ਵਿੱਚ ਬਾਰਡਰ ਸਕਿਓਰਿਟੀ ਫੋਰਸ (ਬੀ.ਐਸ.ਐਫ.) ਵੈਸਟਰਨ ਕਮਾਂਡ ਚੰਡੀਗੜ੍ਹ ਦੇ ਸਪੈਸ਼ਲ ਡਾਇਰੈਕਟਰ ਜਨਰਲ ਸਤੀਸ਼ ਐਸ. ਖੰਡਾਰੇ, ਇੰਡੋ-ਤਿੱਬਤੀਅਨ ਬਾਰਡਰ ਪੁਲਿਸ (ਆਈ.ਟੀ.ਬੀ.ਪੀ.) ਹੈੱਡਕੁਆਰਟਰ ਵੈਸਟਰਨ ਕਮਾਂਡ ਦੇ ਆਈ.ਜੀ. ਰਾਜੇਸ਼ ਕੁਮਾਰ, ਬੀ.ਐਸ.ਐਫ. ਪੰਜਾਬ ਫਰੰਟੀਅਰ ਦੇ ਆਈ.ਜੀ. ਡਾ. ਅਤੁਲ ਫੁਲਜ਼ਲੇ ਅਤੇ ਡੀਜੀਪੀ ਚੰਡੀਗੜ੍ਹ ਡਾ. ਸਾਗਰਪ੍ਰੀਤ ਹੁੱਡਾ ਹਾਜ਼ਰ ਸਨ, ਜਦਕਿ ਡੀਜੀਪੀ ਉੱਤਰਾਖੰਡ ਦੀਪਮ ਸੇਠ ਅਤੇ ਡੀਜੀਪੀ ਲੱਦਾਖ ਆਨੰਦ ਕੁਮਾਰ ਜੈਨ ਵਰਚੁਅਲ ਤਰੀਕੇ ਨਾਲ ਮੀਟਿੰਗ ਵਿੱਚ ਸ਼ਾਮਲ ਹੋਏ। ਸੈਂਟਰਲ ਰਿਜ਼ਰਵ ਪੁਲਿਸ ਫੋਰਸ (ਸੀ.ਆਰ.ਪੀ.ਐਫ.), ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ.ਆਈ.ਏ.) ਅਤੇ ਸਬਸਿਡਰੀ ਇੰਟੈਲੀਜੈਂਸ ਬਿਊਰੋ (ਐਸ.ਆਈ.ਬੀ.) ਦੇ ਸੀਨੀਅਰ ਨੁਮਾਇੰਦਿਆਂ ਤੋਂ ਇਲਾਵਾ ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼, ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ ਦੇ ਰਾਜ ਪੁਲਿਸ ਬਲਾਂ ਅਤੇ ਹੋਰ ਕੇਂਦਰੀ ਤੇ ਸੁਰੱਖਿਆ ਏਜੰਸੀਆਂ ਨੇ ਵੀ ਵਿਚਾਰ-ਵਟਾਂਦਰੇ ਵਿੱਚ ਹਿੱਸਾ ਲਿਆ।

ਅੰਤਰ-ਏਜੰਸੀ ਤਾਲਮੇਲ ਨੂੰ ਸੰਸਥਾਗਤ ਰੂਪ ਦੇਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਐਨ.ਆਰ.ਪੀ.ਸੀ.ਸੀ. ਪੂਰੇ ਖੇਤਰ ਵਿੱਚ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਮੂਹਿਕ ਸਮੱਸਿਆ-ਹੱਲ, ਸਾਂਝੇ ਢੰਗ ਨਾਲ ਲਾਗੂਕਰਨ ਅਤੇ ਠੋਸ ਮੁਕੱਦਮੇਬਾਜ਼ੀ ਲਈ ਇੱਕ ਏਕੀਕ੍ਰਿਤ ਮੰਚ ਵਜੋਂ ਕੰਮ ਕਰਨਾ ਜਾਰੀ ਰੱਖੇਗੀ। ਉਨ੍ਹਾਂ ਕਿਹਾ, ਮੂਲ ਰੂਪ ਵਿੱਚ, ਐਨ.ਆਰ.ਪੀ.ਸੀ.ਸੀ. ਦਾ ਉਦੇਸ਼ ਤਾਲਮੇਲ ਕਾਇਮ ਕਰਨਾ ਹੈ। ਉਨ੍ਹਾਂ ਕਿਹਾ ਕਿ ਜਿਵੇਂ-ਜਿਵੇਂ ਅਪਰਾਧ ਅਤੇ ਸੁਰੱਖਿਆ ਨੂੰ ਦਰਪੇਸ਼ ਖ਼ਤਰੇ ਰਾਜਾਂ ਦੀਆਂ ਹੱਦਾਂ ਤੋਂ ਪਾਰ ਫੈਲ ਰਹੇ ਹਨ, ਉੱਭਰ ਰਹੇ ਖ਼ਤਰਿਆਂ ਨਾਲ ਨਜਿੱਠਣ ਲਈ ਖ਼ੁਫ਼ੀਆ ਜਾਣਕਾਰੀ ਸਾਂਝੀ ਕਰਨਾ, ਨਿਰਵਿਘਨ ਅੰਤਰ-ਏਜੰਸੀ ਤਾਲਮੇਲ ਅਤੇ ਤੇਜ਼ੀ ਨਾਲ ਮਿਲ ਕੇ ਕਾਰਵਾਈ ਕਰਨਾ ਬੇਹੱਦ ਜ਼ਰੂਰੀ ਹੈ।

ਡੀਜੀਪੀ ਨੇ ਕਿਹਾ ਕਿ ਸੰਗਠਿਤ ਅਪਰਾਧ, ਗੈਂਗਸਟਰ ਨੈੱਟਵਰਕਾਂ, ਸਾਈਬਰ ਅਪਰਾਧ, ਆਨਲਾਈਨ ਕੱਟੜਪੰਥੀ ਗਤੀਵਿਧੀਆਂ ਅਤੇ ਹੋਰ ਉੱਭਰ ਰਹੀਆਂ ਸੁਰੱਖਿਆ ਚੁਣੌਤੀਆਂ ਵਿਰੁੱਧ ਸਾਡੀ ਸਾਂਝੀ ਲੜਾਈ ਤਾਲਮੇਲ ਅਧਾਰਤ ਪੁਲਿਸਿੰਗ ਅਤੇ ਅੰਤਰ-ਰਾਜੀ ਸਹਿਯੋਗ ਦੀ ਤਾਕਤ ਨੂੰ ਦਰਸਾਉਂਦੀ ਹੈ।

ਮੀਟਿੰਗ ਦੌਰਾਨ ਸਪੈਸ਼ਲ ਡੀਜੀਪੀ ਟ੍ਰੈਫਿਕ ਏ.ਐਸ. ਰਾਏ ਨੇ ਪੰਜਾਬ ਦੀ ਪ੍ਰਮੁੱਖ ਸੜਕ ਸੁਰੱਖਿਆ ਫੋਰਸ (ਐਸਐਸਐਫ) ਬਾਰੇ ਇੱਕ ਪੇਸ਼ਕਾਰੀ ਦਿੱਤੀ, ਜਿਸ ਵਿੱਚ ਸੜਕੀ ਮੌਤਾਂ ਵਿੱਚ 52.87 ਫੀਸਦੀ ਦੀ ਕਮੀ, 6 ਮਿੰਟ ਅਤੇ 41 ਸਕਿੰਟ ਦਾ ਪ੍ਰਤੀਕਿਰਿਆ ਸਮਾਂ ਅਤੇ 56,283 ਸੜਕੀ ਘਟਨਾਵਾਂ ਵਿੱਚ 60,570 ਤੋਂ ਵੱਧ ਨਾਗਰਿਕਾਂ ਨੂੰ ਬਚਾਉਣ ਬਾਰੇ ਵੇਰਵੇ ਸਾਂਝੇ ਕੀਤੇ ਗਏ। ਜ਼ਿਕਰਯੋਗ ਹੈ ਕਿ ਡੀਜੀਪੀ ਲੱਦਾਖ ਵੱਲੋਂ ਵਿਆਪਕ ਤੌਰ 'ਤੇ ਇਸ ਮਾਡਲ ਦੀ ਪ੍ਰਸ਼ੰਸਾ ਕੀਤੀ ਗਈ ਅਤੇ ਉਨ੍ਹਾਂ ਨੇ ਪੰਜਾਬ ਦੇ ਐਸਐਸਐਫ ਮਾਡਲ ਤੋਂ ਸਿੱਖਣ ਵਿੱਚ ਬਾਖੂਬੀ ਦਿਲਚਸਪੀ ਦਿਖਾਈ।

ਆਈ.ਜੀ.ਪੀ. ਕਾਊਂਟਰ ਇੰਟੈਲੀਜੈਂਸ ਅਸ਼ੀਸ਼ ਚੌਧਰੀ ਨੇ ਦੱਸਿਆ ਕਿ ਪੰਜਾਬ ਪੁਲਿਸ ਨੇ ਵਿਦੇਸ਼ਾਂ ਤੋਂ ਅਪਰਾਧ ਅਤੇ ਅੱਤਵਾਦ ਨੂੰ ਅੰਜਾਮ ਦੇਣ ਵਾਲੇ ਭਗੌੜੇ ਅਪਰਾਧੀਆਂ ਤੱਕ ਪਹੁੰਚ ਕਰਨ ਲਈ ਓਵਰਸੀਜ਼ ਫਿਊਜਿਟਿਵ ਟ੍ਰੈਕਿੰਗ ਐਂਡ ਐਕਸਟ੍ਰੀਡਿਸ਼ਨ ਸੈੱਲ (ਓਐਫਟੀਈਸੀ) ਦਾ ਗਠਨ ਕੀਤਾ ਹੈ। ਸਾਲ 2024 ਤੋਂ ਕੁੱਲ 17 ਭਗੌੜਿਆਂ ਨੂੰ ਭਾਰਤ ਲਿਆਂਦਾ ਗਿਆ ਹੈ ਜਾਂ ਹਵਾਲਗੀ ਲਈ ਗਈ ਹੈ, ਜਿਨ੍ਹਾਂ ਵਿੱਚ ਨੌਂ ਓਐਫਟੀਈਸੀ ਰਾਹੀਂ, ਜਦੋਂ ਕਿ ਬਾਕੀ ਅੱਠ ਹੋਰ ਭਗੌੜੇ ਪੁਲਿਸ ਦੀਆਂ ਆਪਸੀ ਤਾਲਮੇਲ ਵਾਲੀਆਂ ਕਾਰਵਾਈਆਂ ਰਾਹੀਂ ਵਿਦੇਸ਼ਾਂ ਤੋਂ ਭਾਰਤ ਲਿਆਂਦੇ ਗਏ ਹਨ ।

ਸਰਹੱਦੀ ਸੁਰੱਖਿਆ ਅਤੇ ਡਰੋਨ ਵਿਰੋਧੀ ਉਪਾਵਾਂ 'ਤੇ ਜ਼ੋਰ ਦਿੰਦਿਆਂ ਡੀਆਈਜੀ ਐਂਟੀ ਨਾਰਕੋਟਿਕਸ ਟਾਸਕ ਫੋਰਸ (ਏਐਨਟੀਐਫ) ਅਖਿਲ ਚੌਧਰੀ ਨੇ ਆਪਣੀ ਪੇਸ਼ਕਾਰੀ ਵਿੱਚ ਮਾਨਵ ਰਹਿਤ ਹਵਾਈ ਪ੍ਰਣਾਲੀਆਂ ਰਾਹੀਂ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਸਰਹੱਦ ਪਾਰੋਂ ਤਸਕਰੀ ਨੂੰ ਰੋਕਣ ਲਈ ਚੁੱਕੇ ਗਏ ਕਦਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਨੇ ਤਿੰਨ ਐਂਟੀ-ਡਰੋਨ ਪ੍ਰਣਾਲੀਆਂ ਕਾਰਜਸ਼ੀਲ ਕੀਤੀਆਂ ਹਨ ਅਤੇ ਇਸ ਦੇ ਨਾਲ ਹੀ ਲਗਭਗ 600 ਕਰਮਚਾਰੀਆਂ ਦੀ ਤਾਇਨਾਤੀ ਵਾਲੇ 64 ਸਮਰਪਿਤ ਨਾਕੇ ਵੀ ਲਗਾਏ ਗਏ ਹਨ, ਜਿੱਥੇ ਡਰੋਨ ਨਾਲ ਸਬੰਧਤ ਖਤਰਿਆਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਦਾ ਜਵਾਬ ਦੇਣ ਲਈ 24 ਘੰਟੇ ਨਿਗਰਾਨੀ ਕੀਤੀ ਜਾ ਰਹੀ ਹੈ।

ਇਸ ਦੌਰਾਨ ਹਰਿਆਣਾ, ਦਿੱਲੀ, ਚੰਡੀਗੜ੍ਹ, ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਉੱਤਰ ਪ੍ਰਦੇਸ਼, ਉੱਤਰਾਖੰਡ ਅਤੇ ਲੱਦਾਖ ਦੇ ਪੁਲਿਸ ਬਲਾਂ ਵੱਲੋਂ ਪੁਲਿਸਿੰਗ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਅਤੇ ਹੋਰ ਉੱਭਰ ਰਹੀਆਂ ਤਕਨਾਲੋਜੀਆਂ ਦਾ ਲਾਭ ਉਠਾਉਣਾ, ਅੰਤਰ-ਰਾਜੀ ਅੱਤਵਾਦੀ-ਗੈਂਗਸਟਰ-ਅਪਰਾਧੀ ਗਠਜੋੜ ਦੀ ਨਿਗਰਾਨੀ ਕਰਨ - ਅੰਤਰਰਾਜੀ ਤਾਲਮੇਲ, ਨਵੇਂ ਅਪਰਾਧਿਕ ਕਾਨੂੰਨ, ਸਾਈਬਰ ਅਪਰਾਧ ਦਾ ਮੁਕਾਬਲਾ ਕਰਨ, ਸੋਸ਼ਲ ਮੀਡੀਆ ਨਿਗਰਾਨੀ ਆਦਿ ਵਿਸ਼ਿਆਂ ਤੇ ਪੇਸ਼ਕਾਰੀਆਂ ਵੀ ਦਿੱਤੀਆਂ ਗਈਆਂ।

ਜਿਕਰਯੋਗ ਹੈ ਕਿ ਮੀਟਿੰਗ ਏਡੀਜੀਪੀ ਕਾਊਂਟਰ ਇੰਟੈਲੀਜੈਂਸ ਅਮਿਤ ਪ੍ਰਸਾਦ ਵੱਲੋਂ ਦਿੱਤੇ ਗਏ ਰਸਮੀ ਧੰਨਵਾਦ ਮਤੇ ਨਾਲ ਸਮਾਪਤ ਹੋਈ।

# 'ਇਨਵੈਸਟ ਇਨ ਦਾ ਬੈਸਟ': ਅਮਨ ਅਰੋੜਾ ਵੱਲੋਂ ਪੰਜਾਬ ਵਿੱਚ ਨਿਵੇਸ਼ ਲਿਆਉਣ ਲਈ ਯੂ.ਏ.ਈ. ਦੇ ਪ੍ਰਮੁੱਖ ਕਾਰੋਬਾਰੀਆਂ ਨਾਲ ਲੜੀਵਾਰ ਮੀਟਿੰਗਾਂ

## ਅਮਨ ਅਰੋੜਾ ਨੇ ਲੂਲੂ, ਜੈਮਸ, ਸ਼ਰਾਫ, ਅਪੈਰਲ ਗਰੁੱਪ ਸਮੇਤ ਯੂ.ਏ.ਈ. ਦੇ ਚੋਟੀ ਦੇ ਕਾਰੋਬਾਰੀ ਸਮੂਹਾਂ ਅੱਗੇ ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ-2026 ਅਤੇ ਸਿੰਗਲ-ਵਿੰਡੋ ਸਿਸਟਮ ਦਾ ਖਾਕਾ ਪੇਸ਼ ਕੀਤਾ



**ਚੰਡੀਗੜ੍ਹ/ਦੁਬਈ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਲਮੀ ਨਿਵੇਸ਼ ਨੂੰ ਆਕਰਸ਼ਿਤ ਕਰਨ ਦੇ ਵਿਆਪਕ ਯਤਨ ਵਜੋਂ ਪੰਜਾਬ ਦੇ ਉਦਯੋਗ ਅਤੇ ਵਣਜ ਮੰਤਰੀ ਸ੍ਰੀ ਅਮਨ ਅਰੋੜਾ ਨੇ ਯੂ.ਏ.ਈ. ਦੇ ਚੋਟੀ ਦੇ ਕਾਰੋਬਾਰੀ ਸਮੂਹਾਂ ਅੱਗੇ ਸੂਬੇ ਦੀ ਨਿਵੇਸ਼ਕ-ਪੱਖੀ ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ-2026 ਅਤੇ ਸਿੰਗਲ-ਵਿੰਡੋ ਕਲੀਅਰੈਂਸ ਸਿਸਟਮ ਦਾ ਖਾਕਾ ਪੇਸ਼ ਕੀਤਾ ਅਤੇ 'ਇਨਵੈਸਟ ਪੰਜਾਬ' ਰਾਹੀਂ ਸਮਾਂਬੱਧ ਸਹੂਲਤਾਂ, ਜਵਾਬਦੇਹ ਪ੍ਰਸ਼ਾਸਨ ਅਤੇ ਸਮਰਪਿਤ ਸਹਿਯੋਗ ਦਾ ਭਰੋਸਾ ਦਿੱਤਾ।

ਇਸ ਤੋਂ ਪਹਿਲਾਂ ਦੁਬਈ ਵਿਖੇ ਭਾਰਤ ਦੇ ਕੌਂਸਲ ਜਨਰਲ ਡਾ. ਏਮਾਦੀ ਵਿਸ਼ਨੂੰ ਵਰਧਨ ਰੈੱਡੀ ਨੇ ਪੰਜਾਬ ਵਿੱਚ ਨਿਵੇਸ਼ ਨੂੰ ਉਤਸ਼ਾਹਿਤ ਕਰਨ, ਨਿਵੇਸ਼ਕਾਂ ਦੀ ਸ਼ਮੂਲੀਅਤ ਵਧਾਉਣ ਅਤੇ ਨਿਵੇਸ਼ਕਾਂ ਦੇ ਭਰੋਸੇ ਨੂੰ ਹੋਰ ਮਜ਼ਬੂਤ ਕਰਨ ਦੇ ਵਿਸ਼ਿਆਂ 'ਤੇ ਚਰਚਾ ਵਾਸਤੇ ਸ੍ਰੀ ਅਮਨ ਅਰੋੜਾ ਲਈ ਨਾਸ਼ਤੇ ਦੀ ਮੇਜ਼ਬਾਨੀ ਕੀਤੀ।

ਆਪਣੇ ਦੁਬਈ ਦੌਰੇ ਦੌਰਾਨ ਸ੍ਰੀ ਅਮਨ ਅਰੋੜਾ ਨੇ ਖੇਤਰ-ਅਧਾਰਿਤ ਨਿਵੇਸ਼ ਮੌਕਿਆਂ, ਕਾਰੋਬਾਰ ਤੋਂ ਕਾਰੋਬਾਰ (ਬੀ-ਟੂ ਬੀ) ਸਾਂਝੇਦਾਰੀਆਂ, ਤਕਨੀਕੀ ਸਹਿਯੋਗ ਅਤੇ ਪੰਜਾਬ ਦੇ ਵਿਕਾਸ ਵਿੱਚ ਯੂ.ਏ.ਈ. ਦੀ ਵੱਧ ਤੋਂ ਵੱਧ ਭਾਗੀਦਾਰੀ ਦੀ ਪੜਚੋਲ ਲਈ ਪ੍ਰਮੁੱਖ ਕਾਰੋਬਾਰੀ ਆਗੂਆਂ ਨਾਲ ਵੱਖ-ਵੱਖ ਮੀਟਿੰਗਾਂ ਕੀਤੀਆਂ, ਜਿਨ੍ਹਾਂ ਵਿੱਚ ਸ਼ਰਾਫ ਗਰੁੱਪ ਦੇ ਪ੍ਰਧਾਨ ਅਤੇ ਸੀ.ਈ.ਓ. ਸ੍ਰੀ ਸ਼ਿਆਮ ਕਪੂਰ, ਮਾਊਂਟ ਮੇਰੂ ਗਰੁੱਪ ਦੇ ਪ੍ਰੈਜ਼ੀਡੈਂਟ ਐਨਰਜੀ ਸ੍ਰੀ ਅਤੁਲ ਮਿੱਤਲ, ਅਲ ਡੋਬੋਵੀ ਗਰੁੱਪ ਦੇ ਚੇਅਰਮੈਨ ਸ੍ਰੀ ਸੁਰਿੰਦਰ ਸਿੰਘ ਕੰਧਾਰੀ, ਜੈਕੀਜ਼ ਦੇ ਸ੍ਰੀ ਜੈਕੀ ਪੰਜਾਬੀ, ਅਪੈਰਲ ਗਰੁੱਪ ਦੇ ਚੇਅਰਮੈਨ ਸ੍ਰੀ ਨੀਲੇਸ਼ ਵੇਦ, ਲੂਲੂ ਰਿਟੇਲ ਹੋਲਡਿੰਗਜ਼ ਪੀ.ਐਲ.ਸੀ. ਦੇ ਗਰੁੱਪ ਡਾਇਰੈਕਟਰ -ਗਲੋਬਲ ਆਪ੍ਰੇਸ਼ਨਜ਼ ਸ੍ਰੀ ਸਲੀਮ ਐਮ.ਏ. ਅਤੇ ਜੈਮਸ ਐਜੂਕੇਸ਼ਨ ਦੇ ਸੰਸਥਾਪਕ ਅਤੇ ਚੇਅਰਮੈਨ ਸ੍ਰੀ ਸੰਨੀ ਵਰਕੀ ਸ਼ਾਮਲ ਸਨ।

ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ-2026 ਦੀਆਂ ਮੁੱਖ ਵਿਸ਼ੇਸ਼ਤਾਵਾਂ ਨੂੰ ਉਜਾਗਰ ਕਰਦਿਆਂ ਉਦਯੋਗ ਮੰਤਰੀ ਨੇ ਕਿਹਾ ਕਿ ਇਸ ਦਾ ਉਦੇਸ਼ ਮੁਕਾਬਲੇਬਾਜ਼ੀ ਅਤੇ ਨਿਵੇਸ਼ਕ-ਪੱਖੀ ਮਾਹੌਲ ਸਿਰਜਣਾ, ਉਦਯੋਗਿਕ ਵਿਕਾਸ ਨੂੰ ਤੇਜ਼ ਕਰਨਾ, ਕਾਰੋਬਾਰ ਕਰਨ ਦੀ ਸੌਖ ਨੂੰ ਹੁਲਾਰਾ ਦੇਣਾ ਅਤੇ ਰੋਜ਼ਗਾਰ ਪੈਦਾ ਕਰਨ ਵਾਲੇ ਨਿਵੇਸ਼ਾਂ ਨੂੰ ਉਤਸ਼ਾਹਿਤ ਕਰਨਾ ਹੈ, ਜਿਸ ਵਿੱਚ 'ਇਨਵੈਸਟ ਪੰਜਾਬ' ਹਰ ਤਰ੍ਹਾਂ ਦੀਆਂ ਪ੍ਰਵਾਨਗੀਆਂ, ਕਲੀਅਰੈਂਸ, ਜ਼ਮੀਨ ਸਬੰਧੀ ਸਹਾਇਤਾ ਅਤੇ ਪ੍ਰੋਜੈਕਟ ਨੂੰ ਸ਼ੁਰੂ ਤੋਂ ਅੰਤ ਤੱਕ ਪੂਰਾ ਸਹਿਯੋਗ ਦੇਣ ਲਈ ਸਿੰਗਲ-ਪੁਆਇੰਟ ਸੁਵਿਧਾ ਕੇਂਦਰ ਵਜੋਂ ਕੰਮ ਕਰ ਰਿਹਾ ਹੈ।

ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਨਿਵੇਸ਼ ਲਈ ਰਣਨੀਤਕ ਥਾਂ, ਸ਼ਾਨਦਾਰ ਕੁਨੈਕਟੀਵਿਟੀ, ਹੁਨਰਮੰਦ ਮਨੁੱਖੀ ਸ਼ਕਤੀ, ਮਜ਼ਬੂਤ ਉਦਯੋਗਿਕ ਆਧਾਰ, ਉੱਦਮੀ ਪ੍ਰਤਿਭਾ ਅਤੇ ਇੱਕ ਵੱਡੇ ਘਰੇਲੂ ਬਾਜ਼ਾਰ ਤੱਕ ਪਹੁੰਚ ਦੀ ਪੇਸ਼ਕਸ਼ ਕਰਦਾ ਹੈ ਅਤੇ ਉਨ੍ਹਾਂ ਨੇ ਯੂ.ਏ.ਈ. ਦੀਆਂ ਕੰਪਨੀਆਂ ਨੂੰ ਸੂਬੇ ਦੀਆਂ ਨਿਵੇਸ਼-ਅਨੁਕੂਲ ਨੀਤੀਆਂ ਅਤੇ ਗਤੀਸ਼ੀਲ ਵਪਾਰਕ ਈਕੋਸਿਸਟਮ ਦਾ ਵੱਧ ਤੋਂ ਵੱਧ ਲਾਭ ਉਠਾਉਣ ਦਾ ਸੱਦਾ ਦਿੱਤਾ।

ਉਦਯੋਗ ਮੰਤਰੀ ਨੇ ਕਿਹਾ ਕਿ ਪੰਜਾਬ ਫੂਡ ਪ੍ਰੋਸੈਸਿੰਗ ਅਤੇ ਖੇਤੀ-ਅਧਾਰਤ ਉਦਯੋਗਾਂ, ਲੌਜਿਸਟਿਕਸ ਅਤੇ ਵੇਅਰਹਾਊਸਿੰਗ, ਸਿੱਖਿਆ ਅਤੇ ਹੁਨਰ ਵਿਕਾਸ, ਮੈਨੂਫੈਕਚਰਿੰਗ, ਆਈ.ਟੀ., ਨਵਿਆਉਣਯੋਗ ਊਰਜਾ ਅਤੇ ਹੋਰ ਉੱਭਰ ਰਹੇ ਖੇਤਰਾਂ ਵਿੱਚ ਨਿਵੇਸ਼ ਨੂੰ ਉਤਸ਼ਾਹਿਤ ਕਰ ਰਿਹਾ ਹੈ। ਉਨ੍ਹਾਂ ਨੇ ਨਿਵੇਸ਼ਕਾਂ ਨੂੰ ਸਮਾਂਬੱਧ ਸਹੂਲਤਾਂ, ਸੁਚਾਰੂ ਪ੍ਰਵਾਨਗੀਆਂ, ਜਵਾਬਦੇਹ ਪ੍ਰਸ਼ਾਸਨ ਅਤੇ 'ਇਨਵੈਸਟ ਪੰਜਾਬ' ਰਾਹੀਂ ਸਮਰਪਿਤ ਸਹਿਯੋਗ ਦਾ ਭਰੋਸਾ ਦਿੱਤਾ।

ਇਸ ਦੌਰਾਨ ਸ੍ਰੀ ਅਮਨ ਅਰੋੜਾ ਨੇ ਏ.ਆਈ.ਐਮ. ਦੁਬਈ ਵਿਖੇ ਯੂ.ਏ.ਈ. ਵਿੱਚ ਭਾਰਤ ਦੇ ਦੂਤ ਸ੍ਰੀ ਦੀਪਕ ਮਿੱਤਲ, ਆਈ.ਐਫ.ਐਸ. ਨਾਲ ਵੀ ਮੁਲਾਕਾਤ ਕੀਤੀ। ਇਸ ਮੀਟਿੰਗ ਵਿੱਚ ਹੁਨਰ ਵਿਕਾਸ, ਖੇਤੀਬਾੜੀ ਅਤੇ ਫੂਡ ਪ੍ਰੋਸੈਸਿੰਗ ਵਿੱਚ ਸਹਿਯੋਗ ਲਈ ਖੇਤਰ-ਵਿਸ਼ੇਸ਼ ਮੌਕਿਆਂ ਦੀ ਪੜਚੋਲ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਗਿਆ। ਸ੍ਰੀ ਅਰੋੜਾ ਨੇ ਉਜਾਗਰ ਕੀਤਾ ਕਿ ਪੰਜਾਬ ਨਿਵੇਸ਼ ਨੂੰ ਆਕਰਸ਼ਿਤ ਕਰਨ, ਉੱਦਮਤਾ ਨੂੰ ਉਤਸ਼ਾਹਿਤ ਕਰਨ, ਰੋਜ਼ਗਾਰ ਪੈਦਾ ਕਰਨ ਅਤੇ ਵਿਸ਼ਵ ਪੱਧਰ 'ਤੇ ਮੁਕਾਬਲੇ ਵਾਲਾ ਉਦਯੋਗਿਕ ਈਕੋਸਿਸਟਮ ਸਥਾਪਤ ਕਰਨ ਲਈ ਵਧੇਰੇ ਲਾਭਕਾਰੀ ਪ੍ਰੋਤਸਾਹਨ ਪ੍ਰਦਾਨ ਕਰਦਾ ਹੈ।

ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਏ.ਆਈ.ਐਮ. ਦੁਬਈ ਵਿੱਚ ਪੰਜਾਬ ਦੀ ਸ਼ਮੂਲੀਅਤ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਵਿਸ਼ਵ ਪੱਧਰੀ ਨਿਵੇਸ਼ਕਾਂ ਨੂੰ ਸੂਬੇ'ਚ ਨਿਵੇਸ਼ ਲਈ ਆਕਰਸ਼ਿਤ ਕਰਨ ਅਤੇ ਪੰਜਾਬ ਦੀ ਨਵੀਂ ਨਿਵੇਸ਼ ਨੀਤੀ ਨਾਲ ਪੈਦਾ ਹੋਏ ਅਨੁਕੂਲ ਮੌਕਿਆਂ ਨੂੰ ਆਲਮੀ ਮੰਚ ਤੱਕ ਪ੍ਰਦਰਸ਼ਿਤ ਕਰਨ ਦੇ ਨਿਰੰਤਰ ਯਤਨਾਂ ਨੂੰ ਦਰਸਾਉਂਦੀ ਹੈ।

ਉਨ੍ਹਾਂ ਕਿਹਾ, ÷ਸਾਡਾ ਉਦੇਸ਼ ਸਿਰਫ਼ ਨਿਵੇਸ਼ ਲਿਆਉਣਾ ਹੀ ਨਹੀਂ ਹੈ, ਸਗੋਂ ਲੰਬੇ ਸਮੇਂ ਦੀ ਭਾਈਵਾਲੀ ਸਥਾਪਤ ਕਰਨਾ ਹੈ ਜੋ ਰੁਜ਼ਗਾਰ ਪੈਦਾ ਕਰੇ, ਉਦਯੋਗ ਨੂੰ ਮਜ਼ਬੂਤ ਕਰੇ ਅਤੇ ਪੰਜਾਬ ਦੇ ਆਰਥਿਕ ਵਿਕਾਸ 'ਚ ਤੇਜ਼ੀ ਲਿਆਵੇ।÷

ਜ਼ਿਕਰਯੋਗ ਹੈ ਕਿ ਸ੍ਰੀ ਅਮਨ ਅਰੋੜਾ ਦੀ ਅਗਵਾਈ ਵਾਲੇ ਪੰਜਾਬ ਦੇ ਵਫ਼ਦ ਵਿੱਚ ਸੀ.ਈ.ਓ. ਇਨਵੈਸਟ ਪੰਜਾਬ ਸ੍ਰੀ ਅਮਿਤ ਢਾਕਾ, ਡਾਇਰੈਕਟਰ ਉਦਯੋਗ ਅਤੇ ਵਣਜ ਸ੍ਰੀ ਜਸਪ੍ਰੀਤ ਸਿੰਘ ਅਤੇ ਐਮ.ਡੀ. ਪੰਜਾਬ ਵਿੱਤ ਨਿਗਮ ਮਿਸ ਸੇਨੂ ਦੁੱਗਲ ਸ਼ਾਮਲ ਹਨ। ਇਹ ਵਫ਼ਦ ਠੋਸ ਨਿਵੇਸ਼ ਤਜਵੀਜ਼ਾਂ ਦੀ ਪਛਾਣ ਅਤੇ ਸੂਬੇ ਨਾਲ ਭਾਈਵਾਲੀ ਨੂੰ ਸੁਖਾਲਾ ਬਣਾਉਣ ਲਈ ਆਲਮੀ ਅਤੇ ਯੂ.ਏ.ਈ. ਅਧਾਰਤ ਨਿਵੇਸ਼ਕਾਂ ਅਤੇ ਵਪਾਰਕ ਘਰਾਣਿਆਂ ਨਾਲ ਲਗਾਤਾਰ ਮੀਟਿੰਗਾਂ ਕਰ ਰਿਹਾ ਹੈ।

# ਪ੍ਰਿਤਪਾਲ ਫਗਵਾੜਾ ਨੇ ਜਿੱਤੀ ਬੂਥਗੜ੍ਹ ਦੰਗਲ ਵਿੱਚ ਝੰਡੀ, ਕੈਬਨਿਟ ਮੰਤਰੀ ਮੁੰਡੀਆ ਨੇ ਕੀਤੀ ਮੁੱਖ ਮਹਿਮਾਨ ਵਜੋਂ ਸ਼ਿਰਕਤ



**ਮਾਛੀਵਾੜਾ ਸਾਹਿਬ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਨਜ਼ਦੀਕ ਹਲਕਾ ਸਾਹਨੇਵਾਲ ਅਧੀਨ ਆਉਂਦੇ ਪਿੰਡ ਬੂਥਗੜ੍ਹ ਜੱਟਾਂ ਵਿਖੇ ਧੰਨ ਧੰਨ ਗੁੱਗਾ ਜਾਹਰ ਪੀਰ ਦੀ ਯਾਦ ਵਿੱਚ ਸਲਾਨਾ ਚੌਥਾ ਦੰਗਲ ਮੇਲਾ ਕਰਵਾਇਆ ਗਿਆ। ਗੁੱਗਾ ਜਾਹਰ ਪੀਰ ਪ੍ਰਬੰਧਕ ਕਮੇਟੀ ਬੂਥਗੜ੍ਹ ਜੱਟਾਂ ਦੇ ਪ੍ਰਧਾਨ ਪੰਚ ਪਰਮਜੀਤ ਸਿੰਘ ਤੇ ਸਰਪੰਚ ਮਨਜੋਤ ਸਿੰਘ ਮਨੀ ਮਾਂਗਟ ਨੇ ਦੱਸਿਆ ਕਿ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਇਲਾਕਾ ਨਿਵਾਸੀ ਤੇ ਐਨ.ਆਰ. ਆਈ. ਵੀਰਾਂ ਦੇ ਸਹਿਯੋਗ ਨਾਲ ਕਰਵਾਏ ਜਾ ਗਏ ਇਸ ਚੌਥੇ ਵਿਸ਼ਾਲ ਦੰਗਲ ਮੇਲੇ ਵਿੱਚ ਕੈਬਨਟ ਮੰਤਰੀ ਹਰਦੀਪ ਸਿੰਘ ਮੁੰਡੀਆ, ਚੇਅਰਮੈਨ ਜ਼ੋਰਾਵਰ ਸਿੰਘ, ਸਰਪੰਚ ਸੁਖਵਿੰਦਰ ਸਿੰਘ ਬਾਜਵਾ ਜੌਨੇਵਾਲ ਅਤੇ ਸਮੁੱਚੀ ਟੀਮ ਸਮੇਤ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਕੈਬਨਿਟ ਮੰਤਰੀ ਮੁੰਡਿਆਂ ਨੇ ਖੇਡ ਪ੍ਰੇਮੀ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ, ਖਿਡਾਰੀਆਂ ਅਤੇ ਖੇਡ ਗਰਾਊਂਡਾਂ ਲਈ ਹਰ ਸੰਭਵ ਸ਼ਲਾਘਾਯੋਗ ਕੰਮ ਕਰ ਰਹੀ ਹੈ, ਉਹਨਾਂ ਦੱਸਿਆ ਕਿ ਆਪਣੇ ਹਲਕੇ ਦੇ ਬਹੁਤੇ ਪਿੰਡਾਂ ਵਿੱਚ ਖੇਡ ਸਟੇਡੀਅਮ ਬਣ ਚੁੱਕੇ ਹਨ ਤਾਂ ਜੋ ਨੌਜਵਾਨ ਨਸ਼ਿਆਂ ਦੀ ਵਗਦੇ ਛੇਵੇਂ ਦਰਿਆ ਤੋਂ ਬਚ ਸਕਨ ਅਤੇ ਖੇਡ ਗਰਾਊਂਡਾਂ ਨਾਲ ਜੁੜ ਕੇ ਪੰਜਾਬ ਦੀ ਜਵਾਨੀ ਨੂੰ ਸਾਂਭ ਸਕਣ। ਉਹਨਾਂ ਪਿੰਡ ਦੀ ਪੰਚਾਇਤ ਦੀ ਮੰਗ ਤੇ ਸ਼ਮਸ਼ਾਨਘਾਟ ਅਤੇ ਪਿੰਡ ਦੇ ਹੋਰ ਵਿਕਾਸ ਕਾਰਜਾਂ ਲਈ ਗ੍ਰਾਂਟ ਦੇਣ ਦਾ ਐਲਾਨ ਵੀ ਕੀਤਾ।

ਉਹਨਾਂ ਹਲਕੇ ਵਿੱਚ ਕੀਤੇ ਗਏ ਵਿਕਾਸ ਕਾਰਜਾਂ ,ਸੜਕਾਂ ਦੇ ਨਿਰਮਾਣ ਕਾਰਜਾਂ ,ਖੇਡ ਗਰਾਊਂਡ ਅਤੇ ਹੋਰ ਸਰਕਾਰ ਵੱਲੋਂ ਦਿੱਤੀਆਂ ਸਹੂਲਤਾਂ ਦਾ ਵੀ ਜ਼ਿਕਰ ਕੀਤਾ। ਬੁਲਟ ਮੋਟਰਸਾਈਕਲ ਇਨਾਮੀ ਝੰਡੀ ਦੀ ਕੁਸ਼ਤੀ ਪ੍ਰਿਤਪਾਲ ਫਗਵਾੜਾ ਤੇ ਧਰਮਿੰਦਰ ਕੁਹਾਲੀ ਵਿਚਕਾਰ ਕਰਵਾਈ ਗਈ , ਕਰੀਬ 20 ਮਿੰਟ ਖੁੱਲ੍ਹੀ ਕੁਸ਼ਤੀ ਦੇ ਸਮੇਂ ਦੌਰਾਨ ਦੋਨੋਂ ਪਹਿਲਵਾਨ ਇੱਕ ਦੂਜੇ ਨੂੰ ਚਿੱਤ ਨਾ ਕਰ ਸਕੇ ਅਖੀਰ ਪ੍ਰਬੰਧਕਾਂ ਵੱਲੋਂ ਪੁਆਇੰਟ ਤੇ ਕੁਸ਼ਤੀ ਕਰਵਾਈ ਗਈ , ਜਿਸ ਵਿੱਚ ਪ੍ਰਿਤਪਾਲ ਫਗਵਾੜਾ ਨੇ ਪਹਿਲਾਂ ਪੁਆਇੰਟ ਬਣਾਉਂਦਿਆਂ ਧਰਮਿੰਦਰ ਕੋਹਾਲੀ ਨੂੰ ਚਿੱਤ ਕਰਕੇ ਬੁਲਟ ਮੋਟਰਸਾਈਕਲ ਇਨਾਮ ਆਪਣੇ ਨਾਂ ਕੀਤਾ। ਦੋ ਨੰਬਰ ਝੰਡੀ ਦੀ ਕੁਸ਼ਤੀ ਤਾਜ ਰੁੜਕੀ ਅਤੇ ਗਣੇਸ਼ ਅਖਾੜਾ ਮਾਮੂਪੁਰ ਮਹਾਰਾਸਟਰਾ ਵਿਚਕਾਰ ਕਰਵਾਈ ਗਈ ,ਜਿਸ ਵਿੱਚ ਤਾਜ ਰੁੜਕੀ ਨੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ।ਇਸ ਤੋਂ ਇਲਾਵਾ ਸਪੈਸ਼ਲ ਕੁਸ਼ਤੀਆਂ ਵਿੱਚ ਲਾਲੀ ਮੰਡ ਚੌਂਤਾ ਨੇ ਜਤਿਨ ਨੂੰ ਹਰਾਕੇ ਜਿੱਤ ਪ੍ਰਾਪਤ ਕੀਤੀ। ਝੰਡੀ ਦੀ ਕੁਸ਼ਤੀ ਲਈ ਬੁਲਟ ਮੋਟਰਸਾਈਕਲ ਦੀ ਸੇਵਾ ਰਾਜ ਕੁਮਾਰ ਸਪੇਨ ਪੁੱਤਰ ਰਤਨਾ ਰਾਮ ਤੇ ਸਮੂਹ ਬੰਗੜ ਪਰਿਵਾਰ ਵੱਲੋਂ ਕੀਤੀ ਗਈ। ਪ੍ਰਬੰਧਕਾਂ ਵੱਲੋਂ ਇੱਕ ਨੰਬਰ ਝੰਡੀ ਦੀ ਕੁਸ਼ਤੀ ਦੇ ਜੇਤੂ ਨੂੰ ਮੋਟਰਸਾਈਕਲ ਅਤੇ ਹੋਰ ਪਹਿਲਵਾਨਾਂ ਨੂੰ ਲੱਖਾਂ ਰੁਪਏ ਨਗਦ ਇਨਾਮ ਦੇ ਕੇ ਨਿਵਾਜਿਆ ਗਿਆ। ਇਸ ਮੌਕੇ ਸਟੇਜ ਸੰਚਾਲਨ ਹਰਪ੍ਰੀਤ ਸਿੰਘ ਪ੍ਰੀਤ ਜੌਨੇਵਾਲ ਆਪਣੇ ਸਾਇਰਾਨਾਂ ਅੰਦਾਜ਼ ਨਾਲ ਬਾਖੂਬੀ ਨਿਭਾਇਆ। ਅਖਾੜੇ ਵਿੱਚ ਕੁਮੈਂਟਰੀ ਭੁੱਲਰ ਕੁਤਲੇਵਾਲ ਤੇ ਮਨੀ ਜੀਵਨਪੁਰ ਨੇ ਕੀਤੀ।ਮੇਲੇ ਦੀ ਸਫਲਤਾ ਤੇ ਸਰਪੰਚ ਮਨਜੋਤ ਸਿੰਘ ਨੇ ਸਮੂਹ ਐਨ.ਆਰ.ਆਈ.ਵੀਰਾਂ, ਪਿੰਡ ਵਾਸੀਆਂ,ਗ੍ਰਾਮ ਪੰਚਾਇਤ, ਪ੍ਰਬੰਧਕ ਕਮੇਟੀ ਅਤੇ ਸਹਿਯੋਗੀ ਸੱਜਣਾਂ ਦਾ ਧੰਨਵਾਦ ਪ੍ਰਗਟ ਕੀਤਾ। ਇਸ ਦੰਗਲ ਮੇਲੇ ਨੂੰ ਸਫਲ ਬਣਾਉਣ ਲਈ ਸਰਪੰਚ ਮਨਜੋਤ ਸਿੰਘ ਮਨੀ ਮਾਂਗਟ , ਗੀਤਕਾਰ ਸਰਪੰਚ ਅਨਿਲ ਫਤਿਹਗੜ੍ਹ ਜੱਟਾਂ, ਗੁੱਗਾ ਮੈੜੀ ਮੁੱਖ ਸੇਵਾਦਾਰ ਪ੍ਰਧਾਨ ਗੁੱਗਾ ਮੈੜੀ ਪਰਮਜੀਤ ਸਿੰਘ ਪੰਮ, ਸੁਨੀਲ ਕੁਮਾਰ, ਪੰਚ ਗੁਰਜੀਤ ਸਿੰਘ, ਪੰਚ ਹੁਸਨ ਲਾਲ, ਪੰਚ ਅਸ਼ੋਕ ਕੁਮਾਰ, ਪਰਮਜੀਤ ਸਿੰਘ, ਬਲਵਿੰਦਰ ਰਾਮ, ਨੰਬਰਦਾਰ ਸੱਤਪਾਲ, ਹਰਜਿੰਦਰ ਸਿੰਘ ਆਸਟਰੇਲੀਆ,ਰਤਨਾ ਰਾਮ ਬੰਗੜ ਪਰਿਵਾਰ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਦੰਗਲ ਮੇਲੇ ਦਾ ਲਾਈਵ ਪ੍ਰਸਾਰਨ ਪ੍ਰਸਿੱਧ ਚੈਨਲ ਪਿਓਰ ਪੰਜਾਬੀ ਤੇ ਲੱਕੀ ਜੌਨੇਵਾਲ , ਰਾਜੂ ਜੌਨੇਵਾਲ ਤੇ ਮਾਸਟਰ ਸਤੀਸ਼ ਕੁਮਾਰ ਦੀ ਟੀਮ ਵੱਲੋਂ ਦਿਖਾਇਆ ਗਿਆ,ਜਿਸ ਨੂੰ ਦੇਸ਼ ਵਿਦੇਸ਼ ਵਿੱਚ ਬੈਠੇ ਐਨ.ਆਰ.ਆਈ.ਵੀਰਾਂ ਨੇ ਅਨੰਦ ਮਾਣਿਆ।ਸਮੁੱਚੀ ਪ੍ਰਬੰਧਕ ਟੀਮ ਵੱਲੋਂ ਦੂਜੇ ਮੁੱਖ ਮਹਿਮਾਨ ਦਾਨੀ ਸਹਿਯੋਗੀ ਸੱਜਣਾਂ ਅਤੇ ਪਹਿਲਵਾਨਾਂ ਨੂੰ ਸਨਮਾਨ ਚਿੰਨ੍ਹ ਦੇਕੇ ਸਨਮਾਨਿਤ ਕੀਤਾ ਗਿਆ॥

# ਪੰਜਾਬ ਵਿਧਾਨ ਸਪੀਕਰ ਨੇ ਐਸ.ਏ.ਐਸ. ਨਗਰ ਵਿਖੇ ਇਨਾਮ ਵੰਡ ਸਮਾਰੋਹ ਦੌਰਾਨ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ

**ਚੰਡੀਗੜ੍ਹ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਅੱਜ ਗੁਰੂ ਨਾਨਕ ਦੇਵ ਬੀ.ਐੱਡ. ਕਾਲਜ, ਮਜਾਤਰੀ, ਜ਼ਿਲ੍ਹਾ ਐਸ.ਏ.ਐਸ. ਨਗਰ ਵਿਖੇ ਹੋਏ ਇਨਾਮ ਵੰਡ ਸਮਾਰੋਹ ਦੌਰਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਹ ਸਮਾਗਮ ਸਮਾਜ ਸੇਵੀ ਸੰਸਥਾ 'ਇਨਸਾਨੀਅਤ' ਵੱਲੋਂ ਸਥਾਨਕ ਸਕੂਲਾਂ ਦੇ ਵੱਧ ਅੰਕ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਕਰਵਾਇਆ ਗਿਆ ਸੀ। ਇਸਦਾ ਮੁੱਖ ਉਦੇਸ਼ ਖੇਤਰ ਵਿੱਚ ਉਚੇਰੀ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਸੀ। ਸਮਾਗਮ ਦੌਰਾਨ ਸਪੀਕਰ ਨੇ ਸੰਸਥਾ ਦੀ ਨਵੀਂ ਬਣਨ ਵਾਲੀ ਇਮਾਰਤ ਦੇ ਮਾਡਲ ਦਾ ਵੀ ਉਦਘਾਟਨ ਕੀਤਾ। ਇਸ ਦੌਰਾਨ ਪੰਜਾਬ ਐਸ.ਸੀ. ਕਮਿਸ਼ਨ ਦੇ ਸਾਬਕਾ ਚੇਅਰਮੈਨ, ਜਸਵੀਰ ਸਿੰਘ ਗੜ੍ਹੀ ਨੇ ਵੀ ਮੌਜੂਦ ਰਹੇ। ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕਰਦਿਆਂ ਸ. ਕੁਲਤਾਰ ਸਿੰਘ ਸੰਧਵਾਂ ਨੇ ਉਨ੍ਹਾਂ ਦੀਆਂ ਅਕਾਦਮਿਕ ਪ੍ਰਾਪਤੀਆਂ ਦੀ ਬਹੁਤ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਨੂੰ ਸਮਰਪਣ ਅਤੇ ਤਨਦੇਹੀ ਨਾਲ ਅੱਗੇ ਵਧਣ ਲਈ ਪ੍ਰੇਰਿਆ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਸਿਵਲ ਸੇਵਾ ਪ੍ਰੀਖਿਆਵਾਂ, ਪੇਸ਼ੇਵਰ ਕੋਰਸਾਂ ਆਦਿ ਵੱਡੇ ਟੀਚੇ ਨਿਰਧਾਰਤ ਕਰਨ ਅਤੇ ਆਪਣੇ ਕਰੀਅਰ ਵਿੱਚ ਉੱਚ ਸਥਾਨ ਪ੍ਰਾਪਤ ਕਰਨ ਲਈ ਦ੍ਰਿੜਤਾ ਨਾਲ ਯਤਨ ਕਰਨ ਲਈ ਕਿਹਾ। ਉਨ੍ਹਾਂ ਨੇ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਵੰਡੇ ਅਤੇ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਸਰਾਹਿਆ।

ਇਕੱਠ ਨੂੰ ਸੰਬੋਧਨ ਕਰਦਿਆਂ ਸਪੀਕਰ ਨੇ ਕਿਹਾ ਕਿ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਉਤਸ਼ਾਹਿਤ ਕਰਨਾ ਅਤੇ ਉਚੇਰੀ ਸਿੱਖਿਆ ਲਈ ਨਿਰਵਿਘਨ ਮੌਕੇ ਪੈਦਾ ਕਰਨਾ ਸਮਾਜ ਦੀ ਸਮੂਹਿਕ ਜ਼ਿੰਮੇਵਾਰੀ ਹੈ।

# 10 ਦਿਨਾਂ ਮਹਾਂ-ਸਫਾਈ ਅਭਿਆਨ' ਤੋਂ ਅੱਗੇ ਵੀ ਮਲੇਰਕੋਟਲਾ 'ਚ ਸਫਾਈ ਦੀ ਮੁਹਿੰਮ ਜਾਰੀ; 11ਵੇਂ ਦਿਨ ਕੋਰਟ ਕੰਪਲੈਕਸ ਤੋਂ ਪੁਰਾਣਾ ਕਿਲਾ ਤੱਕ ਸੜਕਾਂ ਦੀ ਸਫਾਈ

**ਮਲੇਰਕੋਟਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ '10 ਦਿਨਾਂ ਮਹਾਂ-ਸਫਾਈ ਅਭਿਆਨ' ਦੀ ਭਾਵਨਾ ਨੂੰ ਅੱਗੇ ਤੋਰਦਿਆਂ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੀਆਂ ਹਦਾਇਤਾਂ ਤਹਿਤ ਨਗਰ ਕੌਂਸਲ ਮਲੇਰਕੋਟਲਾ ਵੱਲੋਂ 11ਵੇਂ ਦਿਨ ਵੀ ਸ਼ਹਿਰ ਵਿੱਚ ਸਫਾਈ ਕਾਰਜ ਲਗਾਤਾਰ ਜਾਰੀ ਰੱਖੇ ਗਏ। ਇਸ ਦੌਰਾਨ ਜੁਡੀਸ਼ੀਅਲ ਕੋਰਟ ਕੰਪਲੈਕਸ ਤੋਂ ਪੁਰਾਣਾ ਕਿਲਾ ਤੱਕ ਦੀਆਂ ਸੜਕਾਂ ਅਤੇ ਆਲੇ-ਦੁਆਲੇ ਦੇ ਖੇਤਰਾਂ ਦੀ ਵਿਸ਼ੇਸ਼ ਸਫਾਈ ਕਰਵਾਈ ਗਈ।

ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਮਹਾਂ-ਸਫਾਈ ਅਭਿਆਨ ਦੌਰਾਨ ਪੈਦਾ ਹੋਈ ਸਫਾਈ ਪ੍ਰਤੀ ਜਾਗਰੂਕਤਾ ਅਤੇ ਸਰਗਰਮੀ ਨੂੰ ਅੱਗੇ ਵੀ ਇਸੇ ਤਰ੍ਹਾਂ ਕਾਇਮ ਰੱਖਿਆ ਜਾਵੇ।

ਉਨ੍ਹਾਂ ਕਿਹਾ ਕਿ ਸਾਫ਼-ਸੁਥਰਾ ਸ਼ਹਿਰ ਸਿਰਫ਼ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਨਹੀਂ, ਸਗੋਂ ਨਾਗਰਿਕਾਂ ਦੀ ਸਾਂਝੀ ਭਾਗੀਦਾਰੀ ਨਾਲ ਹੀ ਸਫਾਈ ਨੂੰ ਸਥਾਈ ਰੂਪ ਦਿੱਤਾ ਜਾ ਸਕਦਾ ਹੈ।

ਇਸ ਸਬੰਧੀ ਕਾਰਜ ਸਾਧਕ ਅਫ਼ਸਰ ਚੰਦਰ ਪ੍ਰਕਾਸ਼ ਵਧਵਾ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ ਅਨੁਸਾਰ ਸ਼ਹਿਰ ਵਿੱਚ ਸਫਾਈ ਕਾਰਜਾਂ ਦੀ ਨਿਰੰਤਰਤਾ ਯਕੀਨੀ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਫਾਈ ਕਿਸੇ ਇੱਕ ਦਿਨ ਜਾਂ ਵਿਸ਼ੇਸ਼ ਅਭਿਆਨ ਨਾਲ ਖ਼ਤਮ ਹੋਣ ਵਾਲਾ ਕਾਰਜ ਨਹੀਂ, ਸਗੋਂ ਰੋਜ਼ਾਨਾ ਜੀਵਨ ਦਾ ਅਨਿੱਖੜਵਾਂ ਹਿੱਸਾ ਹੈ। ਇਸੇ ਸੋਚ ਨਾਲ ਨਗਰ ਕੌਂਸਲ ਵੱਲੋਂ ਸਫਾਈ ਕਾਰਜ ਲਗਾਤਾਰ ਜਾਰੀ ਰੱਖੇ ਜਾਣਗੇ।

ਉਨ੍ਹਾਂ ਸ਼ਹਿਰ ਵਾਸੀਆਂ ਅਤੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ, ਦੁਕਾਨਾਂ ਅਤੇ ਆਲੇ-ਦੁਆਲੇ ਸਫਾਈ ਰੱਖਣ ਦੇ ਨਾਲ ਕੂੜੇ ਦੀ ਵੱਖ-ਵੱਖ ਸੰਭਾਲ ਲਈ ਚਾਰ ਪ੍ਰਕਾਰ ਦੇ ਡਸਟਬਿਨ ਰੱਖਣ ਅਤੇ ਕੂੜਾ ਸੜਕਾਂ ਜਾਂ ਹੋਰ ਜਨਤਕ ਥਾਵਾਂ 'ਤੇ ਨਾ ਸੁੱਟਣ। ਉਨ੍ਹਾਂ ਕਿਹਾ ਕਿ ਸਫਾਈ ਕਰਮਚਾਰੀਆਂ ਦੀ ਮਿਹਨਤ ਨੂੰ ਸਾਰਥਕ ਬਣਾਉਣ ਲਈ ਹਰੇਕ ਨਾਗਰਿਕ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

ਵਧਵਾ ਨੇ ਕਿਹਾ ਕਿ ਨਗਰ ਕੌਂਸਲ ਦਾ ਉਦੇਸ਼ ਸਫਾਈ ਨੂੰ ਮੁਹਿੰਮ ਤੋਂ ਅੱਗੇ ਲਿਜਾ ਕੇ ਲੋਕ-ਚੇਤਨਾ ਅਤੇ ਰੋਜ਼ਾਨਾ ਵਿਹਾਰ ਦਾ ਹਿੱਸਾ ਬਣਾਉਣਾ ਹੈ।ਇਸ ਮੌਕੇ ਨਗਰ ਕੌਂਸਲ ਦੇ ਅਧਿਕਾਰੀ-ਕਰਮਚਾਰੀ, ਸਵੱਛ ਭਾਰਤ ਮਿਸ਼ਨ ਦੀ ਟੀਮ ਅਤੇ ਪੈਸਕੋ ਸੁਪਰਵਾਈਜ਼ਰ ਹਾਜ਼ਰ ਸਨ।

# ਅਮਿਟ ਯਾਦਾਂ ਛੱਡਦਾ ਹੋਇਆ ਸਮਾਪਤ ਹੋਇਆ ਛੌੜੀਆਂ ਬੇਟ ਦਾ ਵਿਸ਼ਾਲ ਦੰਗਲ ਮੇਲਾ



**ਮਾਛੀਵਾੜਾ ਸਾਹਿਬ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਨਜ਼ਦੀਕੀ ਪਿੰਡ ਛੌੜੀਆਂ ਬੇਟ ਦਾ ਸਲਾਨਾ ਦੰਗਲ ਮੇਲਾ ਲੁਧਿਆਣੇ ਜਿਲ੍ਹੇ ਦਾ ਹੀ ਨਹੀਂ ਸਗੋਂ ਪੰਜਾਬ ਦਾ ਸਭ ਤੋਂ ਵੱਡਾ ਦੰਗਲ ਮੇਲਾ ਹੋ ਨਿਬੜਿਆ ।ਪਿੰਡ ਛੌੜੀਆਂ ਬੇਟ ਵਿਖੇ ਦੰਗਲ ਕਮੇਟੀ, ਸਮੂਹ ਨਗਰ ਨਿਵਾਸੀ, ਪ੍ਰਵਾਸੀ ਭਾਰਤੀਆਂ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਬਾਬਾ ਗੁੱਗਾ ਜਾਹਰ ਪੀਰ ਦੀ ਯਾਦ ਵਿੱਚ ਸਲਾਨਾ ਵਿਸ਼ਾਲ ਕੁਸ਼ਤੀ ਦੰਗਲ ਕਰਵਾਇਆ ਗਿਆ।

ਇਸ ਸਬੰਧੀ ਪ੍ਰਧਾਨ ਗੁਰਵਿੰਦਰ ਸਿੰਘ ਬੱਬੂ ਸਰਪੰਚ ,ਮਨਪ੍ਰੀਤ ਸਿੰਘ ਮੰਨਾ, ਜਸਪ੍ਰੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਛਿੰਝ ਦੌਰਾਨ ਝੰਡੀ ਦੀਆ 6 ਵੱਡੀਆਂ ਕੁਸ਼ਤੀਆਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਵੱਡੀ ਝੰਡੀ ਦੀ ਕੁਸ਼ਤੀ ਪੰਜਾਬ ਦੇ ਗੌਰਵ, ਗੌਰਵ ਮਾਛੀਵਾੜਾ ਅਤੇ ਮਿਰਜਾ ਇਰਾਨ ਦੇ ਵਿਚਕਾਰ ਹੋਈ, ਜਿਸ ਵਿੱਚ ਦੋਨਾਂ ਪਹਿਲਵਾਨਾਂ ਵਿੱਚ ਕਾਂਟੇ ਦੀ ਟੱਕਰ ਹੋਈ। ਕਰੀਬ 20 ਮਿੰਟ ਖੁੱਲ੍ਹਾ ਸਮਾਂ ਕੁਸ਼ਤੀ ਚੱਲਦੀ ਰਹੀ, ਦੋਨੋਂ ਪਹਿਲਵਾਨ ਇੱਕ ਦੂਜੇ ਨੂੰ ਚਿੱਤ ਕਰਨ ਵਿੱਚ ਨਾਕਾਮਯਾਬ ਰਹੇ ।ਪ੍ਰਬੰਧਕਾਂ ਵੱਲੋਂ ਕੁਸ਼ਤੀ ਪੁਆਇੰਟ ਤੇ ਕਰਵਾਈ ਗਈ ਜਿਸ ਵਿੱਚ ਮਿਰਜ਼ਾ ਇਰਾਨ ਨੇ ਪਹਿਲਾਂ ਪੁਆਇੰਟ ਬਣਾਉਂਦਿਆਂ ਝੰਡੀ ਆਪਣੇ ਨਾਂ ਕੀਤੀ ਤੇ ਝੰਡੀ ਦੀ ਕੁਸਤੀ ਤੇ ਕਬਜਾ ਕੀਤਾ। ਤਾਲਿਬ ਡੇਰਾ ਬਾਬਾ ਫਲਾਈ ਅਤੇ ਭੋਲਾ ਕਾਸ਼ਨੀ ਵਿਚਕਾਰ ਦੂਜੀ ਵੱਡੀ ਕੁਸ਼ਤੀ ਕਰਵਾਈ ਗਈ ਜਿਸ ਵਿੱਚ ਭੋਲਾ ਕਾਸ਼ਨੀ ਪੁਆਇੰਟ ਤੇ ਜੇਤੂ ਰਿਹਾ। ਉਮੇਸ਼ ਮਥੁਰਾ ਅਤੇ ਮਿਰਜ਼ਾ ਇਰਾਨ ਵਿਚਕਾਰ ਕਰਵਾਈ ਗਈ ਕੁਸ਼ਤੀ ਨੇ ਦਰਸ਼ਕਾਂ ਨੂੰ ਵਾਰ-ਵਾਰ ਤਾੜੀਆਂ ਮਾਰਨ ਲਈ ਮਜਬੂਰ ਕੀਤਾ ਅਖੀਰ ਮਿਰਜ਼ਾ ਇਰਾਨ ਇਸ ਕੁਸ਼ਤੀ ਵਿੱਚ ਜੇਤੂ ਰਿਹਾ। ਸ਼ਾਨਵੀਰ ਕੋਹਾਲੀ ਅਤੇ ਅਵੀਨਾਇਕ ਯੂਪੀ ਦੀ ਕੁਸ਼ਤੀ ਦਾ ਵੀ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ ਅਤੇ ਅਖੀਰ ਸਾਨਵੀਰ ਕੁਹਾਲੀ ਜੇਤੂ ਰਿਹਾ। ਹਾਮਿਦ ਇਰਾਨ ਅਤੇ ਜੋਂਟੀ ਗੁੱਜਰ ਦੀ ਕੁਸ਼ਤੀ ਨੇ ਦਰਸ਼ਕਾਂ ਦਾ ਮਨ ਮੋਹ ਲਿਆ ਜਿਸ ਵਿੱਚ ਜੋਂਟੀ ਗੁੱਜਰ ਪੁਆਇੰਟ ਤੇ ਜੇਤੂ ਰਿਹਾ।

ਲੱਕੀ ਗਰਚਾ ਅਤੇ ਜੋਬਨ ਪੱਟੀ ਦੀ ਕੁਸ਼ਤੀ ਵੀ ਵੇਖਣਯੋਗ ਸੀ, ਜਿਸ ਵਿੱਚ ਜੋਬਨ ਪੱਟੀ ਅਖੀਰ ਵਿੱਚ ਜੇਤੂ ਬਣਿਆ। ਗੁਰਜੀਤ ਮਕਰੌੜ ਨੇ ਬੰਟੀ ਨੂੰ ਚਿੱਤ ਕਰਦਿਆਂ ਜਿੱਤ ਪ੍ਰਾਪਤ ਕੀਤੀ। ਦੰਗਲ ਕਮੇਟੀ ਵੱਲੋਂ ਮੋਟਰਸਾਈਕਲਾਂ ਦੇ ਦਾਨੀ ਸੱਜਣਾਂ ਅਤੇ ਲੱਖਾਂ ਰੁਪਏ ਦਾਨ ਦੇਣ ਵਾਲੇ ਸਹਿਯੋਗੀ ਸੱਜਣਾ ਨੂੰ ਸਨਮਾਨ ਚਿੰਨ੍ਹ ਦਿੰਦਿਆਂ ਸਨਮਾਨਿਤ ਕੀਤਾ। ਭਗਤ ਸਿੰਘ ਨੰਬਰਦਾਰ ਵਾਸੀ ਸੌੜੀਆਂ ਦਾ ਦੰਗਲ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ ਜਿਨਾਂ ਦੇ ਭਾਣਜੇ ਸਿਮਰਨਜੀਤ ਸਿੰਘ ਆਸਟਰੇਲੀਆ ਵੱਲੋਂ ਲਗਾਤਾਰ ਪੰਜ ਸਾਲ ਬੁੱਲਟ ਮੋਟਰਸਾਈਕਲ ਦਾਨ ਵਜੋਂ ਦੰਗਲ ਕਮੇਟੀ ਨੂੰ ਦਿੱਤੇ ਗਏ ਅਤੇ ਅਗਲੇ ਸਾਲ ਸਿਮਰਨਜੀਤ ਆਸਟਰੇਲੀਆ ਅਤੇ ਸਾਥੀਆਂ ਵੱਲੋਂ ਆਲਟੋ ਗੱਡੀ ਦਾਨ ਵਿੱਚ ਦੇਣ ਦਾ ਐਲਾਨ ਵੀ ਕਰਵਾਇਆ ਗਿਆ।

ਇਸ ਕੁਸਤੀ ਦੰਗਲ ਵਿੱਚ ਇਲਾਕੇ ਦੀਆਂ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਵਿਸ਼ੇਸ਼ ਤੌਰ ਤੇ ਸਿਰਕਤ ਕੀਤੀ। ਇਸ ਦੰਗਲ ਮੇਲੇ ਦੇ ਪੁੱਜੇ ਮੁੱਖ ਮਹਿਮਾਨਾਂ, ਦਾਨੀ ਤੇ ਸਹਿਯੋਗੀ ਸੱਜਣਾਂ, ਜੇਤੂ ਪਹਿਲਵਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਕੁਸ਼ਤੀ ਦੰਗਲ ਦੇ ਮੁੱਖ ਪ੍ਰਬੰਧਕ ਪ੍ਰਧਾਨ ਗੁਰਵਿੰਦਰ ਸਿੰਘ ਬੱਬੂ ਸਰਪੰਚ, ਮਨਪ੍ਰੀਤ ਸਿੰਘ ਮੰਨਾ ਉੱਪ ਪ੍ਰਧਾਨ, ਜਸਪ੍ਰੀਤ ਸਿੰਘ ਖਜਾਨਚੀ, ਗੁਰਪ੍ਰੀਤ ਸਿੰਘ ਸਿੰਪਾ ਚੇਅਰਮੈਨ, ਕੁਲਦੀਪ ਸਿੰਘ ਮੰਗਾ, ਅਮਨਦੀਪ ਸਿੰਘ, ਕੁਲਦੀਪ ਸਿੰਘ , ਨਵਜੋਤ ਸਿੰਘ ਨਵੀ, ਮਲਕੀਤ ਸਿੰਘ ਨਾਗਰਾ, ਗੁਰਵਿੰਦਰ ਸਿੰਘ, ਸਿਮਰਨਜੀਤ ਸਿੰਘ, ਗੁਰਜੀਤ ਸਿੰਘ, ਜਸਪਾਲ ਸਿੰਘ, ਗੁਰਪ੍ਰੀਤ ਸਿੰਘ, ਸੁਖਵਿੰਦਰ ਸਿੰਘ, ਅਮਨਿੰਦਰ ਸਿੰਘ, ਜਸਵਿੰਦਰ ਸਿੰਘ ਜੱਸਾ, ਹਰਮਨ, ਰਾਜਵੀਰ ਰਾਜੀ, ਗਗਨਦੀਪ ਸਿੰਘ ਢਿੱਲੋਂ, ਲਵਪ੍ਰੀਤ ਕੁਮਾਰ, ਲਖਬੀਰ ਸਿੰਘ,ਗੋਰਾ ਹਰਚੰਦ ਸਿੰਘ, ਜਤਿੰਦਰ ਸਿੰਘ ਢਿੱਲੋਂ, ਗੁਰਦੀਪ ਸਿੰਘ, ਸਤਵਿੰਦਰ ਸਿੰਘ ਬੱਲ, ਹਰਵਿੰਦਰ ਸਿੰਘ, ਤਰਨਵੀਰ ਸਿੰਘ, ਮਲਕੀਤ ਸਿੰਘ, ਗੁਰਮੀਤ ਸਿੰਘ ਪੰਚ, ਰਣਜੀਤ ਸਿੰਘ ਪੰਚ, ਰੁਪਿੰਦਰਜੀਤ ਸਿੰਘ ਢੀਂਡਸਾ ਪੰਚ, ਮਨਪ੍ਰੀਤ ਸਿੰਘ ਪੰਚ ਸਿਮਰਨਜੀਤ ਸਿੰਘ, ਆਦਿ ਤੋਂ ਇਲਾਵਾ ਨੌਜਵਾਨ ਸਭਾ ਦੇ ਮੈਂਬਰਾਂ ਦਾ ਵਿਸੇਸ਼ ਯੋਗ ਹੈ।

# ਸਰਕਾਰੀ ਕਾਲਜ ਮਾਛੀਵਾੜਾ ਵਿਖੇ ਕਰਵਾਇਆ ਗਿਆ ਮਾਨਸਿਕ ਸਿਹਤ ਅਤੇ ਮਾਨਸਿਕ ਤੰਦਰੁਸਤੀ



**ਮਾਛੀਵਾੜਾ ਸਾਹਿਬ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ ਲਈ ਸਰਕਾਰੀ ਕਾਲਜ ਮਾਛੀਵਾੜਾ ਵਿਖੇ ਸਮੇਂ ਸਮੇਂ ਤੇ ਅਜਿਹੇ ਪ੍ਰੋਗਰਾਮ ਉਲੀਕੇ ਜਾਂਦੇ ਹਨ ਜਿਨ੍ਹਾਂ ਨਾਲ ਵਿਦਿਆਰਥੀਆਂ ਦੀ ਸ਼ਖ਼ਸੀਅਤ ਵਿੱਚ ਨਿਖਾਰ ਲਿਆਂਦਾ ਜਾ ਸਕੇ ।ਇਸੇ ਲੜੀ ਤਹਿਤ ਪ੍ਰਿੰਸੀਪਲ ਨੰਦਿਨੀ ਵੈਦ ਦੀ ਅਗਵਾਈ ਤੇ ਡਾ. ਕਮਲਜੀਤ ਕੌਰ ਬਾਂਗਾ ਕਨਵੀਨਰ ਰੈੱਡ ਰਿਬਨ ਕਲੱਬ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਲਾਇਨਜ਼ ਕਲੱਬ ਲੁਧਿਆਣਾ ਐਪਕਸ ਦੇ ਸਹਿਯੋਗ ਨਾਲ ਮਾਨਸਿਕ ਸਿਹਤ ਅਤੇ ਮਾਨਸਿਕ ਤੰਦਰੁਸਤੀ ਵਿਸ਼ੇ ਤੇ ਡਾ ਨੇਹਾ ਆਨੰਦ ਦੁਆਰਾ ਲੈਕਚਰ ਕਰਵਾਇਆ ਗਿਆ। ਡਾ. ਕਮਲਜੀਤ ਕੌਰ ਬਾਂਗਾ ਲਾਇਨਜ਼ ਕਲੱਬ ਲੁਧਿਆਣਾ ਦੇ ਚੇਅਰਮੈਨ ਡਾ. ਧਰਮ ਸਿੰਘ ਸੰਧੂ, ਕਲੱਬ ਦੇ ਪ੍ਰਧਾਨ ਪ੍ਰੋ. ਦੀਪਕ ਚੋਪੜਾ, ਪ੍ਰਿੰਸੀਪਲ ਕੰਵਲ ਕਿਸ਼ੋਰ ਤੇ ਸ਼੍ਰੀ ਸੁਬੋਧ ਤੇ ਮੁੱਖ ਬੁਲਾਰੇ ਡਾ.ਨੇਹਾ ਆਨੰਦ ਦਾ ਰਸਮੀ ਰੂਪ ਵਿੱਚ ਸਵਾਗਤ ਕੀਤਾ ਤੇ ਅਜੋਕੀ ਭੱਜ ਦੌੜ ਵਾਲੀ ਜ਼ਿੰਦਗੀ ਵਿੱਚ ਮਾਨਸਿਕ ਤੰਦਰੁਸਤੀ ਲਈ ਨੁਕਤੇ ਸਾਂਝੇ ਕਰਦਿਆਂ ਕਿਹਾ ਕਿ ਤਕਨੀਕ ਨੇ ਭਾਵੇਂ ਸਾਡੀ ਜ਼ਿੰਦਗੀ ਬਹੁਤ ਸੌਖੀ ਕਰ ਦਿੱਤੀ ਹੈ ਪਰ ਸਾਡੀਆਂ ਮਾਨਸਿਕ ਸਮੱਸਿਆਵਾਂ ਵਿੱਚ ਵਾਧਾ ਹੋਇਆ ਹੈ ਕਿਉਂਕਿ ਅਜੋਕਾ ਮਨੁੱਖ ਸੱਚ ਤੇ ਅਸਲੀਅਤ ਤੋਂ ਦੂਰ ਹੋ ਰਿਹਾ ਹੈ ਤੇ ਇਹੀ ਸਾਡੀ ਮਾਨਸਿਕ ਸਿਹਤ ਲਈ ਬਹੁਤ ਘਾਤਕ ਸਾਬਤ ਹੋ ਰਿਹਾ ਹੈ ਮਨੁੱਖ ਨੂੰ ਆਪਣੇ ਸੱਚ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਤੇ ਕਲਪਨਾ ਦੀ ਜ਼ਿੰਦਗੀ ਨਹੀਂ ਜਿਉਣੀ ਚਾਹੀਦੀ । ਕਲੱਬ ਦੇ ਚੇਅਰਮੈਨ ਡਾ.ਧਰਮ ਸਿੰਘ ਸੰਧੂ ਨੇ ਮਾਨਸਿਕ ਸਿਹਤ ਨੂੰ ਠੀਕ ਰੱਖਣ ਦੇ ਛੋਟੇ ਛੋਟੇ ਨੁਕਤੇ ਵਿਦਿਆਰਥੀਆਂ ਨਾਲ ਸਾਂਝੇ ਕਰਦਿਆਂ ਕਿਹਾ ਕਿਹਾ ਕਿ ਜਦ ਕਿਸੇ ਸਮੱਸਿਆ ਜਾਂ ਪ੍ਰੇਸ਼ਾਨੀ ਚ ਹੋਵੋ ਤਾਂ ਆਪਣੇ ਮਾਪਿਆਂ ਅਤੇ ਅਧਿਆਪਕਾਂ ਦੋਸਤਾਂ ਮਿੱਤਰਾਂ ਨਾਲ ਆਪਣੇ ਮਨ ਦੀ ਉਲਝਣ ਨੂੰ ਸਾਂਝਾ ਕਰੋ। ਹਮੇਸ਼ਾ ਸਾਕਾਰਾਤਮਿਕ ਸੋਚੋ ਅਤੇ ਆਪਣਾ ਮੁਕਾਬਲਾ ਦੂਜਿਆਂ ਨਾਲ ਨਾ ਕਰੋ।

ਪ੍ਰਿੰਸੀਪਲ ਦੀਪਕ ਚੋਪੜਾ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਸੋਸ਼ਲ ਮੀਡੀਆ ਅਤੇ ਫੋਨ ਦੀ ਵਰਤੋਂ ਘੱਟ ਕਰਕੇ ਆਪਣੀ ਨੀਂਦ ਪੂਰੀ ਕਰਨੀ ਚਾਹੀਦੀ ਹੈ। ਸਰੀਰਕ ਕਸਰਤ, ਯੋਗਾ, ਸੈਰ ਅਤੇ ਪਾਣੀ ਵੱਧ ਪੀਣਾ ਵੀ ਸਾਡੀ ਮਾਨਸਿਕ ਸਿਹਤ ਨੂੰ ਠੀਕ ਰੱਖਦਾ ਹੈ ।ਇਸ ਵਿਸ਼ੇ ਤੇ ਵਿਸ਼ੇਸ਼ ਲੈਕਚਰ ਲਈ ਪਹੁੰਚੇ ਡਾ. ਨੇਹਾ ਅਨੰਦ ਨੇ ਕਿਹਾ ਕਿ ਸਰੀਰਕ ਬਿਮਾਰੀਆਂ ਵੀ ਸਾਡੀ ਮਾਨਸਿਕ ਸਿਹਤ ਵਿਚੋਂ ਹੀ ਜਨਮ ਲੈਂਦੀਆਂ ਹਨ। ਉਹਨਾਂ ਵਿਦਿਆਰਥੀਆਂ ਨੂੰ ਫੋਨ ਦੀ ਘਟ ਵਰਤੋਂ ਆਪਣੀ ਜ਼ਿੰਦਗੀ ਨੂੰ ਦੂਜੇ ਨਾਲ ਨਾਪਣ ਤੋਲਣ ਤੋਂ ਦੂਰ ਰਹਿਣ ਦੇ ਸੁਝਾਅ ਦਿੱਤੇ। ਉਹਨਾਂ ਕਿਹਾ ਕਿ ਜ਼ਿੰਦਗੀ ਚ ਕਿਸੇ ਵੀ ਗੱਲ ਦਾ ਪਰੈਸ਼ਰ ਲੈਣ ਦੀ ਬਜਾਏ ਕੁਦਰਤ ਦੇ ਸ਼ੁਕਰਗੁਜ਼ਾਰ ਹੋਣ ਨਾਲ ਜ਼ਿੰਦਗੀ ਚ ਤਵਾਜ਼ਨ ਬਣਿਆ ਰਹਿੰਦਾ ਹੈ। ਉਹਨਾਂ ਨੇ ਕਿਹਾ ਕਿ ਜੇ ਸਾਡੀ ਮਾਨਸਿਕ ਸਿਹਤ ਠੀਕ ਨਹੀਂ ਤਾਂ ਬਿਨਾਂ ਝਿਜਕ ਦੂਜਿਆਂ ਨਾਲ ਗੱਲ ਕਰਨੀ ਚਾਹੀਦੀ ਹੈ

# ਸੜਕ ਦੀ ਮਾੜੀ ਹਾਲਤ ਸਬੰਧੀ ਲੋਕਾਂ ਵੱਲੋਂ ਕਈ ਵਾਰ ਪ੍ਰਸ਼ਾਸਨ ਨੂੰ ਜਾਣੂ ਕਰਵਾਇਆ

**ਸਨੌਰ,12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ ਕਲੌਨੀ ਮੇਨ ਗੇਟ ਨੇੜੇ ਮਹਿਤਾ ਪੈਟਰੋਲ ਪੰਪ ਵਾਲੀ ਸੜਕ ਦੀ ਖਸਤਾ ਹਾਲਤ ਬਾਰੇ ਪ੍ਰਸ਼ਾਸ਼ਨ ਤੱਕ ਕਈ ਵਾਰ ਧਿਆਨ ਚ ਲਿਆਂਦਾ ਗਿਆ ਅਤੇ ਉਸਦੀ ਕਾਰਵਾਈ ਨਹੀਂ ਕੀਤੀ ਗਈ ਅਤੇ ਫ਼ਿਰ ਹਲਕਾ ਸਨੌਰ ਨਾਲ ਸਬੰਧਿਤ ਕਈ ਪ੍ਰਮੁੱਖ ਸ਼ਖ਼ਸ਼ੀਅਤਾ ਵੱਲੋਂ ਧਰਨੇ ਲਗਾਇਆ ਗਿਆ ਇਸ ਧਰਨੇ ਦੌਰਾਨ ਕਰੀਬ 50 ਵਿਅਕਤੀਆਂ 'ਤੇ ਦਰਜ ਕੀਤੇ ਇਸ ਮਾਮਲੇ ਸਬੰਧੀ ਪੰਜਾਬ ਪ੍ਰਾਪਰਟੀ ਡੀਲਰਜ਼ ਐਸੋਸੀਏਸ਼ਨ ਪਟਿਆਲਾ ਦੇ ਪ੍ਰਧਾਨ, ਹਲਕਾ ਸਨੌਰ ਤੋਂ ਸੀਨੀਅਰ ਆਗੂ ਤੇ ਸਮਾਜ ਸੇਵੀ ਰਾਜ ਕੁਮਾਰ ਰਾਣਾ ਨੇ ਅੱਜ ਸਿਹਤ ਮੰਤਰੀ ਨਾਲ ਮੁਲਾਕਾਤ ਕਰਕੇ ਸਭ ਤੋਂ ਪਹਿਲਾਂ ਦਰਜ ਕੀਤੇ ਪਰਚੇ ਨੂੰ ਰੱਦ ਕਰਨ ਦੀ ਮੰਗ ਰੱਖੀ। ਓਹਨਾ ਦੱਸਿਆ ਕਿ ਸੜਕ ਦੀ ਮਾੜੀ ਹਾਲਤ ਸਬੰਧੀ ਲੋਕਾਂ ਵੱਲੋਂ ਕਈ ਵਾਰ ਪ੍ਰਸ਼ਾਸਨ ਨੂੰ ਜਾਣੂ ਕਰਵਾਇਆ ਗਿਆ, ਪਰ ਕੋਈ ਠੋਸ ਕਾਰਵਾਈ ਨਹੀਂ ਹੋਈ।

# ਭੋਗ 'ਤੇ ਵਿਸ਼ੇਸ਼: ਧਾਰਮਿਕ ਬਿਰਤੀ ਵਾਲੇ ਤੇ ਸਮਾਜਿਕ ਕਦਰਾਂ-ਕੀਮਤਾਂ ਦੇ ਧਾਰਨੀ ਸਨ ਮਾਤਾ ਇੰਦਰਜੀਤ ਕੌਰ ਜੀ

ਕੌਮੀ ਪਤ੍ਰਿਕਾ
ਸੌਰਭ ਸ਼ਰਮਾ

ਜੋ ਵੀ ਇਨਸਾਨ ਇਸ ਸੰਸਾਰ 'ਤੇ ਆਇਆ ਹੈ, ਉਸਨੇ ਇੱਕ ਦਿਨ ਇਸ ਫਾਨੀ ਦੁਨੀਆ ਨੂੰ ਛੱਡ ਕੇ ਜਾਣਾ ਹੀ ਹੈ। ਇਹ ਕੁਦਰਤ ਦੇ ਕਾਦਰ ਦੀ ਅਟੱਲ ਖੇਡ ਹੈ। ਗੁਰਬਾਣੀ ਦਾ ਫੁਰਮਾਨ ਹੈ:

"ਬਾਬਾ ਕਿਸੁ ਤੂੰ ਰੋਵਹਿ ਬਾਜੀ ਹੈ ਇਹੁ ਸੰਸਾਰੋ।"

ਪਰ ਸਾਡੇ ਵਰਗੇ ਸੰਸਾਰੀ ਲੋਕਾਂ ਲਈ ਉਹ ਘੜੀ ਬੇਹੱਦ ਔਖੀ ਹੁੰਦੀ ਹੈ, ਜਦੋਂ ਕੋਈ ਆਪਣਾ ਪਿਆਰਾ ਸਾਨੂੰ ਸਦਾ ਲਈ ਅਲਵਿਦਾ ਕਹਿ ਜਾਂਦਾ ਹੈ। ਆਪਣੇ ਪਿਆਰਿਆਂ ਦੀਆਂ ਯਾਦਾਂ, ਉਨ੍ਹਾਂ ਦਾ ਸਨੇਹ, ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਨਾਲ ਬਿਤਾਏ ਪਲ ਹੀ ਫਿਰ ਸਾਡੀ ਜ਼ਿੰਦਗੀ ਦਾ ਸਹਾਰਾ ਬਣਦੇ ਹਨ। ਅਜਿਹੇ ਹੀ ਇੱਕ ਸਦਮੇ ਵਿੱਚੋਂ ਸਾਡੇ ਪਰਿਵਾਰਾਂ ਨੂੰ ਬੀਤੇ ਦਿਨੀਂ 9 ਸਤੰਬਰ ਨੂੰ ਗੁਜ਼ਰਨਾ ਪਿਆ, ਜਦੋਂ ਪਦਮ ਸ਼੍ਰੀ ਡਾ. ਜਗਜੀਤ ਸਿੰਘ ਦਰਦੀ ਦੇ ਛੋਟੇ ਭੈਣ ਜੀ ਅਤੇ ਮੇਰੇ ਪਰਮ ਮਿੱਤਰ, ਹਰਿਆਣਾ ਦੇ ਮੁੱਖ ਮੰਤਰੀ ਦੇ ਓ.ਐੱਸ.ਡੀ. ਡਾ. ਪ੍ਰਭਲੀਨ ਸਿੰਘ ਦੇ ਪੂਜਨੀਕ ਮਾਤਾ ਜੀ ਸਰਦਾਰਨੀ ਇੰਦਰਜੀਤ ਕੌਰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

ਮਾਤਾ ਇੰਦਰਜੀਤ ਕੌਰ ਜੀ ਇੱਕ ਧਾਰਮਿਕ ਬਿਰਤੀ ਵਾਲੇ, ਸਾਦਗੀ ਭਰੇ ਸੁਭਾਅ ਅਤੇ ਉੱਚੀਆਂ ਸਮਾਜਿਕ ਕਦਰਾਂ-ਕੀਮਤਾਂ ਦੇ ਧਾਰਨੀ ਸਨ। ਉਨ੍ਹਾਂ ਦੀ ਸ਼ਖ਼ਸੀਅਤ ਵਿੱਚ ਨਿਮਰਤਾ, ਸਨੇਹ, ਸਹਿਣਸ਼ੀਲਤਾ ਅਤੇ ਸੇਵਾ ਭਾਵਨਾ ਦਾ ਸੁੰਦਰ ਸੁਮੇਲ ਸੀ। ਉਹ ਆਪਣੇ ਜੀਵਨ ਵਿੱਚ ਗੁਰਬਾਣੀ ਨਾਲ ਜੁੜੇ ਰਹੇ ਅਤੇ ਪਰਿਵਾਰਕ ਜੀਵਨ ਨੂੰ ਵੀ ਸੱਚ, ਸਦਾਚਾਰ ਅਤੇ ਧਾਰਮਿਕ ਸੰਸਕਾਰਾਂ ਨਾਲ ਸਿੰਜਦੇ ਰਹੇ। ਉਨ੍ਹਾਂ ਦਾ ਵਿਛੋੜਾ ਪਰਿਵਾਰ ਲਈ ਹੀ ਨਹੀਂ, ਸਗੋਂ ਉਨ੍ਹਾਂ ਨਾਲ ਜੁੜੇ ਹਰ ਉਸ ਇਨਸਾਨ ਲਈ ਵੱਡਾ ਘਾਟਾ ਹੈ, ਜਿਸਨੇ ਉਨ੍ਹਾਂ ਦੇ ਪਿਆਰ ਅਤੇ ਨਿੱਘ ਨੂੰ ਮਹਿਸੂਸ ਕੀਤਾ।

ਮਾਤਾ ਜੀ ਦੇ ਜੀਵਨ ਦਾ ਸਭ ਤੋਂ ਵੱਡਾ ਪੱਖ ਉਨ੍ਹਾਂ ਦਾ ਪਰਿਵਾਰ ਪ੍ਰਤੀ ਸਮਰਪਣ ਅਤੇ ਸੰਘਰਸ਼ਸ਼ੀਲਤਾ ਸੀ। ਤਕਰੀਬਨ 27-28 ਸਾਲ ਪਹਿਲਾਂ ਉਨ੍ਹਾਂ ਦੇ ਪਤੀ ਸ . ਹਰਮਿੰਦਰ ਸਿੰਘ ਹੈਰੀ ਜੋ ਇੱਕ ਕ੍ਰਿਕਟ ਖਿਡਾਰੀ ਸਨ ਅਕਾਲ ਚਲਾਣਾ ਕਰ ਗਏ ਸਨ। ਉਸ ਸਮੇਂ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਦਾ ਵੱਡਾ ਭਾਰ ਉਨ੍ਹਾਂ ਦੇ ਮੋਢਿਆਂ 'ਤੇ ਆ ਗਿਆ। ਪਰ ਉਨ੍ਹਾਂ ਨੇ ਹੌਸਲਾ ਨਹੀਂ ਹਾਰਿਆ। ਸਿਰੜ, ਸਿਦਕ ਅਤੇ ਦ੍ਰਿੜ੍ਹ ਇਰਾਦੇ ਨਾਲ ਆਪਣੇ ਤਿੰਨ ਬੱਚਿਆਂ—ਇੱਕ ਬੇਟੇ ਅਤੇ ਦੋ ਬੇਟੀਆਂ—ਦਾ ਪਾਲਣ-ਪੋਸ਼ਣ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ। ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦੇਣ ਦੇ ਨਾਲ-ਨਾਲ ਉਨ੍ਹਾਂ ਅੰਦਰ ਇਮਾਨਦਾਰੀ, ਮਿਹਨਤ, ਮਨੁੱਖਤਾ ਅਤੇ ਧਾਰਮਿਕ ਸੰਸਕਾਰਾਂ ਦੀ ਭਾਵਨਾ ਵੀ ਪੈਦਾ ਕੀਤੀ।

ਇੱਕ ਮਾਂ ਵਜੋਂ ਉਨ੍ਹਾਂ ਨੇ ਆਪਣੇ ਬੱਚਿਆਂ ਦੀ ਜ਼ਿੰਦਗੀ ਨੂੰ ਸੰਵਾਰਨ ਲਈ ਜੋ ਤਿਆਗ ਅਤੇ ਮਿਹਨਤ ਕੀਤੀ, ਉਹ ਆਪਣੇ ਆਪ ਵਿੱਚ ਇੱਕ ਪ੍ਰੇਰਨਾਦਾਇਕ ਉਦਾਹਰਣ ਹੈ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਬੱਚਿਆਂ ਨੂੰ ਜ਼ਿੰਦਗੀ ਵਿੱਚ ਕਾਮਯਾਬ ਬਣਾਉਣ ਲਈ ਕੇਵਲ ਵਿੱਦਿਆ ਹੀ ਨਹੀਂ, ਸਗੋਂ ਚੰਗੇ ਸੰਸਕਾਰ ਅਤੇ ਸੱਚੇ ਆਚਰਣ ਦੀ ਵੀ ਲੋੜ ਹੁੰਦੀ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਦੇ ਬੱਚਿਆਂ ਨੇ ਆਪਣੇ ਜੀਵਨ ਵਿੱਚ ਸਫ਼ਲਤਾ ਹਾਸਲ ਕੀਤੀ ਅਤੇ ਮਾਤਾ ਜੀ ਦਾ ਨਾਮ ਰੌਸ਼ਨ ਕੀਤਾ।

ਉਨ੍ਹਾਂ ਦੇ ਹੋਣਹਾਰ ਸਪੁੱਤਰ ਡਾ. ਪ੍ਰਭਲੀਨ ਸਿੰਘ ਅੱਜ ਕੱਲ੍ਹ ਹਰਿਆਣਾ ਦੇ ਮੁੱਖ ਮੰਤਰੀ ਦੇ ਓ.ਐੱਸ.ਡੀ. ਵਜੋਂ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਡਾ. ਪ੍ਰਭਲੀਨ ਸਿੰਘ ਇੱਕ ਵਧੀਆ ਅਤੇ ਸਥਾਪਿਤ ਲੇਖਕ ਵੀ ਹਨ। ਉਨ੍ਹਾਂ ਨੇ ਹੁਣ ਤੱਕ ਦਸ ਕਿਤਾਬਾਂ ਲਿਖੀਆਂ ਹਨ, ਜਿਨ੍ਹਾਂ ਵਿੱਚੋਂ ਇੱਕ ਕਿਤਾਬ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਗਿਆਰਾਂ ਸਾਲਾਂ ਦੇ ਪ੍ਰਧਾਨ ਮੰਤਰੀ ਕਾਲ ਦੀ ਕਾਰਗੁਜ਼ਾਰੀ ਨਾਲ ਸਬੰਧਿਤ ਹੈ। ਉਨ੍ਹਾਂ ਦੀਆਂ ਪ੍ਰਾਪਤੀਆਂ ਦੇ ਪਿੱਛੇ ਮਾਤਾ ਜੀ ਦੇ ਪਿਆਰ, ਮਿਹਨਤ, ਪ੍ਰੇਰਣਾ ਅਤੇ ਸੰਸਕਾਰਾਂ ਦਾ ਵੀ ਵੱਡਾ ਯੋਗਦਾਨ ਰਿਹਾ ਹੈ।

ਮਾਤਾ ਇੰਦਰਜੀਤ ਕੌਰ ਜੀ ਨੇ ਪੰਜਾਬੀ ਯੂਨੀਵਰਸਿਟੀ ਵਿੱਚ 42 ਸਾਲ ਤੱਕ ਨੌਕਰੀ ਕੀਤੀ। ਇਹ ਲੰਮਾ ਕਾਰਜਕਾਲ ਉਨ੍ਹਾਂ ਦੀ ਮਿਹਨਤ, ਲਗਨ ਅਤੇ ਆਪਣੇ ਕੰਮ ਪ੍ਰਤੀ ਇਮਾਨਦਾਰੀ ਦਾ ਪ੍ਰਤੀਕ ਹੈ। ਉਨ੍ਹਾਂ ਨੇ ਇਸ ਦੌਰਾਨ ਪੰਜਾਬ ਦੇ ਇਤਿਹਾਸ ਨਾਲ ਸਬੰਧਿਤ ਪੁਸਤਕਾਂ ਅਤੇ ਧਾਰਮਿਕ ਪੁਸਤਕਾਂ ਦੀ ਸੁਧਾਈ ਦਾ ਮਹੱਤਵਪੂਰਨ ਕੰਮ ਕੀਤਾ। ਪੰਜਾਬ ਦੀ ਇਤਿਹਾਸਕ ਵਿਰਾਸਤ ਅਤੇ ਧਾਰਮਿਕ ਸਾਹਿਤ ਨਾਲ ਜੁੜੇ ਇਸ ਕਾਰਜ ਵਿੱਚ ਉਨ੍ਹਾਂ ਨੇ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਸੁਹਿਰਦਤਾ ਨਾਲ ਨਿਭਾਇਆ।

ਕਿਸੇ ਪੁਸਤਕ ਦੀ ਸੁਧਾਈ ਕਰਨਾ ਕੇਵਲ ਸ਼ਬਦਾਂ ਦੀਆਂ ਗਲਤੀਆਂ ਠੀਕ ਕਰਨਾ ਹੀ ਨਹੀਂ ਹੁੰਦਾ, ਸਗੋਂ ਇਸ ਵਿੱਚ ਲੇਖਕ ਦੇ ਵਿਚਾਰਾਂ, ਇਤਿਹਾਸਕ ਤੱਥਾਂ ਅਤੇ ਭਾਸ਼ਾ ਦੀ ਸ਼ੁੱਧਤਾ ਪ੍ਰਤੀ ਵੀ ਜ਼ਿੰਮੇਵਾਰੀ ਹੁੰਦੀ ਹੈ। ਮਾਤਾ ਜੀ ਨੇ ਆਪਣੇ ਲੰਮੇ ਕਾਰਜਕਾਲ ਦੌਰਾਨ ਇਸ ਜ਼ਿੰਮੇਵਾਰੀ ਨੂੰ ਬੜੀ ਨਿਸ਼ਠਾ ਨਾਲ ਨਿਭਾਇਆ। ਉਨ੍ਹਾਂ ਦੀ ਇਹ ਸੇਵਾ ਪੰਜਾਬੀ ਭਾਸ਼ਾ, ਸਾਹਿਤ ਅਤੇ ਧਾਰਮਿਕ ਸਾਹਿਤ ਪ੍ਰਤੀ ਉਨ੍ਹਾਂ ਦੇ ਪਿਆਰ ਨੂੰ ਦਰਸਾਉਂਦੀ ਹੈ।

ਪਰਿਵਾਰਕ ਸਬੰਧਾਂ ਕਰਕੇ ਮੇਰਾ ਮਾਤਾ ਇੰਦਰਜੀਤ ਕੌਰ ਜੀ ਨਾਲ ਅਕਸਰ ਮਿਲਣਾ-ਜੁਲਣਾ ਰਹਿੰਦਾ ਸੀ। ਉਹ ਸਾਡੇ ਘਰ ਵੀ ਆਉਂਦੇ ਰਹਿੰਦੇ ਸਨ ਅਤੇ ਸਾਡੇ ਪਰਿਵਾਰ ਨਾਲ ਉਨ੍ਹਾਂ ਦਾ ਬਹੁਤ ਹੀ ਪਿਆਰ ਭਰਿਆ ਰਿਸ਼ਤਾ ਸੀ। ਉਨ੍ਹਾਂ ਦੀ ਗੱਲਬਾਤ ਕਰਨ ਦਾ ਲਹਿਜ਼ਾ, ਸਾਦਗੀ ਭਰਿਆ ਸੁਭਾਅ ਅਤੇ ਪਵਿੱਤਰ ਤੇ ਸਕਾਰਾਤਮਿਕ ਆਭਾ ਹਮੇਸ਼ਾਂ ਸਾਡੇ ਮਨਾਂ ਨੂੰ ਨਿੱਘ ਅਤੇ ਪਿਆਰ ਨਾਲ ਭਰ ਦਿੰਦੀ ਸੀ। ਉਨ੍ਹਾਂ ਨਾਲ ਬੈਠ ਕੇ ਗੱਲਬਾਤ ਕਰਦਿਆਂ ਸਮੇਂ ਦਾ ਪਤਾ ਹੀ ਨਹੀਂ ਲੱਗਦਾ ਸੀ। ਉਨ੍ਹਾਂ ਦੀ ਹਰ ਗੱਲ ਵਿੱਚ ਤਜਰਬੇ ਦੀ ਡੂੰਘਾਈ, ਮਮਤਾ ਅਤੇ ਜੀਵਨ ਪ੍ਰਤੀ ਇੱਕ ਸੁਚੱਜੀ ਸੋਚ ਨਜ਼ਰ ਆਉਂਦੀ ਸੀ।

ਮਾਤਾ ਜੀ ਮੇਰੇ ਬੱਚਿਆਂ ਨੂੰ ਵੀ ਬਹੁਤ ਪਿਆਰ ਕਰਦੇ ਸਨ। ਉਹ ਉਨ੍ਹਾਂ ਨੂੰ ਗੁਰਬਾਣੀ ਨਾਲ ਜੁੜਨ, ਸੱਚ ਦੇ ਮਾਰਗ 'ਤੇ ਚੱਲਣ ਅਤੇ ਚੰਗੇ ਇਨਸਾਨ ਬਣਨ ਦੀ ਪ੍ਰੇਰਣਾ ਦਿੰਦੇ ਸਨ। ਉਨ੍ਹਾਂ ਦੀਆਂ ਗੱਲਾਂ ਵਿੱਚ ਕੇਵਲ ਧਾਰਮਿਕ ਸਿੱਖਿਆ ਹੀ ਨਹੀਂ ਹੁੰਦੀ ਸੀ, ਸਗੋਂ ਜੀਵਨ ਨੂੰ ਸਹੀ ਢੰਗ ਨਾਲ ਜਿਉਣ ਦੀ ਕਲਾ ਵੀ ਹੁੰਦੀ ਸੀ। ਉਹ ਬੱਚਿਆਂ ਨੂੰ ਸਮਝਾਉਂਦੇ ਸਨ ਕਿ ਇਨਸਾਨ ਦੀ ਅਸਲ ਕਾਮਯਾਬੀ ਉਸਦੀ ਦੌਲਤ ਜਾਂ ਅਹੁਦੇ ਵਿੱਚ ਨਹੀਂ, ਸਗੋਂ ਉਸਦੇ ਚੰਗੇ ਆਚਰਨ, ਸੱਚਾਈ ਅਤੇ ਦੂਜਿਆਂ ਪ੍ਰਤੀ ਪਿਆਰ ਵਿੱਚ ਹੁੰਦੀ ਹੈ।ਉਨ੍ਹਾਂ ਦੀ ਪ੍ਰੇਰਣਾ ਸਦਕਾ ਹੀ ਮੈਂ ਅਤੇ ਮੇਰੇ ਬੱਚੇ ਕਾਮਯਾਬੀ ਵੱਲ ਵਧ ਰਹੇ ਹਾਂ। ਉਨ੍ਹਾਂ ਵੱਲੋਂ ਦਿੱਤੀਆਂ ਸਿੱਖਿਆਵਾਂ ਅਤੇ ਪਿਆਰ ਭਰੇ ਬੋਲ ਸਾਡੇ ਲਈ ਹਮੇਸ਼ਾਂ ਪ੍ਰੇਰਣਾ ਦਾ ਸਰੋਤ ਬਣੇ ਰਹਿਣਗੇ। ਅਜਿਹੀਆਂ ਸ਼ਖ਼ਸੀਅਤਾਂ ਸਰੀਰਕ ਤੌਰ 'ਤੇ ਭਾਵੇਂ ਸਾਡੇ ਵਿਚਕਾਰ ਨਹੀਂ ਰਹਿੰਦੀਆਂ, ਪਰ ਉਨ੍ਹਾਂ ਦੇ ਚੰਗੇ ਵਿਚਾਰ ਅਤੇ ਉਨ੍ਹਾਂ ਵੱਲੋਂ ਦਿੱਤੇ ਸੰਸਕਾਰ ਹਮੇਸ਼ਾਂ ਜ਼ਿੰਦਾ ਰਹਿੰਦੇ ਹਨ।

ਮਾਤਾ ਇੰਦਰਜੀਤ ਕੌਰ ਜੀ ਦੀ ਗੁਰਬਾਣੀ ਪ੍ਰਤੀ ਸ਼ਰਧਾ ਅਤੇ ਉਨ੍ਹਾਂ ਦੀ ਧਾਰਮਿਕ ਬਿਰਤੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦੋਂ ਉਹ ਪੌੜੀਆਂ ਤੋਂ ਡਿੱਗੇ ਸਨ, ਉਸ ਸਮੇਂ ਵੀ ਉਹ ਪਾਠ ਕਰਦੇ ਆ ਰਹੇ ਸਨ। ਇਸ ਘਟਨਾ ਤੋਂ ਬਾਅਦ ਉਹ ਤਕਰੀਬਨ ਅੱਠ ਮਹੀਨੇ ਨੀਮ-ਬੇਹੋਸ਼ੀ ਦੀ ਹਾਲਤ ਵਿੱਚ ਰਹੇ। ਪਰਿਵਾਰਕ ਮੈਂਬਰਾਂ ਅਤੇ ਸਨੇਹੀਆਂ ਨੇ ਉਨ੍ਹਾਂ ਦੀ ਸਿਹਤਯਾਬੀ ਲਈ ਲਗਾਤਾਰ ਅਰਦਾਸਾਂ ਕੀਤੀਆਂ। ਉਨ੍ਹਾਂ ਦੀ ਸਿਹਤ ਵਿੱਚ ਹੌਲੀ-ਹੌਲੀ ਸੁਧਾਰ ਹੋ ਰਿਹਾ ਸੀ ਅਤੇ ਸਾਰਿਆਂ ਨੂੰ ਆਸ ਸੀ ਕਿ ਉਹ ਮੁੜ ਸਿਹਤਮੰਦ ਹੋ ਕੇ ਆਪਣੇ ਪਰਿਵਾਰ ਵਿੱਚ ਵਿਚਰਨਗੇ।ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। 9 ਸਤੰਬਰ ਨੂੰ ਮਾਤਾ ਇੰਦਰਜੀਤ ਕੌਰ ਜੀ ਅਚਾਨਕ ਸਦੀਵੀ ਵਿਛੋੜਾ ਦੇ ਗਏ ਅਤੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਪਰਿਵਾਰ, ਰਿਸ਼ਤੇਦਾਰਾਂ, ਮਿੱਤਰਾਂ ਅਤੇ ਉਨ੍ਹਾਂ ਨਾਲ ਜੁੜੇ ਸਾਰੇ ਸਨੇਹੀਆਂ ਵਿੱਚ ਡੂੰਘਾ ਸੋਗ ਪੈਦਾ ਹੋ ਗਿਆ। ਜਿਨ੍ਹਾਂ ਨੇ ਉਨ੍ਹਾਂ ਨੂੰ ਨੇੜਿਓਂ ਜਾਣਿਆ, ਉਹ ਜਾਣਦੇ ਹਨ ਕਿ ਮਾਤਾ ਜੀ ਦਾ ਜੀਵਨ ਸਾਦਗੀ, ਧਾਰਮਿਕਤਾ, ਮਿਹਨਤ ਅਤੇ ਪਰਿਵਾਰਕ ਪਿਆਰ ਦੀ ਇੱਕ ਸੁੰਦਰ ਮਿਸਾਲ ਸੀ।

ਅੱਜ ਜਦੋਂ ਅਸੀਂ ਮਾਤਾ ਇੰਦਰਜੀਤ ਕੌਰ ਜੀ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਹਾਂ ਤਾਂ ਉਨ੍ਹਾਂ ਦੀਆਂ ਯਾਦਾਂ ਸਾਡੇ ਮਨਾਂ ਵਿੱਚ ਤਾਜ਼ਾ ਹੋ ਰਹੀਆਂ ਹਨ। ਉਨ੍ਹਾਂ ਦੀ ਮਿੱਠੀ ਮੁਸਕਰਾਹਟ, ਸਨੇਹ ਭਰੀ ਗੱਲਬਾਤ, ਬੱਚਿਆਂ ਪ੍ਰਤੀ ਪਿਆਰ ਅਤੇ ਗੁਰਬਾਣੀ ਨਾਲ ਜੁੜਿਆ ਜੀਵਨ ਸਾਨੂੰ ਹਮੇਸ਼ਾਂ ਯਾਦ ਰਹੇਗਾ। ਉਨ੍ਹਾਂ ਨੇ ਆਪਣੇ ਜੀਵਨ ਰਾਹੀਂ ਇਹ ਸੰਦੇਸ਼ ਦਿੱਤਾ ਕਿ ਮੁਸ਼ਕਲਾਂ ਭਾਵੇਂ ਕਿੰਨੀਆਂ ਵੀ ਆ ਜਾਣ, ਪਰ ਸੱਚ, ਸਿਦਕ ਅਤੇ ਮਿਹਨਤ ਦਾ ਪੱਲਾ ਨਹੀਂ ਛੱਡਣਾ ਚਾਹੀਦਾ।ਮਾਤਾ ਜੀ ਦਾ ਜੀਵਨ ਸਾਨੂੰ ਇਹ ਵੀ ਸਿਖਾਉਂਦਾ ਹੈ ਕਿ ਪਰਿਵਾਰ ਨੂੰ ਜੋੜ ਕੇ ਰੱਖਣਾ, ਬੱਚਿਆਂ ਨੂੰ ਚੰਗੇ ਸੰਸਕਾਰ ਦੇਣਾ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣਾ ਹੀ ਅਸਲ ਮਨੁੱਖੀ ਜੀਵਨ ਦੀ ਪਹਿਚਾਣ ਹੈ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਜੋ ਕੁਝ ਹਾਸਲ ਕੀਤਾ, ਉਹ ਕੇਵਲ ਆਪਣੇ ਲਈ ਨਹੀਂ ਸੀ, ਸਗੋਂ ਆਪਣੇ ਪਰਿਵਾਰ ਅਤੇ ਸਮਾਜ ਲਈ ਵੀ ਇੱਕ ਵਿਰਾਸਤ ਛੱਡ ਗਏ ਹਨ।

ਇਸ ਦੁੱਖ ਦੀ ਘੜੀ ਵਿੱਚ ਅਸੀਂ ਡਾ. ਜਗਜੀਤ ਸਿੰਘ ਦਰਦੀ, ਡਾ. ਪ੍ਰਭਲੀਨ ਸਿੰਘ ਅਤੇ ਸਮੁੱਚੇ ਪਰਿਵਾਰ ਨਾਲ ਦਿਲੀ ਹਮਦਰਦੀ ਪ੍ਰਗਟ ਕਰਦੇ ਹਾਂ। ਅਕਾਲ ਪੁਰਖ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਰਿਵਾਰ ਨੂੰ ਇਹ ਅਸਹਿ ਦੁੱਖ ਸਹਿਣ ਦਾ ਬਲ ਬਖ਼ਸ਼ਣ।

ਅੰਤਿਮ ਅਰਦਾਸ:-

ਮਾਤਾ ਇੰਦਰਜੀਤ ਕੌਰ ਜੀ ਦੀ ਆਤਮਿਕ ਸ਼ਾਂਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ਲਈ ਅੰਤਿਮ ਅਰਦਾਸ 13 ਸਤੰਬਰ ਨੂੰ ਦੁਪਹਿਰ 12 ਵਜੇ ਤੋਂ ਡੇਢ ਵਜੇ ਤੱਕ ਮੋਤੀ ਬਾਗ਼ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।

ਸਮੂਹ ਸਨੇਹੀਆਂ ਅਤੇ ਸੰਗਤ ਨੂੰ ਬੇਨਤੀ ਹੈ ਕਿ ਇਸ ਦੁੱਖ ਦੀ ਘੜੀ ਵਿੱਚ ਸ਼ਾਮਲ ਹੋ ਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕਰਨ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚਣਾ ਜੀ।

-ਅੰਮ੍ਰਿਤਪਾਲ ਸਿੰਘ

# ਪੀ. ਜੀ. ਆਈ. ਦਾ ਡਾਕਟਰ ਦੱਸ ਫਲੈਟ ਦਿਵਾਉਣ ਦੇ ਨਾਂ 'ਤੇ 62 ਲੱਖ ਦੀ ਠੱਗੀ

ਚੰਡੀਗੜ੍ਹ 12 ਸਤੰਬਰ। ਇੱਥੇ ਪੀ. ਜੀ. ਆਈ. ਦਾ ਡਾਕਟਰ ਦੱਸ ਸੈਕਟਰ-63 'ਚ ਫਲੈਟ ਦਿਵਾਉਣ ਦੇ ਨਾਂ 'ਤੇ 62.97 ਲੱਖ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਟੋਹਾਨਾ ਨਿਵਾਸੀ ਵਿਨੇ ਦੀ ਸ਼ਿਕਾਇਤ 'ਤੇ ਸੈਕਟਰ-11 ਥਾਣਾ ਪੁਲਸ ਨੇ ਧੋਖਾਧੜੀ ਦੀਆਂ ਧਾਰਾਵਾਂ ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਵਿਨੇ ਨੇ ਪੁਲਸ ਨੂੰ ਦੱਸਿਆ ਕਿ ਪੰਚਕੂਲਾ 'ਚ ਬਾਗੇਸ਼ਵਰ ਧਾਮ ਹਨੂਮੰਤ ਕਥਾ ਦੇ ਦੌਰਾਨ ਸੈਕਟਰ-41 ਨਿਵਾਸੀ ਮੁਨੀਸ਼ ਨਾਲ ਮੁਲਾਕਾਤ ਹੋਈ ਸੀ। ਮੁਨੀਸ਼ ਨੇ ਖ਼ੁਦ ਨੂੰ ਪੀ. ਜੀ. ਆਈ. ਦਾ ਡਾਕਟਰ ਦੱਸਿਆ ਸੀ। ਮੁਨੀਸ਼ ਨੇ 24 ਅਗਸਤ 2025 ਨੂੰ ਵਟਸਐਪ 'ਤੇ ਮੈਸੇ ਭੇਜਿਆ ਕਿ ਸਾਡੀ ਐੱਨ. ਜੀ. ਓ. ਨੂੰ ਫਲੈਟ ਮਿਲੇ ਹਨ ਅਤੇ ਉਹ ਹੁਣ ਥ?ਰੀ ਬੀ. ਐੱਚ. ਕੇ ਫਲੈਟ ਦੇਵੇਗੀ, ਜਿਸ ਦੇ ਲਈ ਸਿਰਫ਼ ਰਜਿਸਟਰੀ ਚਾਰਜ ਦੇਣਾ ਹੋਵੇਗਾ। ਚੰਡੀਗੜ੍ਹ 'ਚ ਫਲੈਟ ਲੈਣ ਤੋਂ ਬਾਅਦ ਪਰਿਵਾਰ ਸ਼ਿਫਟ ਹੋ ਸਕੇਗਾ। ਟਰੱਸਟ ਦਾ ਨਾਮ ਸ਼ਿਮ ਧਾਮ ਨਿਸ਼ਕਾਮ ਸੇਵਾ ਟਰੱਸਟ ਅਤੇ ਸ਼ਹੀਦ ਭਗਤ ਸਿੰਘ ਦੱਸਿਆ ਸੀ। ਮੁਲਜ਼ਮ ਨੇ ਭਰੋਸਾ ਦਿਵਾਉਣ ਦੇ ਲਈ ਕਿਹਾ ਕਿ ਜਾਣਕਾਰ ਵਾਲੇ ਕਾਨੂੰਨ ਦੀ ਤਰ੍ਹਾਂ ਕੇਂਦਰ ਸਰਕਾਰ ਅਜਿਹਾ ਕਾਨੂੰਨ ਲਿਆਉਣ ਦੀ ਤਿਆਰੀ ਵਿਚ ਹੈ, ਜਿਸ ਦੇ ਤਹਿਤ ਪ੍ਰਾਈਵੇਟ ਟਰੱਸਟ ਵਾਲੀ ਜ਼ਮੀਨ ਅੱਗੇ ਟਰਾਂਸਫਰ ਨਹੀਂ ਕਰ ਪਾਉਣਗੇ, ਇਸ ਲਈ ਤੁਸੀਂ ਲੈ ਸਕਦੇ ਹੋ। ਮੁਲਜ਼ਮ ਡਾਕਟਰ ਨੇ ਸੈਕਟਰ-63 ਵਿਚ ਫਲੈਟ ਨੰ.2075 ਦੇਣ ਦੀ ਗੱਲ ਕਹੀ। ਇਸ ਤੋਂ ਇਲਾਵਾ ਸ਼ਿਕਾਇਤਕਰਤਾ ਦੀ ਭੈਣ ਨੂੰ ਦੋ ਫਲੈਟ ਦੇਣ ਦੀ ਗੱਲ ਕਹੀ, ਜੋ 2050 ਅਤੇ 2047 ਦੱਸੇ ਸੀ। ਇਸ ਤੋਂ ਬਾਅਦ ਤਿੰਨਾਂ ਨੂੰ ਅਲਾਟਮੈਂਟ ਲੈਟਰ ਵੀ ਦੇ ਦਿੱਤੇ। ਰਜਿਸਟਰੀ ਖ਼ਰਚ ਦੇ ਲਈ 62 ਲੱਖ 92 ਹਜ਼ਾਰ 500 ਰੁਪਏ ਲਏ। ਇਸ ਤੋਂ ਬਾਅਦ ਮੁਲਜ਼ਮ ਡਾ. ਮੁਨੀਸ਼ ਸਟੈਂਪ ਅਤੇ ਦਸਤਖ਼ਤ ਕਰਵਾਉਣ ਦੀ ਗੱਲ ਕਹਿ ਕੇ ਡੀ. ਸੀ. ਅਤੇ ਅਸਟੇਟ ਦਫ਼ਤਰ ਵਿਚ ਗਿਆ, ਪਰ ਵਾਪਸ ਨਹੀਂ ਆਇਆ। ਇਸ ਤੋਂ ਬਾਅਦ ਫੋਨ ਚੁੱਕਣਾ ਵੀ ਬੰਦ ਕਰ ਦਿੱਤਾ। ਵਿਨੇ ਨੇ ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ।

# ਸਰਕਾਰੀ ਪ੍ਰਾਜੈਕਟ 'ਚ ਖ਼ੁਦਾਈ ਦੌਰਾਨ ਜ਼ਮੀਨ 'ਚੋਂ ਮਿਲੀਆਂ ਮਨੁੱਖੀ ਹੱਡੀਆਂ

ਕੌਮੀ ਪਤ੍ਰਿਕਾ

ਮਾਛੀਵਾੜਾ ਸਾਹਿਬ 12 ਸਤੰਬਰ। ਮਾਛੀਵਾੜਾ ਇਲਾਕੇ ਨੇੜੇ ਇਕ ਕਰੋੜਾਂ ਰੁਪਏ ਦੇ ਸਰਕਾਰੀ ਪ੍ਰਾਜੈਕਟ ਵਿਚ ਉਸ ਸਮੇਂ ਵੱਡੀ ਰੁਕਾਵਟ ਖੜ੍ਹੀ ਹੋ ਗਈ, ਜਦੋਂ ਖੁਦਾਈ ਦੌਰਾਨ ਜ਼ਮੀਨ ਹੇਠੋਂ ਮਨੁੱਖੀ ਹੱਡੀਆਂ ਮਿਲੀਆਂ ਅਤੇ ਕੰਮ ਕਰਨ ਵਾਲੇ ਕੁਝ ਮਜ਼ਦੂਰ ਬੀਮਾਰ ਹੋ ਕੇ ਅਨੋਖੀਆਂ ਹਰਕਤਾਂ ਕਰਨ ਲੱਗ ਪਏ। ਪ੍ਰਾਪਤ ਜਾਣਕਾਰੀ ਮੁਤਾਬਕ ਕੁਝ ਦਿਨ ਪਹਿਲਾਂ ਮਜ਼ਦੂਰਾਂ ਵੱਲੋਂ ਜੇ. ਸੀ. ਬੀ. ਮਸ਼ੀਨ ਰਾਹੀਂ ਪ੍ਰਾਜੈਕਟ ਲਈ ਜ਼ਮੀਨ ਵਿਚ ਡੂੰਘੀ ਖੁਦਾਈ ਕੀਤੀ ਜਾ ਰਹੀ ਸੀ। ਉੱਥੇ ਕੰਮ ਕਰਦੇ 2 ਮਜ਼ਦੂਰਾਂ ਨੂੰ ਕੁਝ ਥਾਵਾਂ ਤੋਂ ਮਨੁੱਖੀ ਹੱਡੀਆਂ ਵੀ ਮਿਲੀਆਂ, ਜਿਸ ਤੋਂ ਬਾਅਦ ਉਹ ਬੀਮਾਰ ਹੋ ਕੇ ਅਨੋਖੀਆਂ ਹਰਕਤਾਂ ਕਰਨ ਲੱਗ ਪਏ। ਮਜ਼ਦੂਰਾਂ ਨੂੰ ਡਾਕਟਰਾਂ ਕੋਲ ਵੀ ਇਲਾਜ ਲਈ ਲਿਆਂਦਾ ਗਿਆ ਪਰ ਉਨ੍ਹਾਂ ਦੀਆਂ ਅਨੋਖੀਆਂ ਹਰਕਤਾਂ ਬਰਕਰਾਰ ਰਹੀਆਂ। ਬੀਮਾਰ ਹੋਏ ਮਜ਼ਦੂਰ ਇਹ ਕਹਿਣ ਲੱਗ ਪਏ ਕਿ ਇਸ ਜ਼ਮੀਨ ਹੇਠਾਂ ਪਹਿਲਾਂ ਕਬਰਸਿਤਾਨ ਸੀ ਅਤੇ ਉਨ੍ਹਾਂ ਕੋਲੋਂ ਗਲਤੀ ਨਾਲ ਉੱਥੇ ਮਲਮੂਤਰ ਹੋ



ਗਿਆ, ਜਿਸ ਤੋਂ ਬਾਅਦ ਉਨ੍ਹਾਂ ਦੀ ਤਬੀਅਤ ਵਿਗੜ ਗਈ। 2 ਤੋਂ 3 ਦਿਨ ਪ੍ਰਾਜੈਕਟ ਦਾ ਕੰਮ ਬੰਦ ਰਹਿਣ ਕਾਰਨ ਮਜ਼ਦੂਰ ਸਹਿਮੇ ਰਹੇ ਅਤੇ ਫਿਰ ਇੱਕ ਮਜ਼ਦੂਰ ਵਲੋਂ ਉਸ ਜਗ?ਹਾ ਦੀ ਸਰੀਏ ਨਾਲ ਨਿਸ਼ਾਨਦੇਹੀ ਕਰਕੇ ਇਹ ਆਖਿਆ ਗਿਆ ਕਿ ਇਥੇ ਪੁਟਾਈ ਨਾ ਕੀਤੀ ਜਾਵੇ ਅਤੇ ਨਾ ਹੀ ਕੋਈ ਮਲਮੂਤਰ ਕੀਤਾ ਜਾਵੇ ਕਿਉਂਕਿ ਇਹ ਜਗ?ਹਾ ਪੁਰਾਤਨ ਸਮੇਂ ਤੋਂ ਕਿਸੇ ਬਜ਼ੁਰਗ ਦੀ ਕਬਰਸਿਤਾਨ ਹੈ। ਮਜ਼ਦੂਰਾਂ ਵੱਲੋਂ ਇਹ ਸਾਰਾ ਮਾਮਲਾ ਆਪਣੇ ਸਰਕਾਰੀ ਅਧਿਕਾਰੀਆਂ ਦੇ ਧਿਆਨ ਵਿਚ ਵੀ ਲਿਆਂਦਾ ਗਿਆ, ਜਿਨ੍ਹਾਂ ਵੱਲੋਂ ਖੁਦਾਈ ਕੀਤਾ ਟੋਇਆ ਭਰ ਦਿੱਤਾ ਅਤੇ ਉਸ ਤੋਂ ਬਾਅਦ ਅੱਗੇ ਪੁਟਾਈ ਸ਼ੁਰੂ ਕਰ ਦਿੱਤੀ। ਮਜ਼ਦੂਰਾਂ ਵੱਲੋਂ ਉਸ ਜਗ?ਹਾ 'ਤੇ ਇਕ ਮਜ਼ਾਰ ਬਣਾ ਦਿੱਤੀ ਅਤੇ ਉੱਥੇ ਰੋਜ਼ਾਨਾ ਹੁਣ ਧੂਫ਼ਬੱਤੀ ਅਤੇ ਮੱਥਾ ਟੇਕਿਆ ਜਾਂਦਾ ਹੈ। ਮਜ਼ਦੂਰਾਂ ਦਾ ਦਾਅਵਾ ਹੈ ਕਿ ਜਿਸ ਦਿਨ ਤੋਂ ਮਜ਼ਾਰ ਬਣੀ ਹੈ, ਉਸ ਤੋਂ ਬਾਅਦ ਇਥੇ ਕੋਈ ਅਣਹੋਣੀ ਘਟਨਾ ਨਹੀਂ ਵਾਪਰੀ ਅਤੇ ਜੋ ਮਜ਼ਦੂਰ ਜ਼ਿਆਦਾ ਬੀਮਾਰ ਹੋਏ ਸਨ, ਉਹ ਪਿੰਡ ਵਾਪਸ ਚਲੇ ਗਏ ਜਦਕਿ ਬਾਕੀ ਮਜ਼ਦੂਰ ਹੁਣ ਬਿਲਕੁਲ ਠੀਕ ਹਨ ਅਤੇ ਇਹ ਸਰਕਾਰੀ ਪ੍ਰਾਜੈਕਟ ਬਣੇ ਸੁਚਾਰੂ ਢੰਗ ਨਾਲ ਸ਼ੁਰੂ ਹੋ ਗਿਆ ਹੈ। ਇਹ ਅੰਧਵਿਸ਼ਵਾਸ ਹੈ ਜਾਂ ਕੋਈ ਗੈਬੀ ਸ਼ਕਤੀ ਇਸ ਸਬੰਧੀ ਲੋਕਾਂ ਦੀਆਂ ਵੱਖ-ਵੱਖ ਰਾਇ ਹਨ। ਮਾਛੀਵਾੜਾ ਇਲਾਕੇ ਵਿਚ ਬਣ ਰਹੇ ਕਰੋੜਾਂ ਰੁਪਏ ਦੇ ਸਰਕਾਰੀ ਪ੍ਰਾਜੈਕਟ ਨੇੜੇ ਹੀ ਇੱਕ ਪੁਰਾਤਨ ਪੀਰ ਦੀ ਦਰਗਾਹ ਹੈ ਜਿੱਥੇ ਕਈ ਸ਼ਰਧਾਲੂ ਨਤਮਸਤਕ ਹੋਣ ਲਈ ਜਾਂਦੇ ਹਨ। ਇਸ ਦਰਗਾਹ ਦੇ ਮੁੱਖ ਸੇਵਾਦਾਰ ਅਹਿਮਦ ਖਾਨ ਨੇ ਦੱਸਿਆ ਕਿ ਪ੍ਰੋਜੈਕਟ ਦੀ ਖੁਦਾਈ ਦੌਰਾਨ ਕੁਝ ਮਜ਼ਦੂਰ ਬੀਮਾਰ ਹੋ ਗਏ ਸਨ। ਉਨ੍ਹਾਂ ਦੱਸਿਆ ਕਿ ਸਾਰਾ ਇਲਾਕਾ ਪੁਰਾਤਨ ਸਮਿਆਂ ਦੌਰਾਨ ਪੁਰਾਣਾ ਕਬਰਸਿਤਾਨ ਸੀ ਜਿੱਥੇ ਮੁਸਲਮਾਨ ਭਾਈਚਾਰੇ ਦਾ ਕਬਰਸਿਤਾਨ ਤੇ ਹੋਰ ਰੱਬ ਦੇ ਵਲੀਆਂ ਦੀਆਂ ਦਰਗਾਹਾਂ ਵੀ ਹਨ। ਉਨ੍ਹਾਂ ਕਿਹਾ ਕਿ ਜਦੋਂ ਬੀਮਾਰ ਹੋਏ ਮਜ਼ਦੂਰ ਇੱਥੇ ਆਏ ਤਾਂ ਸਾਰਿਆਂ ਨੇ ਮਿਲ ਕੇ ਅਰਦਾਸ ਕੀਤੀ ਜਿਸ ਤੋਂ ਬਾਅਦ ਜ਼ਮੀਨ ਦੀ ਖੁਦਾਈ ਮਿੱਟੀ ਨਾਲ ਭਰ ਕੇ ਇੱਕ ਮਜ਼ਾਰ ਬਣਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਸਾਰੇ ਮਜ਼ਦੂਰ ਠੀਕ ਠਾਕ ਹਨ ਅਤੇ ਪ੍ਰਾਜੈਕਟ ਦਾ ਕੰਮ ਬੜੇ ਵਧੀਆ ਢੰਗ ਨਾਲ ਜਾਰੀ ਹੈ।

# ਪੰਜਾਬ 'ਚ ਜ਼ਿੰਦਾ ਰਹਿਣ ਲਈ ਹਰ ਵਿਅਕਤੀ ਨੂੰ ਦੇਣਾ ਪੈਂਦਾ ਹੈ 'ਪੈਰੇਲਲ ਗੁੰਡਾ ਟੈਕਸ': ਤਰੁਣ ਚੁੱਘ

ਕੌਮੀ ਪਤ੍ਰਿਕਾ

ਨਵੀਂ ਦਿੱਲੀ 12 ਸਤੰਬਰ। ਭਾਜਪਾ ਸੰਸਦ ਮੈਂਬਰ ਤਰੁਣ ਚੁੱਘ ਨੇ ਮੰਗਲਵਾਰ ਨੂੰ ਪੰਜਾਬ 'ਚ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖਾ ਹਮਲਾ ਕਰਦੇ ਹੋਏ ਉਸ 'ਤੇ ਗੈਂਗ ਕਲਚਰ, ਮਾਫੀਆ ਅਤੇ ਜ਼ਬਰਨ ਵਸੂਲੀ ਨੂੰ ਉਤਸ਼ਾਹ ਦੇਣ ਦਾ ਦੋਸ਼ ਲਗਾਇਆ। ਰਾਸ਼ਟਰੀ ਰਾਜਧਾਨੀ 'ਚ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਚੁੱਘ ਨੇ ਕਿਹਾ,''ਪੰਜਾਬ 'ਚ, ਭਗਵੰਤ ਮਾਨ ਸਰਕਾਰ ਅਰਵਿੰਦ ਕੇਜਰੀਵਾਲ ਦੇ ਇਸ਼ਾਰੇ 'ਤੇ ਪੂਰੇ ਸੂਬੇ 'ਚ ਲਗਾਤਾਰ ਗੈਂਗ ਕਲਚਰ, ਮਾਫੀਆ ਅਤੇ ਜ਼ਬਰਨ ਵਸੂਲੀ ਦੇ ਕਲਚਰ ਨੂੰ ਉਤਸ਼ਾਹ ਦੇ ਰਹੀ ਹੈ।'' ਉਨ੍ਹਾਂ ਦੋਸ਼ ਲਗਾਇਆ,''ਉਹ ਅਪਰਾਧਕ ਗਤੀਵਿਧੀਆਂ, ਮਾਫੀਆ ਅਤੇ ਗੈਂਗਸਟਰਾਂ ਨੂੰ ਸੰਸਥਾਗਤ ਰੂਪ ਦੇ ਰਹੇ ਹਨ, ਜਿਸ ਕਾਰਨ ਅੱਜ ਪੂਰਾ ਪੰਜਾਬ ਰਾਜ ਡਰ ਦੇ ਮਾਹੌਲ 'ਚ ਜੀ ਰਿਹਾ ਹੈ। ਇਸ ਸਰਕਾਰ ਦੇ ਗਠਨ ਤੋਂ ਬਾਅਦ ਪੰਜਾਬ 'ਚ ਪਹਿਲੀ ਵਾਰ ਸੰਗਠਿਤ ਜ਼ਬਰਨ ਵਸੂਲੀ ਸ਼ੁਰੂ ਹੋਈ ਹੈ। ਚੁੱਘ ਨੇ ਕਿਹਾ ਕਿ ਇਸ ਦੇ ਨਤੀਜੇ ਹਰ ਵਰਗ 'ਚ ਦਿਖਾਈ ਦੇ ਰਹੇ ਹਨ,''ਪੰਜਾਬ 'ਚ ਹਰ ਉਦਯੋਗਤੀ, ਹਰ ਵਪਾਰੀ, ਹਰ ਡਾਕਟਰ, ਹਰ ਹਸਪਤਾਲ ਪ੍ਰਸ਼ਾਸਨ, ਹਰ ਵਕੀਲ, ਹਰ ਵੱਡੇ ਕਿਸਾਨ, ਇੱਥੋਂ ਤੱਕ ਕਿ ਨਵੀਂ ਗੱਡੀ ਖਰੀਦਣ ਵਾਲੇ ਕਿਸੇ ਵੀ ਵਿਅਕਤੀ ਨੂੰ ਫੋਨ ਆਉਂਦਾ ਹੈ। ਇਨ੍ਹਾਂ ਫੋਨ ਰਾਹੀਂ ਜ਼ਬਰਨ ਵਸੂਲੀ ਲਈ ਪੈਸਿਆਂ ਦੀ ਮੰਗ ਕੀਤੀ ਜਾਂਦੀ ਹੈ।'' ਰਾਜ 'ਚ ਇਕ ਸਮਾਨ ਵਿਵਸਥਾ ਦਾ ਦੋਸ਼ ਲਗਾਉਂਦੇ ਹੋਏ ਉਨ੍ਹਾਂ ਕਿਹਾ,''ਗੈਂਗਸਟਰ ਲਗਾਤਾਰ ਪੰਜਾਬ ਦੀ ਸ਼ਾਂਤੀ ਨਾਲ ਖਿਲਵਾੜ ਕਰ ਰਹੇ ਹਨ। ਜ਼ਿੰਦਾ ਰਹਿਣ ਅਤੇ ਸੁਰੱਖਿਅਤ ਰਹਿਣ ਲਈ ਹਰ ਵਿਅਕਤੀ ਨੂੰ 'ਪੈਰੇਲਲ ਗੁੰਡਾ ਟੈਕਸ' ਦੇਣਾ ਪੈਂਦਾ ਹੈ... ਪੰਜਾਬ 'ਚ ਇਕ ਸਮਾਨਾਂਤਰ ਅਰਥਵਿਵਸਥਾ ਚੱਲ ਰਹੀ ਹੈ। ਪੰਜਾਬ 'ਚ ਇਕ ਸਮਾਨਾਂਤਰ ਸਰਕਾਰੀ ਵਿਵਸਥਾ ਹੈ। ਲੋਕ ਬੇਬੱਸ



ਹਨ।'' ਉਨ੍ਹਾਂ ਅੱਗੇ ਕਿਹਾ,''ਲੋਕ ਆਪਣੇ ਪਰਿਵਾਰਾਂ, ਆਪਣੇ ਬੱਚਿਆਂ, ਆਪਣੇ ਕਾਰੋਬਾਰ ਅਤੇ ਆਪਣੇ ਘਰਾਂ ਨੂੰ ਲੈ ਕੇ ਡਰੇ ਹੋਏ ਹਨ। ਫਰਵਰੀ 2022 'ਚ ਮਾਹੌਲ ਅਜਿਹਾ ਹੋ ਗਿਆ ਹੈ ਕਿ ਗੈਂਗਸਟਰ, ਮਾਫੀਆ ਅਤੇ ਜ਼ਬਰਨ ਵਸੂਲੀ ਕਰਨ ਵਾਲੇ ਲੋਕ ਭਗਵੰਤ ਮਾਨ ਦੀ ਸਰਕਾਰ ਦਾ ਹਿੱਸਾ ਬਣ ਗਏ ਹਨ।'' ਉਨ੍ਹਾਂ ਕਿਹਾ ਕਿ ਗੈਂਗਸਟਰ ਪਿਛੋਕੜ ਵਾਲੇ ਜਿਸ ਵਿਅਕਤੀ ਤੋਂ ਕਦੇ ਪੰਜਾਬ ਦੀ ਜਨਤਾ ਡਰਦੀ ਸੀ, ਉਸ ਨੂੰ ਹੀ 'ਆਪ' 'ਚ ਸ਼ਾਮਲ ਕਰ ਕੇ ਸਿਆਸੀ ਮੰਚ ਦਿੱਤਾ ਜਾ ਰਿਹਾ ਹੈ। ਇਹੀ ਹੈ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਜੀ ਦੀ ਅਸਲੀ 'ਬਦਲਾਅ' ਵਾਲੀ ਰਾਜਨੀਤੀ। ਜਿਸ ਪੰਜਾਬ ਨੂੰ ਗੈਂਗਸਟਰਾਂ ਅਤੇ ਮਾਫ਼ੀਆ ਰਾਜ ਤੋਂ ਮੁਕਤ ਕਰਨ ਦਾ ਦਾਅਵਾ ਕੀਤਾ ਸੀ, ਅੱਜ ਉਸੇ ਪੰਜਾਬ 'ਚ ਮਾਫ਼ੀਆ ਨੂੰ ਸਿਆਸੀ ਸਰਪ੍ਰਸਤੀ ਦਿੱਤੀ ਜਾ ਰਹੀ ਹੈ। ਚੁੱਘ ਨੇ ਇਕ ਤਸਵੀਰ ਦਿਖਾਉਂਦੇ ਹੋਏ ਦੋਸ਼ ਲਗਾਇਆ ਕਿ ਅਪਰਾਧਕ ਪਿਛੋਕੜ ਵਾਲਾ ਇਕ ਵਿਅਕਤੀ ਭਾਜਪਾ ਨੂੰ ਡਰਾਉਣ ਲਈ ਉਨ੍ਹਾਂ ਦੇ ਘਰ ਦਾ ਹਿੱਸਾ ਸੀ। ਉਨ੍ਹਾਂ ਕਿਹਾ,''ਮੈਂ ਤੁਹਾਨੂੰ ਇਕ ਫੋਟੋ ਦਿਖਾ ਰਿਹਾ ਹਾਂ। ਇਹ ਮੇਰੇ ਘਰ ਦੇ ਬਾਹਰ ਹੋ ਰਿਹਾ ਇਕ ਪ੍ਰਦਰਸ਼ਨ ਹੈ... ਜਿਸ ਵਿਅਕਤੀ ਦੇ ਹੱਥ 'ਚ ਆਮ ਆਦਮੀ ਪਾਰਟੀ ਦਾ ਝੰਡਾ ਹੈ... ਉਸ ਦਾ ਨਾਂ ਕਮਲ ਬੋਰੀ ਹੈ.. ਮੈਂ ਉਸ ਦੇ ਅਪਰਾਧਾਂ ਦੀ ਇਕ ਲੰਬੀ ਸੂਚੀ ਬਣਾਈ ਹੈ... ਪੰਜਾਬ ਪੁਲਸ ਦਾ ਮੰਨਣਾ ਹੈ ਕਿ ਉਹ ਪੂਰੀ ਤਰ੍ਹਾਂ ਨਾਲ ਮਾਫ਼ੀਆ ਦਾ ਕੰਮ ਕਰਦਾ ਹੈ, ਇਕ ਗੈਂਗ ਚਲਾਉਂਦਾ ਹੈ

# ਪਿੰਡ ਕੁੱਬਾ ਦੇ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਿਚ ਸਿਆਸੀ ਸ਼ਹਿ 'ਤੇ ਦਖ਼ਲਅੰਦਾਜ਼ੀ ਦੀ ਐਡਵੋਕੇਟ ਧਾਮੀ ਨੇ ਕੀਤੀ ਨਿੰਦਾ

ਅੰਮ੍ਰਿਤਸਰ 12 ਸਤੰਬਰ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੁਝ ਲੋਕਾਂ ਵੱਲੋਂ ਬਰਨਾਲਾ ਜ਼ਿਲੇ ਦੇ ਪਿੰਡ ਕੁੱਬਾ ਦੇ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਿਚ ਸਿਆਸੀ ਸ਼ਹਿ ਤੇ ਦਖ਼ਲ ਅੰਦਾਜੀ ਕੀਤੇ ਜਾਣ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਾਹਮਣੇ ਆਈ ਜਾਣਕਾਰੀ ਅਨੁਸਾਰ ਗੁਰਦੁਆਰਾ ਸਾਹਿਬ ਦੀ ਕਮੇਟੀ ਨਾਲ ਸਬੰਧਤ ਮਾਮਲੇ ਵਿਚ ਹਲਕਾ ਵਿਧਾਇਕ ਦੀ ਸ਼ਹਿ 'ਤੇ ਕੁਝ ਲੋਕਾਂ ਵੱਲੋਂ ਜ਼ਬਰਦਸਤੀ ਕਰਦਿਆਂ ਇੱਕ ਗੁਰਸਿੱਖ ਮੈਂਬਰ ਦੀ ਦਾੜ੍ਹੀ ਦੀ ਬੇਅਦਬੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਬੇਹੱਦ ਘਨੌਣੀ ਹਰਕਤ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਸਿੱਖ ਸੰਗਤ ਦੀ ਆਸਥਾ ਦਾ ਕੇਂਦਰ ਹਨ, ਜਿੱਥੇ ਦਾ ਪ੍ਰਬੰਧ ਸੰਗਤ ਦੀ ਸਹਿਮਤੀ, ਗੁਰਮਤਿ ਮਰਯਾਦਾ ਅਨੁਸਾਰ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿਆਸੀ ਪ੍ਰਭਾਵ ਜਾਂ ਤਾਕਤ ਦੇ ਜ਼ੋਰ 'ਤੇ ਗੁਰਦੁਆਰਾ ਪ੍ਰਬੰਧਾਂ ਵਿੱਚ ਦਖ਼ਲ ਦੇਣਾ ਸਿੱਖ ਸੰਸਥਾਵਾਂ ਦੀ ਆਜ਼ਾਦੀ ਅਤੇ ਧਾਰਮਿਕ ਮਰਿਆਦਾ ਨੂੰ ਚਨੌਤੀ ਦੇਣਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਅਜਿਹੇ ਲੋਕਾਂ ਨੂੰ ਰੋਕਣ



ਦੀ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਗੁਰਸਿੱਖ ਵਿਅਕਤੀ ਦੇ ਕੇਸਾਂ ਦੀ ਬੇਅਬਦੀ ਕਰਨ ਵਾਲਿਆਂ ਖ਼?ਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ।

# ਪੰਜਾਬ 'ਚ ਸਵਾਈਲ ਫਲੂ ਦਾ ਵੱਧ ਰਿਹਾ ਕਹਿਰ, ਅੰਮ੍ਰਿਤਸਰ 'ਚ 15 ਮਾਮਲੇ ਪਾਜ਼ੇਟਿਵ, ਮਾਮੂਲੀ ਨਾ ਸਮਝੋ ਇਹ ਲੱਛਣ

ਕੌਮੀ ਪਤ੍ਰਿਕਾ

ਅੰਮ੍ਰਿਤਸਰ 12 ਸਤੰਬਰ। ਅੰਮ੍ਰਿਤਸਰ 'ਚ ਸਵਾਈਨ ਫਲੂ ਨੇ ਸਿਹਤ ਵਿਭਾਗ ਦੀ ਚਿੰਤਾ ਵਧਾ ਦਿੱਤੀ ਹੈ। ਜ਼ਿਲੇ 'ਚ ਹੁਣ ਤੱਕ 15 ਮਾਮਲੇ ਪਾਜ਼ੇਟਿਵ ਸਾਹਮਣੇ ਆਉਣ ਤੋਂ ਬਾਅਦ ਸਿਹਤ ਵਿਭਾਗ ਅਤੇ ਸਰਕਾਰੀ ਮੈਡੀਕਲ ਕਾਲਜ ਪ੍ਰਸ਼ਾਸਨ ਨੇ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਇਕ ਪਾਸੇ ਖੰਘ, ਜ਼ੁਕਾਮ ਅਤੇ ਬੁਖ਼ਾਰ ਵਰਗੇ ਲੱਛਣਾਂ ਵਾਲੇ ਮਰੀਜ਼ਾਂ ਦੀ ਜਾਂਚ 'ਤੇ ਨਜ਼ਰ ਰੱਖੀ ਜਾ ਰਹੀ ਹੈ, ਉੱਥੇ ਦੂਜੇ ਪਾਸੇ ਕਿਸੇ ਵੀ ਗੰਭੀਰ ਸਥਿਤੀ ਨਾਲ ਨਜਿੱਠਣ ਲਈ ਹਸਪਤਾਲਾਂ 'ਚ ਆਈਸੋਲੇਸ਼ਨ ਦੀ ਵਿਵਸਥਾ ਮਜ਼ਬੂਤ ਕੀਤੀ ਗਈ ਹੈ। ਗੁਰੂ ਨਾਨਕ ਦੇਵ ਹਸਪਤਾਲ ਅਤੇ ਜ਼ਿਲਾ ਪੱਧਰੀ ਸਿਵਲ ਹਸਪਤਾਲ 'ਚ ਵਿਸ਼ੇਸ਼ ਆਈਸੋਲੇਸ਼ਨ ਵਾਰਡ ਤਿਆਰ ਰੱਖੇ ਗਏ ਹਨ ਅਤੇ ਸੀਨੀਅਰ ਡਾਕਟਰਾਂ ਨੂੰ ਡਿਊਟੀ 'ਤੇ ਮੁਸਤੈਦ ਰਹਿਣ ਦੇ ਹੁਕਮ ਜਾਰੀ ਕੀਤੇ ਗਏ ਹਨ। ਸਿਹਤ ਵਿਭਾਗ ਪਹਿਲਾਂ ਹੀ ਆਈ. ਐੱਲ. ਆਈ. ਅਤੇ ਐੱਸ. ਏ. ਆਰ. ਆਈ. ਮਾਮਲਿਆਂ ਦੀ ਨਿਗਰਾਨੀ ਵਧਾਉਣ, ਸ਼ੱਕੀ ਮਰੀਜ਼ਾਂ ਦੀ ਜਾਂਚ ਅਤੇ ਲੋੜ ਪੈਣ 'ਤੇ ਸੈਂਪਲ ਟੈਸਟ ਕਰਵਾਉਣ ਦੇ ਹੁਕਮ ਜਾਰੀ ਕਰ ਚੁੱਕਿਆ ਹੈ। ਜਾਣਕਾਰੀ ਅਨੁਸਾਰ ਜ਼ਿਲੇ 'ਚ ਸਵਾਈਨ ਫਲੂ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਸਿਹਤ ਵਿਭਾਗ ਵੱਲੋਂ ਸਰਕਾਰੀ ਸਿਹਤ ਸੰਸਥਾਵਾਂ 'ਚ ਨਿਗਰਾਨੀ ਵਧਾਈ ਗਈ ਹੈ। ਖੰਘ, ਬੁਖ਼ਾਰ, ਗਲੇ 'ਚ ਦਰਦ, ਜ਼ੁਕਾਮ ਜਾਂ ਸਾਹ ਸਬੰਧੀ ਸਮੱਸਿਆਵਾਂ ਵਾਲੇ ਮਰੀਜ਼ਾਂ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਖ਼ਾਸ ਤੌਰ 'ਤੇ ਅਜਿਹੇ ਮਰੀਜ਼ਾਂ ਦੀ ਪਛਾਣ ਕਰਨ 'ਤੇ ਜ਼ੋਰ ਹੈ ਜਿਨ੍ਹਾਂ ਦੀ ਹਾਲਤ ਗੰਭੀਰ ਹੋ ਰਹੀ ਹੋਵੇ ਜਾਂ ਜਿਨ੍ਹਾਂ ਨੂੰ ਸਾਹ ਲੈਣ 'ਚ ਤਕਲੀਫ਼ ਆ ਰਹੀ ਹੋਵੇ। ਲੋੜ ਅਨੁਸਾਰ ਅਜਿਹੇ ਮਰੀਜ਼ਾਂ ਨੂੰ ਉੱਚ ਪੱਧਰੀ ਸਿਹਤ ਸੰਸਥਾ 'ਚ ਰੈਫਰ ਕਰਨ ਦੇ ਪ੍ਰਬੰਧ ਵੀ ਕੀਤੇ ਗਏ ਹਨ। ਸਿਹਤ ਵਿਭਾਗ ਵੱਲੋਂ ਜ਼ਿਲੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ 'ਚ ਫਲੂ ਵਰਗੇ ਲੱਛਣਾਂ ਵਾਲੇ ਮਰੀਜ਼ਾਂ ਦੀ ਪਛਾਣ ਅਤੇ ਜਾਂਚ ਲਈ ਫਲੂ ਕਾਰਨਰ ਦੀ ਵਿਵਸਥਾ ਕੀਤੀ ਗਈ ਹੈ। ਪਹਿਲਾਂ ਦਿੱਤੀ ਜਾਣਕਾਰੀ ਮੁਤਾਬਕ ਅੰਮ੍ਰਿਤਸਰ ਜ਼ਿਲੇ 'ਚ ਲੱਗਭਗ 205 ਸਰਕਾਰੀ ਸਿਹਤ ਸੰਸਥਾਵਾਂ ਇਸ ਨਿਗਰਾਨੀ ਪ੍ਰਬੰਧ ਨਾਲ ਜੋੜੀਆਂ ਗਈਆਂ ਹਨ। ਇਸ ਦਾ ਮਕਸਦ ਇਹ ਹੈ ਕਿ ਫਲੂ ਵਰਗੇ ਲੱਛਣਾਂ ਵਾਲੇ ਮਰੀਜ਼ ਦੀ ਸ਼ੁਰੂਆਤੀ ਪੱਧਰ 'ਤੇ ਪਛਾਣ ਹੋਵੇ ਅਤੇ ਜੇਕਰ ਡਾਕਟਰ ਨੂੰ ਸਵਾਈਨ ਫਲੂ ਦਾ ਸ਼ੱਕ ਹੋਵੇ ਤਾਂ ਮਰੀਜ਼ ਦੀ ਸਥਿਤੀ ਅਨੁਸਾਰ ਅਗਲੀ ਜਾਂਚ ਅਤੇ ਇਲਾਜ ਕੀਤਾ ਜਾ ਸਕੇ। ਗੁਰੂ ਨਾਨਕ ਦੇਵ ਹਸਪਤਾਲ 'ਚ ਲੱਗਭਗ 30 ਬੈੱਡਾਂ ਦਾ ਵਿਸ਼ੇਸ਼ ਆਈਸੋਲੇਸ਼ਨ ਵਾਰਡ ਤਿਆਰ ਹੋਣ ਦੀ ਜਾਣਕਾਰੀ ਹੈ। ਇਸ ਤੋਂ ਇਲਾਵਾ ਜ਼ਿਲਾ ਪੱਧਰੀ ਸਿਵਲ ਹਸਪਤਾਲ 'ਚ ਵੀ ਆਈਸੋਲੇਸ਼ਨ ਦੀ ਵਿਵਸਥਾ ਕੀਤੀ ਗਈ ਹੈ। ਹਸਪਤਾਲ ਪ੍ਰਸ਼ਾਸਨ ਵੱਲੋਂ ਸੀਨੀਅਰ ਡਾਕਟਰਾਂ ਨੂੰ ਡਿਊਟੀ 'ਤੇ ਤਾਇਨਾਤ ਰੱਖਣ ਦੇ ਹੁਕਮ ਦਿੱਤੇ ਗਏ ਹਨ, ਤਾਂ ਜੋ ਕਿਸੇ ਮਰੀਜ਼ ਦੀ ਹਾਲਤ ਗੰਭੀਰ ਹੋਣ 'ਤੇ ਤੁਰੰਤ ਡਾਕਟਰੀ ਫੈਸਲਾ ਲਿਆ ਜਾ ਸਕੇ। ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਧਿਕਾਰੀ ਡਾਕਟਰ ਰਜਨੀਸ਼ ਕੁਮਾਰ ਦੇ ਅਨੁਸਾਰ ਸਿਹਤ ਵਿਭਾਗ ਦੀ ਐਡਵਾਈਜ਼ਰੀ 'ਚ ਓਸੈਲਟਾਮਿਵਿਰ ਵਰਗੀਆਂ ਐਂਟੀਵਾਇਰਲ ਦਵਾਈਆਂ, ਆਕਸੀਜਨ, ਵੈਂਟੀਲੇਟਰ ਸਹਾਇਤਾ ਅਤੇ ਹੋਰ ਜ਼ਰੂਰੀ ਸਾਮਾਨ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਵੀ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ 'ਚ ਪੁਖਤਾ ਪ੍ਰਬੰਧ ਕੀਤੇ ਗਏ ਹਨ। ਸਰਕਾਰੀ ਟੀ. ਬੀ. ਹਸਪਤਾਲ ਦੇ ਡਾਕਟਰ ਵਿਸ਼ਾਲ ਵਰਮਾ ਦੇ ਅਨੁਸਾਰ ਸਵਾਈਨ ਫਲੂ ਆਮ ਤੌਰ 'ਤੇ ਇਨਫਲੂਐਂਜ਼ਾ-ਏ ਦੇ ਐੱਚ. 1, ਐੱਨ. 1. ਵਾਇਰਸ ਨਾਲ ਹੋਣ




ਵਾਲੀ ਸਾਹ ਸਬੰਧੀ ਲਾਗ ਹੈ। ਇਸ ਦੇ ਲੱਛਣ ਆਮ ਫਲੂ ਨਾਲ ਮਿਲਦੇ-ਜੁਲਦੇ ਹੋ ਸਕਦੇ ਹਨ। ਸੰਕਰਮਿਤ ਵਿਅਕਤੀ ਦੇ ਖੰਘਣ, ਛਿੱਕਣ ਜਾਂ ਨੇੜੇ ਰਹਿ ਕੇ ਗੱਲ ਕਰਨ ਦੌਰਾਨ ਨਿਕਲਣ ਵਾਲੀਆਂ ਸਾਹ ਦੀਆਂ ਬੂੰਦਾਂ ਰਾਹੀਂ ਵਾਇਰਸ ਫੈਲ ਸਕਦਾ ਹੈ। ਸੰਕਰਮਿਤ ਸਤਹ ਨੂੰ ਛੂਹਣ ਤੋਂ ਬਾਅਦ ਬਿਨਾਂ ਹੱਥ ਸਾਫ਼ ਕੀਤੇ ਅੱਖਾਂ, ਨੱਕ ਜਾਂ ਮੂੰਹ ਨੂੰ ਛੂਹਣਾ ਵੀ ਲਾਗ ਫੈਲਣ ਦਾ ਕਾਰਨ ਬਣ ਸਕਦਾ ਹੈ। ਬੁਖ਼ਾਰ, ਖੰਘ, ਗਲੇ 'ਚ ਦਰਦ, ਨੱਕ ਵਗਣਾ/ਬੰਦ ਹੋਣਾ, ਸਿਰ ਦਰਦ, ਸਰੀਰ 'ਚ ਦਰਦ, ਬਹੁਤ ਜ਼ਿਆਦਾ ਥਕਾਵਟ ਵਰਗੇ ਲੱਛਣ ਹੋ ਸਕਦੇ ਹਨ। ਕੁਝ ਮਰੀਜ਼ਾਂ 'ਚ ਉਲਟੀ ਜਾਂ ਦਸਤ ਵੀ ਹੋ ਸਕਦੇ ਹਨ। ਜੇਕਰ ਸਾਹ ਲੈਣ 'ਚ ਤਕਲੀਫ਼, ਛਾਤੀ 'ਚ ਦਰਦ, ਬਹੁਤ ਜ਼ਿਆਦਾ ਕਮਜ਼ੋਰੀ ਜਾਂ ਹਾਲਤ ਲਗਾਤਾਰ ਵਿਗੜ ਰਹੀ ਹੋਵੇ ਤਾਂ ਤੁਰੰਤ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ। ਹਰ ਬੁਖ਼ਾਰ ਜਾਂ ਖੰਘ ਸਵਾਈਨ ਫਲੂ ਨਹੀਂ ਹੁੰਦਾ। ਸਹੀ ਪਛਾਣ ਲਈ ਡਾਕਟਰੀ ਜਾਂਚ ਅਤੇ ਲੋੜ ਅਨੁਸਾਰ ਲੈਬ ਟੈਸਟ ਜ਼ਰੂਰੀ ਹਨ। ਸਰਕਾਰੀ ਟੀ. ਬੀ. ਹਸਪਤਾਲ ਦੇ ਡਾਕਟਰ ਦਲਜੀਤ ਸਿੰਘ ਦੇ ਅਨੁਸਾਰ ਖੰਘ, ਬੁਖ਼ਾਰ ਅਤੇ ਸਾਹ ਸਬੰਧੀ ਲੱਛਣ ਕਈ ਬਿਮਾਰੀਆਂ 'ਚ ਹੋ ਸਕਦੇ ਹਨ। ਇਸ ਲਈ ਸਿਰਫ਼ ਲੱਛਣਾਂ ਦੇ ਆਧਾਰ 'ਤੇ ਖ਼ੁਦ ਕੋਈ ਨਤੀਜਾ ਕੱਢਣ ਦੀ ਬਜਾਏ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਜੇਕਰ ਸਾਹ ਲੈਣ 'ਚ ਤਕਲੀਫ਼ ਵਧੇ ਜਾਂ ਮਰੀਜ਼ ਦੀ ਹਾਲਤ ਵਿਗੜੇ ਤਾਂ ਤੁਰੰਤ ਹਸਪਤਾਲ ਪਹੁੰਚਣਾ ਜ਼ਰੂਰੀ ਹੈ। ਫਲੂ ਵਰਗੇ ਲੱਛਣਾਂ ਵਾਲੇ ਮਰੀਜ਼ਾਂ ਦੀ ਸ਼ੁਰੂਆਤੀ ਜਾਂਚ ਬਹੁਤ ਮਹੱਤਵਪੂਰਨ ਹੈ। ਜੇਕਰ ਮਰੀਜ਼ ਦੀ ਹਾਲਤ ਗੰਭੀਰ ਹੋਵੇ ਤਾਂ ਉਸ ਨੂੰ ਸਮੇਂ ਸਿਰ ਨਿਗਰਾਨੀ, ਆਈਸੋਲੇਸ਼ਨ ਅਤੇ ਲੋੜੀਂਦਾ ਇਲਾਜ ਮਿਲਣਾ ਚਾਹੀਦਾ ਹੈ। ਹਸਪਤਾਲ 'ਚ ਤਿਆਰ ਕੀਤੀਆਂ ਸਹੂਲਤਾਂ ਦਾ ਮਕਸਦ ਕਿਸੇ ਵੀ ਗੰਭੀਰ ਸਥਿਤੀ ਨਾਲ ਤੁਰੰਤ ਨਜਿੱਠਣਾ ਹੈ। ਸਰਕਾਰੀ ਮੈਡੀਕਲ ਕਾਲਜ ਦੇ ਸੀਨੀਅਰ ਡਾਕਟਰ ਸੰਦੀਪ ਮਹਾਜਨ ਅਨੁਸਾਰ ਸਾਹ ਸਬੰਧੀ ਇਨਫੈਕਸ਼ਨਾਂ ਤੋਂ ਬਚਾਅ ਲਈ ਨਿੱਜੀ ਸਫਾਈ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਅਨੁਸਾਰ ਹੱਥਾਂ ਨੂੰ ਵਾਰ-ਵਾਰ ਸਾਫ਼ ਕਰਨਾ, ਖੰਘਣ ਜਾਂ ਛਿੱਕਣ ਸਮੇਂ ਮੂੰਹ ਢੱਕਣਾ ਅਤੇ ਬੀਮਾਰ ਹੋਣ ਦੀ ਸੂਰਤ 'ਚ ਦੂਜਿਆਂ ਦੇ ਬਹੁਤ ਨੇੜੇ ਜਾਣ ਤੋਂ ਬਚਣਾ ਚਾਹੀਦਾ ਹੈ।